# ਵਰਿਆਮ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ੨੦੦ ਸਾਲਾ
ਪ੍ਰਕਾਸ਼ ਪੁਰਬ ਵਿਸ਼ੇਸ਼ ਅੰਕ

੪੧ਵਾਂ ਸਾਲ

ਫਰਵਰੀ-੨੦੧੬



ਸਿੱਖੀ ਬਾਗ ਖਿਜ਼ਾਂ ਜਦ ਗ੍ਰਸਿਆ ਭਯੋ ਪਤ੍ਰ ਬਿਨ ਸਾਜੋਂ
ਰੂਪ ਬਸੰਤ ਦਾ ਧਾਰਕੇ ਬਾਬਾ ਦਿਨ ਬਸੰਤ ਦੇ ਆਯਾ

-ਭਾਈ ਕਾਨ੍ਹ ਸਿੰਘ ਨਾਭਾ

50/-

Namdhari Elibrary NamdhariElibrary@gmail.com



ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥

ਸ੍ਰੀਮਤੀ ਬਖਸ਼ੀਸ਼ ਕੌਰ ਸੁਪਤਨੀ ਸੰਤ ਜਗਦੀਸ਼ ਸਿੰਘ ਵਰਿਆਮ

1941 ਤੋਂ 2016

Namdhari Elibrary NamdhariElibrary@gmail.com


ਸ੍ਰੀ ਸਤਿਗੁਰੂ ਰਾਮ ਸਿੰਘ ਜੀ




# ਸ੍ਰੀ ਸਤਿਗੁਰੂ ਰਾਮ ਸਿੰਘ ਜੀ



Namdhari Elibrary NamdhariElibrary@gmail.com



ਸਿੱਖਾਂ ਨੂੰ ਪ੍ਰਭੂ ਭਗਤੀ ਤੇ ਦੇਸ਼ ਭਗਤੀ ਦੇ ਮਾਰਗ ਚਲਾਉਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ



Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ 12 ਅਪ੍ਰੈਲ 1857 ਈ. ਨੂੰ ਸਿੱਖੀ ਦੀ ਪੁਨਰ ਸਾਜਨਾ ਕਰਕੇ ਅਮਨ ਅਤੇ ਅਜ਼ਾਦੀ ਦਾ ਪ੍ਰਤੀਕ ਝੰਡਾ ਝੁਲਾਉਣ ਦੀ ਕ੍ਰਿਪਾ ਕਰਦੇ ਹੋਏ।



Namdhari Elibrary NamdhariElibrary@gmail.com



੩੧ ਮਈ ੧੮੬੩ ਈ. ਨੂੰ ਪਿੰਡ ਸਿਆੜ੍ਹ ਜ਼ਿਲਾ ਲੁਧਿਆਣਾ ਵਿਖੇ ਬੀਬੀਆਂ ਨੂੰ ਪਹਿਲੀ ਵਾਰ ਅੰਮ੍ਰਿਤ ਛਕਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਦਾ ਮਾਣ ਵਧਾਇਆ। ਸਿੱਖ ਇਤਿਹਾਸ ਅਨੁਸਾਰ ਇਸ ਤੋਂ ਪਹਿਲਾਂ ਬੀਬੀਆਂ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਜਾਂਦਾ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ੧੨ ਅਪਰੈਲ ੧੮੫੭ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਗਿਆ।



Namdhari Elibrary NamdhariElibrary@gmail.com






Namdhari Elibrary NamdhariElibrary@gmail.com



ਪ੍ਰਦੇਸ-ਗਵਨ ਸਤਿਗੁਰੂ ਰਾਮ ਸਿੰਘ ਜੀ ਨੂੰ ਬੰਗਾਲ ਰੈਗੂਲੇਸ਼ਨ ਐਕਟ, 1818 ਧਾਰਾ 3 ਤਹਿਤ 17 ਜਨਵਰੀ 1872 ਈ. ਨੂੰ ਅੰਗਰੇਜ਼ ਸਰਕਾਰ ਨੇ ਜਲਾਵਤਨੀ ਦਾ ਫੁਰਮਾਨ ਜਾਰੀ ਕਰ ਦਿੱਤਾ। ਭੈਣੀ ਸਾਹਿਬ ਤੋਂ ਇਲਾਹਾਬਾਦ, ਕਲੱਕਤਾ ਅਤੇ ਫੇਰ ਬਰਮਾ ਵਿਖੇ ਸ਼ਾਹੀ ਕੈਦੀ ਦੇ ਤੌਰ ਤੇ ਪਹੁੰਚਾ ਦਿੱਤਾ। ਸ੍ਰੀ ਭੈਣੀ ਸਾਹਿਬ ਤੋਂ ਗੱਡੇ ਤੇ ਰਵਾਨਗੀ ਦਾ ਦ੍ਰਿਸ਼ ਸੰਗਤ ਦਾ ਵੈਰਾਗ।



Namdhari Elibrary NamdhariElibrary@gmail.com




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਦੇਸ਼ ਨੂੰ ਰਵਾਨਗੀ , ੫ ਮਾਘ-18 ਜਨਵਰੀ 1872
ਨੂੰ ਪ੍ਰਯਾਗਰਾਜ (ਅਲਾਹਾਬਾਦ) ਲਈ ਰੇਲਗੱਡੀ ਤੇ ਲੁਧਿਆਣਾ ਸਟੇਸ਼ਨ ਤੋਂ ਸਵਾਰ ਹੋਣ ਦਾ ਦ੍ਰਿਸ਼।



ਮਰਗੋਈ (ਬਰਮਾ) ਵਿੱਖੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਲਈ ਜੰਗਲਾ ਟੱਪ ਕੇ ਜਾਂਦਾ ਸੰਤ ਮੀਆਂ ਸਿੰਘ



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਦੀਨ ਦੁਨੀ ਦੇ ਵਾਲੀ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਦੇ ੨੦੦ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਗਤਾਂ,
ਦੇਸ਼ ਭਗਤਾਂ ਤੇ ਮਨੁੱਖਤਾ ਦਾ ਭਲਾ ਚਾਹੁਣ ਵਾਲਿਆਂ ਨੂੰ

## ਲੱਖ ਲੱਖ ਵਧਾਈ





ਸ੍ਰੀ ਸਤਿਗੁਰੂ ਉਦੈ ਸਿੰਘ ਜੀ
ਪੈਟਰਨ, ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਸੁਸਾਇਟੀ



ਸਰਦਾਰ ਜਗਤਾਰ ਸਿੰਘ ਜੀ
ਚੇਅਰਮੈਨ, ਸ੍ਰੀ ਗੁਰੂ ਹਰੀ ਸਿੰਘ
ਮਹਾਂਵਿਦਿਆਲਾ ਸੁਸਾਇਟੀ

ਵੱਲੋਂ ਪ੍ਰਬੰਧਕ ਕਮੇਟੀ, ਸਟਾਫ਼ ਅਤੇ ਵਿਦਿਆਰਥੀ

# ਸ੍ਰੀ ਗੁਰੂ ਹਰੀ ਸਿੰਘ ਕਾਲਜ

ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਿਰਸਾ ਫੋਨ: 01698 – 272224, 271825



Namdhari Elibrary NamdhariElibrary@gmail.com

ੴ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਦੀਨ ਦੁਨੀ ਦੇ ਵਾਲੀ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਦੇ ੨੦੦ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਗਤਾਂ,
ਦੇਸ਼ ਭਗਤਾਂ ਤੇ ਮਨੁੱਖਤਾ ਦਾ ਭਲਾ ਚਾਹੁਣ ਵਾਲਿਆਂ ਨੂੰ

# ਲੱਖ ਲੱਖ ਵਧਾਈ





**ਸ੍ਰੀ ਸਤਿਗੁਰੂ ਉਦੇ ਸਿੰਘ ਜੀ**
ਪੈਟਰਨ, ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਸੁਸਾਇਟੀ



**ਸਰਦਾਰ ਜਗਤਾਰ ਸਿੰਘ ਜੀ**
ਚੇਅਰਮੈਨ, ਸ੍ਰੀ ਗੁਰੂ ਹਰੀ ਸਿੰਘ
ਮਹਾਂਵਿਦਿਆਲਾ ਸੁਸਾਇਟੀ

ਵੱਲੋਂ ਪ੍ਰਬੰਧਕ ਕਮੇਟੀ, ਸਟਾਫ਼ ਅਤੇ ਵਿਦਿਆਰਥੀ

# ਸ੍ਰੀ ਗੁਰੂ ਹਰੀ ਸਿੰਘ ਸੀਨੀਅਰ ਸਕੈਂਡਰੀ ਸਕੂਲ
# ਸ੍ਰੀ ਸਤਿਗੁਰੂ ਪਰਤਾਪ ਸਿੰਘ ਇੰਟਰਨੈਸ਼ਨਲ ਸਕੂਲ

ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਿਰਸਾ ਫੋਨ: 01698 – 272231, 271971



Namdhari Elibrary NamdhariElibrary@gmail.com

## ਮਲੇਰਕੋਟਲਾ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ 17 ਜਨਵਰੀ 2016 ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਸਾਲਾਨਾ ਮੇਲਾ ਮਨਾਇਆ ਗਿਆ ਮੇਲੇ ਵਿੱਚ ਹਾਜ਼ਰ ਬੁੱਧੀਜੀਵੀ, ਰਾਜਨੇਤਾ, ਲੇਖਕ, ਸਾਹਿਤਕਾਰ, ਸਮਾਜਸੇਵਕ ਅਤੇ ਆਈਆਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਮੇਲੇ ਵਿੱਚ ਸਤਿਗੁਰੂ ਉਦੈ ਸਿੰਘ ਜੀ ਹਜ਼ੂਰ ਹਾਜ਼ਰੀ ਭਰਦੇ ਹੋਏ



















Namdhari Elibrary NamdhariElibrary@gmail.com

# ਡਾ: ਬਰਜਿੰਦਰ ਸਿੰਘ ਹਮਦਰਦ ਨੂੰ ਪਦਮ ਭੂਸ਼ਨ ਪੁਰਸਕਾਰ

## ਸਮੂਹ ਵਰਿਆਮ ਪਰਿਵਾਰ ਅਤੇ ਅਦਾਰਾ ਵਰਿਆਮ ਵੱਲੋਂ ਪਦਮ ਭੂਸ਼ਨ ਡਾ. ਬਰਜਿੰਦਰ ਸਿੰਘ ਜੀ ਹਮਦਰਦ ਨੂੰ ਇਸ ਮੌਕੇ ਦੀਆਂ ਹਾਰਦਿਕ ਵਧਾਈਆਂ





ਪਦਮ ਭੂਸ਼ਨ ਡਾ. ਬਰਜਿੰਦਰ ਸਿੰਘ ਹਮਦਰਦ ਅਜੀਤ ਭਵਨ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨਾਲ ਜ਼ਰੂਰੀ ਬਚਨ ਕਰਦੇ ਹੋਏ।

ਪੰਜਾਬੀ ਪੱਤਰਕਾਰੀ ਨੂੰ ਇਸ ਸਾਲ ਉਸ ਵੇਲੇ ਬਹੁਤ ਵੱਡਾ ਮਾਣ ਹਾਸਲ ਹੋਇਆ ਜਦੋਂ ਕੇਂਦਰ ਸਰਕਾਰ ਵਲੋਂ 'ਅਜੀਤ' ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਪਦਮ ਭੂਸ਼ਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਨਾਲ ਸੰਬੰਧਿਤ ਜਿਨ੍ਹਾਂ ਸ਼ਖ਼ਸੀਅਤਾਂ ਨੂੰ ਪਦਮ ਭੂਸ਼ਨ ਪੁਰਸਕਾਰ ਦਿੱਤਾ ਜਾ ਚੁੱਕਾ ਹੈ ਉਨ੍ਹਾਂ 'ਚ ਚੋਟੀ ਦੇ ਸਿੱਖ ਵਿਦਵਾਨ ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਖੁਸ਼ਵੰਤ ਸਿੰਘ (ਲੇਖਕ), ਡਾ: ਮਹਿੰਦਰ ਸਿੰਘ ਰੰਧਾਵਾ, ਉੱਘੇ ਇਤਿਹਾਸਕਾਰ ਡਾ: ਗੰਡਾ ਸਿੰਘ, ਧਿਆਨ ਚੰਦ (ਹਾਕੀ ਖਿਡਾਰੀ), ਪ੍ਰਿਥਵੀਰਾਜ ਕਪੂਰ ਉਘੇ ਫ਼ਿਲਮ ਐਕਟਰ (ਐਕਟਰ), ਰਾਜ ਕਪੂਰ (ਐਕਟਰ), ਸਤਪਾਲ ਡਾਂਗ ਅਤੇ ਅਭਿਨਵ ਬਿੰਦਰਾ ਆਦਿ ਸ਼ਾਮਿਲ ਹਨ। ਡਾ: ਹਮਦਰਦ ਨੂੰ ਦਿੱਤਾ ਜਾਣ ਵਾਲਾ ਪਦਮ ਭੂਸ਼ਨ ਪੁਰਸਕਾਰ ਪੰਜਾਬੀ ਪੱਤਰਕਾਰੀ ਦੇ ਇਤਿਹਾਸ 'ਚ ਪਹਿਲਾ ਪੁਰਸਕਾਰ ਹੈ। ਕੇਂਦਰ ਸਰਕਾਰ ਵੱਲੋਂ ਇਸ ਸਾਲ ਦਿੱਤੇ ਜਾਣ ਵਾਲੇ ਪਦਮ ਪੁਰਸਕਾਰਾਂ 'ਚ 'ਅਜੀਤ' ਪ੍ਰਕਾਸ਼ਨ ਸਮੂਹ ਦੇ ਡਾ: ਬਰਜਿੰਦਰ ਸਿੰਘ ਹਮਦਰਦ ਨੂੰ ਪੱਤਰਕਾਰੀ ਦੇ ਖੇਤਰ 'ਚ ਜ਼ਿਕਰਯੋਗ ਪ੍ਰਾਪਤੀਆਂ ਲਈ ਪਦਮ ਭੂਸ਼ਨ ਪੁਰਸਕਾਰ ਦੇਣ ਦਾ ਫੈਸਲਾ ਕੀਤਾ ਗਿਆ।

**ਜੀਵਨ ਵੇਰਵਾ** : ਡਾ: ਬਰਜਿੰਦਰ ਸਿੰਘ ਹਮਦਰਦ ਦੀਆਂ ਪੱਤਰਕਾਰੀ ਦੇ ਖੇਤਰ ਵਿਚ ਵਿਲੱਖਣ ਪ੍ਰਾਪਤੀਆਂ ਰਹੀਆਂ ਹਨ। ਜਿਥੇ ਉਨ੍ਹਾਂ ਹੁਣ ਤੱਕ ਕਈ ਸਾਹਿਤਕ ਤੇ ਹੋਰ ਪੁਸਤਕਾਂ ਰਚੀਆਂ ਹਨ ਉਥੇ ਉਨ੍ਹਾਂ ਸੰਗੀਤ ਦੇ ਖੇਤਰ ਵਿਚ ਵੀ ਨਾਮਣਾ ਕਮਾਇਆ ਹੈ। ਮਾਣਮੱਤੀ ਸ਼ਖ਼ਸੀਅਤ ਦੇ ਮਾਲਕ ਡਾ. ਸਾਧੂ ਸਿੰਘ ਹਮਦਰਦ ਦੇ ਸਪੁੱਤਰ ਡਾ. ਬਰਜਿੰਦਰ ਸਿੰਘ ਹਮਦਰਦ ਫਰਵਰੀ 1968 ਤੋਂ ਅਗਸਤ 1974 ਤੱਕ ਰੋਜ਼ਾਨਾ 'ਅਜੀਤ' ਜਲੰਧਰ ਦੇ ਪ੍ਰਬੰਧਕੀ ਸੰਪਾਦਕ ਰਹੇ। 1974 ਤੋਂ 1978 ਤੱਕ ਉਨ੍ਹਾਂ ਸਾਹਿਤਕ ਮਾਸਿਕ ਪੱਤਰ 'ਦ੍ਰਿਸ਼ਟੀ' ਅਤੇ ਮਾਸਿਕ 'ਅੰਨਦਾਤਾ' ਤੇ ਮਾਸਿਕ 'ਅਪਸਰਾ' ਆਦਿ ਪੱਤਰਾਂ ਦੇ ਮੁੱਖ ਸੰਪਾਦਕ ਰਹੇ। ਉਹ ਜੁਲਾਈ 1978 ਤੋਂ ਅਗਸਤ 1984 ਤੱਕ ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਚੰਡੀਗੜ੍ਹ ਦੇ ਮੁੱਖ ਸੰਪਾਦਕ ਰਹੇ। ਅਗਸਤ 1984 ਤੋਂ ਰੋਜ਼ਾਨਾ 'ਅਜੀਤ' ਜਲੰਧਰ ਅਤੇ ਜਨਵਰੀ 1996 ਤੋਂ 'ਅਜੀਤ ਸਮਾਚਾਰ' (ਹਿੰਦੀ) ਦੇ ਮੁੱਖ ਸੰਪਾਦਕ ਚਲੇ ਆ ਰਹੇ ਹਨ।

ਉਨ੍ਹਾਂ ਦੀਆਂ ਪ੍ਰਕਾਸ਼ਿਤ ਪੁਸਤਕਾਂ 'ਚ 'ਕੁਝ ਪੱਤਰੇ' (ਨਾਵਲ) (ਗੁਜਰਾਤੀ ਭਾਸ਼ਾ 'ਚ ਵੀ ਛਪਿਆ ਹੈ), ਛੋਟੇ-ਛੋਟੇ ਦਾਇਰੇ (ਲੇਖ ਸੰਗ੍ਰਹਿ), ਧਰਤੀਆਂ ਦੇ ਗੀਤ (ਸਫਰਨਾਮਾ)। ਚੋਣਵੇਂ ਸੰਪਾਦਕੀ ਲੇਖ ਸੰਗ੍ਰਹਿਆਂ 'ਚ ਜੋਤ ਜਗਦੀ ਰਹੇਗੀ, ਵਿਰਸੇ ਦਾ ਗੌਰਵ, ਪੈਂਡਾ ਬਾਕੀ ਹੈ, ਮੋਮਬੱਤੀਆਂ ਦੀ ਲੋਅ, ਦੋਸਤੀ ਦੇ ਗੀਤ, ਮਿੱਟੀ ਦਾ ਮੋਹ, ਤਰਕਸ਼ੀਲਤਾ ਦਾ ਚਾਨਣ। ਹੁਣ ਤੱਕ ਉਨ੍ਹਾਂ ਦੀਆਂ ਉਰਦੂ, ਪੰਜਾਬੀ, ਗਜ਼ਲਾਂ ਅਤੇ ਗੀਤਾਂ ਦੀਆਂ 5 ਸੰਗੀਤ ਐਲਬਮਾਂ ਜਾਰੀ ਹੋਈਆਂ ਹਨ।

ਟੀ. ਵੀ. ਲੜੀਵਾਰ : 1991 'ਚ 'ਕੁਝ ਪੱਤਰੇ', ਨਾਵਲ ਨੂੰ ਦੂਰਦਰਸ਼ਨ ਕੇਂਦਰ ਜਲੰਧਰ ਨੇ ਫਿਲਮਾ ਕੇ 8 ਕਿਸ਼ਤਾਂ 'ਚ ਪ੍ਰਸਾਰਿਤ ਕੀਤਾ।

ਡਾ. ਹਮਦਰਦ ਮਾਰਚ 1998 ਤੋਂ ਦਸੰਬਰ 2000 ਤੱਕ ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਰਹੇ। ਡਾ: ਹਮਦਰਦ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ 1983-84 'ਚ ਸ਼੍ਰੋਮਣੀ ਪੱਤਰਕਾਰ ਵਜੋਂ ਸਨਮਨਿਤ ਕੀਤਾ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ 1990 'ਚ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ 1992 'ਚ ਪੱਤਰਕਾਰੀ ਦੇ ਖੇਤਰ 'ਚ ਪਾਏ ਗਏ ਮਹੱਤਵਪੂਰਨ ਯੋਗਦਾਨ ਲਈ ਸਨਮਾਨੇ ਗਏ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸਾਹਿਤਕ ਅਤੇ ਪੱਤਰਕਾਰੀ ਸੇਵਾਵਾਂ ਲਈ 2001 'ਚ ਡੀ ਲਿਟ (ਆਨਰਸ ਕਾਜ਼ਾ) ਦੀ ਉਪਾਧੀ ਨਾਲ ਸਨਮਾਨਿਤ ਕੀਤਾ।

**ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵੱਲੋਂ ਵਿਸ਼ੇਸ਼ ਤੌਰ ਤੇ ਟੈਲੀਫੋਨ ਰਾਹੀਂ ਪਦਮ ਭੂਸ਼ਨ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਇਸ ਮੌਕੇ ਤੇ ਵਧਾਈਆਂ ਅਤੇ ਅਪਾਰ ਖੁਸ਼ੀਆਂ ਬਖਸ਼ੀਆਂ ਗਈਆਂ**



Namdhari Elibrary NamdhariElibrary@gmail.com



## ਦੁਆਦਸ ਪੁਰਖ ਦੇ ਸਮੂਹ ਸਰਧਾਵਾਨ ਸਿੱਖਾਂ ਤੇ
## ਸੰਸਾਰ ਦੀ ਜੀਵਾਂ ਦਾ ਭਲਾ ਮੰਗਣ ਵਾਲਿਆਂ
## ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਲਈ

# ਬਹੁਤ-ਬਹੁਤ ਵਧਾਈ



## ਵੱਲੋਂ :- ਹਰਮਿੰਦਰ ਸਿੰਘ ਚਾਨਾ ਅਤੇ ਪਰਿਵਾਰ ਯੂ.ਕੇ.



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ ਸਾਲਾ ਪ੍ਰਕਾਸ਼ ਪੁਰਬ ਤੇ ਸਾਰੇ ਜਗਤ ਨੂੰ ਲੱਖ-ਲੱਖ ਵਧਾਈ ॥



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾਸ ਉਪਰ ਬੇਅੰਤ ਕਿਰਪਾ ਕਰਦੇ ਹੋਏ ਸਿਰੋਪਾ ਬਖਸ਼ ਰਹੇ ਹਨ। ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਬਖਸ਼ਿਸ਼ ਕਰ ਰਹੇ ਹਨ।



ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਹੇਠ ਲਿਖੀਆਂ CDs, MP3, DVDs & Blu-ray ਤਿਆਰ ਹਨ ਜੋ ਕਿ ਕੰਪਿਊਟਰ ਨਾਲ ਵਧੀਆ ਕਵਾਲਿਟੀ ਦੀਆਂ ਬਣਾਈਆਂ ਹਨ।

**ਪਵਿੱਤਰ ਉਪਦੇਸ਼**- ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਗੁਰਬਾਣੀ** - ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ, ਨਾਮਧਾਰੀ ਨਿਤਨੇਮ, ਹੁਕਮਨਾਮੇ ਪਾ: ੧੨

**ਸੰਗੀਤ ਬੰਦਿਸ਼**- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਜ਼ੂਰੀ ਰਾਗੀ

ਕੀਰਤਨ, ਆਸਾ ਦੀ ਵਾਰ, ਵਾਰਾ, ਦਿਵਾਨ, ਵਿਆਖਿਆਨ, ਸੰਗੀਤ ਮੇਲੇ, ਤੰਤੀਸਾਜ, ਕਵੀ ਦਰਬਾਰ ਅਤੇ ਬਹੁਤ ਹੋਰ।

## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers. This new E-library allows school children, students, researchers and armchair scholars anywhere in the world at any time to study and learn from the original documents. As well as opening access to our historical pieces of world heritage, digitisation ensures the long-term protection and conservation of these fragile treasures.

**I need your support, backing and sponsorship for this noble task. You can share your recordings, audio & video, books, magazines, pamphlets, photos, music, videos etc. This will ensure they are preserved for generations to come. Each item will be fully acknowledged.**

For further information - please visit

www.namdhari-music.co.ukemail - kirpalchana@gmail.com



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
# ੨੦੦ਵੇਂ ਪ੍ਰਕਾਸ਼-ਪੁਰਬ ਦੀ
# ਸਮੂਹ ਮਨੁੱਖਤਾ ਨੂੰ
# ਲੱਖ-ਲੱਖ ਵਧਾਈ





# ਨਾਮਧਾਰੀ ਸਿੱਖ ਸੰਗਤ ਸਾਊਥਾਲ, ਯੂ. ਕੇ.



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼-ਪੁਰਬ ਦੀ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ






ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਉਸਤਾਦ ਵਿਲਾਇਤ ਖਾਂ — ਉਸਤਾਦ. ਹਰਭਜਨ ਸਿੰਘ

# ਉਸਤਾਦ ਹਰਭਜਨ ਸਿੰਘ
## ਦਿੱਲੀ, ਯੂ.ਕੇ




Namdhari Elibrary NamdhariElibrary@gmail.com

# ਵਰਿਆਮ

ਫ਼ਰਵਰੀ - ੨੦੧੬

ਜਿਲਦ-੪੧

ਅੰਕ- ੪



ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਮੋਬ.- 98143-18720

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-:੦੧੮੧- ੨੨੨੨੫੪੩
ਘਰ : ੦੧੮੧-੨੪੫੬੨੮੯

Office Address :
Monthly WARIAM
Ladowali Road.
Opp. Central Town,
Jalandhar-144001
Ph. :0181-2222543 (O)
0181-2456289 (R)


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੫੦-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਹੁਕਮਨਾਮਾ—ਸ੍ਰੀ ਸਤਿਗੁਰੂ ਰਾਮ ਸਿੰਘ ਜੀ .....੧੯

ਦੂਜੀ ਪ੍ਰਕਾਸ਼ ਸ਼ਤਾਬਦੀ ........................੨੦
—ਤਾਰਾ ਸਿੰਘ ਅਨਜਾਣ

ਜਦੋਂ ਤੱਕ ਸਵਾਸ ................................੨੧
—ਤਾਰਾ ਸਿੰਘ ਅਨਜਾਣ

ਵਰਿਆਮ ਜੀ ਦੀ ਸੁਪਤਨੀ
ਬੀਬੀ ਬਖਸ਼ੀਸ਼ ਕੌਰ ਪ੍ਰਲੋਕ ਸਿਧਾਰੇ ...........੨੩
—ਤਾਰਾ ਸਿੰਘ ਅਨਜਾਣ

ਉਸਤਤਿ ਸ੍ਰੀ ਸਤਿਗੁਰੂ ਰਾਮ ਸਿੰਘ
ਦੀਨ ਦਇਆਲ ਜੀ ਕੀ ਸ੍ਰੈਯਾ ................੨੪
—ਸੰਤ ਧਿਆਨ ਸਿੰਘ ਕਾਦਰਾਬਾਦੀ

ਦੇਸ਼ ਦੀ ਆਜ਼ਾਦੀ ਤੇ ਕੂਕਾ ਲਹਿਰ ...........੨੫
—ਜਗਦੀਸ਼ ਸਿੰਘ

ਭਾਰਤ ਵਿੱਚ ਆਜ਼ਾਦੀ ਦਾ ਪਹਿਲਾ ਆਗੂ .... ੨੮
—ਤਰਲੋਚਨ ਸਿੰਘ

ਮੁੜ ਆਵੇਗਾ ................................੨੯
—ਡਾ. ਹਰਿਭਜਨ ਸਿੰਘ

ਕੂਕਾ ਲਹਿਰ ਦਾ ਵਜੂਦ .......................੩੦
—ਕਾਮਰੇਡ ਸੋਹਣ ਸਿੰਘ 'ਜੋਸ਼'



**WARIAM** Current A/C No.
071300 5500 288 342
RTGS/NEFT IFS CODE : PUNB0071300
Punjab National Bank Central Town Jal. City



ਈ-ਮੇਲ ਪਤਾ :
jagdishsinghwariam@gmail.com




Namdhari Elibrary NamdhariElibrary@gmail.com

ਰਾਜਨੀਤੀ ਦੇ ਵਿਸ਼ੇਸ਼ ਪੱਖ ......................੩੪

—ਪ੍ਰੋ. ਜੋਗਿੰਦਰ ਸਿੰਘ

ਸਿਧਾਂਤ ਤੇ ਵਿਹਾਰ ਦਾ ਸੁੱਚਾ ਰਾਹ—

ਨਾਮਧਾਰੀ ਲਹਿਰ ..............................੩੯

—ਡਾ. ਗੁਲਜ਼ਾਰ ਸਿੰਘ ਪੰਧੇਰ

ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ....੪੨

—ਸੁਵਰਨ ਸਿੰਘ ਵਿਰਕ

ਅਸਹਿਯੋਗ ਅੰਦੋਲਨ ਦੇ ਜਨਮ-ਦਾਤਾ .........੫੭

—ਬਾਬੂ ਰਾਜਿੰਦਰ ਪ੍ਰਸ਼ਾਦ

ਗੁਰ ਕੀ ਮਹਿਮਾ ਅਪਰ ਅਪਾਰ ................੫੭

—ਚੰਦਾ ਸਿੰਘ

ਭੈਣੀ ਪਿੰਡ ਬੀਚ ਭਇਉਂ ਭਾਨ ਉਜਿਆਰਾ ਸੀ .੫੮

—ਗਿਆਨੀ ਕਰਤਾਰ ਸਿੰਘ ਕਲਾਸਵਾਲੀਆ

ਸਾਰਿਆਂ ਦਾ ਸਾਂਝਾ ਬਾਬਾ ......................੫੯

— ਮਾਸਟਰ ਤਾਰਾ ਸਿੰਘ

ਸੁਤੰਤਰਤਾ ਸੰਘਰਸ਼ ਵਿੱਚ ਸ਼ਾਨਦਾਰ ਸਥਾਨ ...੬੦

—ਸ੍ਰ: ਖੁਸ਼ਵੰਤ ਸਿੰਘ

ਗੁਰੂ ਗੋਬਿੰਦ ਸਿੰਘ ਦਾ ਅਕਸ .................੬੦

—ਸ੍ਰ. ਕਪੂਰ ਸਿੰਘ

ਸਿੱਖੀ ਅਤੇ ਸਤਿਗੁਰੂ ਰਾਮ ਸਿੰਘ ਜੀ ...........੬੧

—ਪ੍ਰੋ. ਗੋਪਾਲ ਸਿੰਘ ਬੁੱਟਰ

ਸਤਿਗੁਰੂ ਰਾਮ ਸਿੰਘ ਜੀ ਦੀ

ਰਾਜਨੀਤਕ ਚੇਤਨਾ ............................੬੪

—ਮਹਿੰਦਰ ਸਿੰਘ ਧੰਜਲ

ਆਸ਼ਾ ਦੀ ਕਿਰਨ ..............................੬੯

—ਸ੍ਰ: ਹੀਰਾ ਸਿੰਘ ਦਰਦ

ਗੁਰ ਸਾਹਿਬ ਦੇ ਮਾਰਗ ਦੇ ਚਮਕਦੇ ਸਿਤਾਰੇ ...੬੯

—ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਕੋਈ ਆਣਿ ਮਿਲਾਵੈ ...........................੭੦

—ਸੀ.ਆਰ. ਮੋਦਗਿਲ

ਸੁਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ ੭੨

—ਸ੍ਰ: ਤਰਨ ਸਿੰਘ "ਵਹਿਮੀ" ਹਿੰਦੂ ਚਕ

ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ .......੭੩

—ਮਾ. ਨਿਹਾਲ ਸਿੰਘ

ਇਸਤਰੀ ਮੁਕਤੀ ਦਾਤਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ..................੭੫

— ਪ੍ਰਿੰ. ਸਤਵੰਤ ਕੌਰ

ਸਤਿਗੁਰੂ ਰਾਮ ਸਿੰਘ ਜੀ ਨਾਮਧਾਰੀ ...........੭੭

—ਭੂਪਿੰਦਰ ਉਸਤਾਦ

ਧਰਤ ਤੇ ਅਜ਼ਾਦੀ ਦੀਆਂ ਕੂਕਾਂ ...............੮੦

—ਸ੍ਰ. ਨਾਹਰ ਸਿੰਘ

ਗੁਰੂ ਰਾਮ ਸਿੰਘ ਜੁੱਗ ਪਲਟਾਣ ਆਇਆ ......੮੧

—ਬਲਬੀਰ ਸਿੰਘ ਢਿੱਲੋਂ

ਅਵਤਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ .........੮੩

—ਲਖਵਿੰਦਰ ਸਿੰਘ ਬਾਜਵਾ

ਮਹਾਂ ਉਪਕਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਦਾ ਪ੍ਰਕਾਸ਼ ....................................੮੪

—ਮਨਜੀਤ ਸਿੰਘ ਰਾਗੀ ਦਿੱਲੀ

ਵਧਾਈ ਤੇ ਵਧਾਈ ਏ .........................੮੫

—ਕਰਨੈਲ ਸਿੰਘ ਅਸਪਾਲ

ਆਈ ਏ ਬਸੰਤ ਰੁੱਤ......................... ੮੫

— ਮਹਿੰਦਰ ਸਿੰਘ ਮਸਤਾਨਾ, ਯੂ.ਕੇ.

ਆਸਿਲ ਚਿਰੀਂ ਵਿਛੁੰਨ .......................੮੫

—ਡਾਕਟਰ ਰਣਜੀਤ ਸਿੰਘ ਹੋਮਿਓ

ਖ਼ਬਰਨਾਮਾ ....................................੮੬




Namdhari Elibrary NamdhariElibrary@gmail.com



# ਹੁਕਮਨਾਮਾ—ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਭਾਈ ਅਬਲ ਤੇ ਏਹੁ ਚਿਠੀ ਸਭ ਦੇਸਾ ਦੇ ਵਾਸਤੇ ਲਿਖੀ ਹੈ, ਸਾਰੇ ਦੇਸਾ ਦੇ ਵਾਸਤੇ ਸੁਣਾ ਦੇਣੀ।

ਹੋਰੁ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ। ਜੋ ਰਹੂ ਸੋ ਬਹੁਤ ਔਖਾ ਹੋਊਗਾ। ਏਨਾ ਨੂ ਤਾ ਗੁਰੂ ਸਾਹਿਬ ਦਾ ਅਨਿਕ ਭਾਤ ਦੀ ਮਾਰ ਦਾ ਹੁਕਮੁ ਹੈ, ਅਗੇ ਗੁਰੂ ਜਾਣੇ। ਹੋਰ ਜੀ ਸਾਡੀ ਬਲਿ ਕੋਈ ਅਰਦਾਸ ਲਿਖੇ ਤਾ ਸੁਧ ਲਿਖਣੀ। ਹੋਰ ਭੇਖਾ ਦੀ ਸੇਵਾ ਕਰਨੀ ਜਥਾ ਸਕਤਿ, ਭਾਵੇ ਨਿੰਦਾ ਈ ਕਰਨ ਵਾਲਾ ਹੋਵੇ। ਸੇਵਾ ਕਰਨ ਵਾਲੇ ਕੋ ਸੇਵਾ ਦਾ ਫਲੁ, ਨਿੰਦਾ ਵਾਲੇ ਨੂ ਨਿੰਦਾ ਕਾ, ਆਪ ਸਭ ਕੇ ਸਾਥ ਅਨੰਦ ਰਹਿਣਾ।

ਏਨਾ ਬਿਲਿਆ ਨੂ ਲੋਕਾ ਨੇ ਏਹੁ ਭਰਮ ਪਾਇਆ ਹੈ ਚੰਗਿਆ ਚੰਗਿਆ ਨੇ, ਏਹੁ ਕੂਕੇ ਤੁਮਾਰਾ ਰਾਜ ਲੈ ਲੈਣਗੇ ਅਗੇ ਵਾਗੂ ਜੈਸਾ ਚੁਗਤਿਆ ਥੋ ਲੈ ਲਿਆ ਸੀ। ਏ ਓਈ ਸਿਖ ਹੈਨਿ, ਏਸ ਕਰਕੇ ਸਾਡੇ ਪਿਛੇ ਪੈ ਗਏ ਲੋਕਾ ਦਾ ਕਹਾ ਮੰਨਕੇ। ਇਕੁ ਗਾਈ ਦਾ ਤਰਸ ਠੀਕ ਆਉਦਾ ਹੈ ਹੁਣ ਭੀ, ਜੋ ਗਾਈ ਮੈ ਬਹੁਤ ਗੁਣ ਹੈਨ ਔਗੁਣ ਕੋਈ ਬੀ ਨਹੀ, ਬਿਚਾਰ ਲੇਹੁ।



Namdhari Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ - ਦੂਜੀ ਪ੍ਰਕਾਸ਼ ਸ਼ਤਾਬਦੀ



ਅੱਗ ਲੈਣ ਆਈ, ਘਰ ਵਾਲੀ ਬਣ ਬੈਠੀ ਅਤੇ ਘਰ ਵਾਲੀ ਗੋਲੀ, ਨੌਕਰਾਣੀ। ਇਹੀ ਹਾਲ ਹੋਇਆ ਭਾਰਤ ਦੀ ਰਾਜ ਸੱਤਾ ਦਾ। ਅੰਗਰੇਜ਼ ਸਤਾਰਵੀਂ ਸਦੀ ਵਿਚ ਹਿੰਦੋਸਤਾਨ ਵਿਚ ਵਪਾਰ ਕਰਨ ਆਏ ਸਨ। ਵਪਾਰ ਕਰਨ ਦੇ ਨਾਲ-ਨਾਲ ਜਦੋਂ ਉਨ੍ਹਾਂ ਏਥੇ ਦੇ ਹਾਕਮਾਂ ਨੂੰ ਕਮਜ਼ੋਰ, ਅਯਾਸ਼ੀ ਅਤੇ ਲੋਕਾਂ ਦੇ ਦੁੱਖ-ਸੁੱਖ ਤੋਂ ਦੂਰ ਭਟਕਦੇ ਵੇਖਿਆ ਤਾਂ ਉਹਨਾਂ ਦੀਆਂ ਕਮਜ਼ੋਰੀਆਂ ਦਾ ਲਾਹਾ ਲੈਂਦਿਆਂ ਅੰਗਰੇਜ਼ਾਂ ਨੇ ਹੌਲੀ ਹੌਲੀ ਰਾਜਨੀਤੀ ਵਿਚ ਪੈਰ ਪਸਾਰਨੇ ਸ਼ੁਰੂ ਕੀਤਾਂ ਉਨ੍ਹਾਂ ਨੇ ਬੰਗਾਲ ਤੋਂ ਸ਼ੁਰੂ ਕਰਕੇ ਸਾਰੇ ਹਿੰਦੋਸਤਾਨ ਦੇ ਰਾਜਿਆਂ ਮਹਾਂਰਾਜਿਆਂ, ਨਵਾਬਾਂ ਨੂੰ ਆਪਣੇ ਹੱਥਾਂ ਦੀ ਕਠ-ਪੁਤਲੀ ਬਣਾ ਲਿਆ। ਸਭ ਤੋਂ ਬਾਅਦ 1849 ਵਿਚ ਪੰਜਾਬ ਅੰਗਰੇਜ਼ਾ ਦਾ ਗੁਲਾਮ ਹੋਇਆ।

ਅੰਗਰੇਜ਼ਾਂ ਲਈ ਇਹ ਅਣਸੋਚੀ ਗੱਲ ਸੀ ਕਿ ਪੰਜਾਬ ਤੋਂ ਹੀ ਸਭ ਤੋਂ ਪਹਿਲਾਂ ਆਜ਼ਾਦੀ ਦੀ ਲਹਿਰ ਉਠੀ। ਉਹ ਵੀ ਜ਼ਿਲ੍ਹਾ ਲੁਧਿਆਣਾ ਦੇ ਇਕ ਸਾਧਾਰਨ ਜਿਹੇ ਪਿੰਡ ਭੈਣੀ ਸਾਹਿਬ ਵਿਚੋਂ। ਇਸ ਲਹਿਰ ਦੇ ਜਨਮਦਾਤਾ ਸਨ— ਸਤਿਗੁਰੂ ਰਾਮ ਸਿੰਘ। ਉਹਨਾਂ ਦਾ ਜਨਮ 1816 ਈ: ਵਿਚ ਬਸੰਤ ਪੰਚਮੀ ਵਾਲੇ ਦਿਨ ਦਾ ਹੈ। ਪਿੰਡ ਰਾਈਆਂ ਜ਼ਿਲਾ ਲੁਧਿਆਣਾ ਆਹ ਵਰ੍ਹਾ—2016 ਉਹਨਾਂ ਦੇ ਪ੍ਰਕਾਸ਼ ਪੁਰਬ ਦਾ 200ਵਾਂ ਸਾਲ ਹੈ। ਉਹਨਾਂ ਦੀਆਂ ਕੀਰਤੀਆਂ ਨੂੰ ਯਾਦ ਕਰਨਾ ਸਾਡੇ ਲਈ ਕਰਮਾਂ-ਭਾਗਾਂ ਵਾਲੀ ਗੱਲ ਹੈ। ਸਤਿਗੁਰੂ ਰਾਮ ਸਿੰਘ ਨੇ ਆਮ ਲੋਕਾਂ ਦਾ ਆਲਾ-ਦੁਆਲਾ ਵੇਖਿਆ। ਉਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਭਰਤੀ ਹੋਣ ਉਪਰੰਤ ਮਹਾਰਾਜੇ ਦਾ ਤਪ-ਤੇਜ ਵੀ ਦੇਖਿਆ ਸੀ ਕਿ ਕਿਵੇਂ ਕੋਈ ਵੀ ਉਹਨਾਂ ਨਾਲ ਮੇਲ-ਮਿਲਾਪ ਦਾ ਇੱਛੁਕ ਸੀ। 1839 ਵਿਚ ਮਹਾਰਾਜੇ ਦਾ ਅਕਾਲ-ਚਲਾਣੇ ਪਿੱਛੋਂ ਸਤਿਗੁਰੂ ਰਾਮ ਸਿੰਘ ਨੇ ਰਾਜ ਦੀ ਆਪਾ-ਧਾਪੀ, ਭਰਾ-ਮਾਰੂ ਅਤੇ ਢਹਿੰਦੀ ਕਲਾ ਵਲ ਜਾਂਦੀ ਸਥਿਤੀ ਵਿਚ ਜਨ-ਸਧਾਰਨ ਦੀ ਉਦਾਸੀ ਵੀ ਦੇਖੀ ਸੀ। ਉਹਨਾਂ ਨੇ ਇਕ ਤੋਂ ਬਾਅਦ ਇਕ ਰਾਜਿਆਂ, ਮਹਾਰਾਜਿਆਂ, ਵਜ਼ੀਰਾਂ, ਪ੍ਰਧਾਨ ਮੰਤਰੀਆਂ ਦੇ ਪੰਜਾਬ ਵਿਚ ਕਤਲ ਹੁੰਦੇ ਵੀ ਵੇਖੇ ਸਨ। ਬਸ,

ਜਿਹੜਾ ਬਹਿ ਗੱਦੀ ਉਸ ਨੂੰ ਮਾਰ ਦਿੰਦੇ,

ਪਈ ਨਿੱਤ ਹੁੰਦੀ ਮਾਰੋ-ਮਾਰ ਮੀਆਂ। —ਸ਼ਾਹ ਮੁਹੰਮਦ

ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਦੇ ਪਤਿਤਪੁਣੇ, ਅਯਾਸ਼ੀ, ਨਸ਼ਿਆਂ-ਪੱਤਿਆਂ ਵਿਚ ਲੀਨ ਹੋ ਕੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਧਾਰਮਿਕ ਅਕੀਦੇ ਤੋ ਮੂੰਹ ਮੋੜਦਿਆਂ ਵੀ ਵੇਖਿਆ ਸੀ। ਜਿਥੇ ਧਾਰਮਿਕ, ਸਦਾਚਾਰਕ, ਸਮਾਜਿਕ, ਰਾਜਨੀਤਿਕ, ਭਾਈਚਾਰਕ ਕਦਰਾਂ-ਕੀਮਤਾਂ ਢਹਿੰਦੀ ਕਲਾ ਵਿਚ ਹੀ ਜਾ ਰਹੀਆਂ ਸਨ। ਮਨੁੱਖ ਨੂੰ ਮਨੁੱਖ ਦੀ ਪੀੜ ਕੀ ਹੋਣੀ ਸੀ, ਆਪ ਦੇ ਘਰ ਪਰਵਾਰ ਦੀ ਪੀੜ ਵੀ ਨਹੀਂ ਸੀ। ਉਨ੍ਹਾਂ ਨੂੰ ਪਾਲਣ ਦੀ ਥਾਂ ਤੇ ਉਹ ਆਪਣੀ ਐਸ਼-ਪ੍ਰਸਤੀ ਵਿਚ ਲੱਗਾ ਰਹਿੰਦਾ ਸੀ। ਇਹ ਸਥਿਤੀ ਉਤੋਂ ਹੇਠਾਂ ਨੂੰ ਆ ਰਹੀ ਸੀ। ਸਰਦਾਰਾਂ, ਜਗੀਰਦਾਰਾਂ, ਕੁਝ ਅਖਵਾਉਂਦੇ ਰਾਜਿਆਂ, ਮਹਾਰਾਜਿਆਂ, ਮਹੰਤਾਂ, ਪੁਜਾਰੀਆਂ ਨੂੰ ਰੱਬ ਭੁੱਲ ਚੁੱਕਾ ਸੀ। ਉਸ ਸਮੇਂ ਸਤਿਗੁਰੂ ਰਾਮ ਸਿੰਘ ਨੇ ਚਿੰਤਨ ਕੀਤਾ, ਸਿਮਰਨ ਕੀਤਾ, ਜਨ-ਸਧਾਰਨ ਅੰਦਰ ਨਵੀਂ ਰੂਹ ਫੂਕਣ ਦਾ ਇਕ ਪ੍ਰੋਗਰਾਮ ਤਿਆਰ ਕੀਤਾ। ਉਨ੍ਹਾਂ ਸਤਿਗੁਰੂ ਗੋਬਿੰਦ ਸਿੰਘ ਦੀ ਸਿੱਖੀ ਨੂੰ ਸੁਰਜੀਤ ਕਰਨ ਲਈ 12 ਅਪਰੈਲ 1857 ਈ: ਨੂੰ ਫੇਰ ਪੰਜ-ਪਿਆਰੇ ਸਾਜੇ। ਉਨ੍ਹਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਦਿਤਾ। ਉਹਨਾਂ ਨੂੰ ਪ੍ਰਭੂ-ਭਗਤੀ ਤੇ ਦੇਸ਼ ਭਗਤੀ ਦੀ ਸਿਖਿਆ ਦਿੱਤੀ। ਉਹਨਾਂ ਨੂੰ ਆਦਰਸ਼ ਸਿੱਖ ਬਣਾਇਆ-ਜਿਹੜੇ ਬਾਣੀ ਪੜ੍ਹਦੇ ਸਨ, ਨਾਮ ਜਪਦੇ ਸਨ, ਗਊ-ਗ਼ਰੀਬ ਦੇ ਰਾਖੇ ਸਨ, ਮਨੁੱਖਤਾ ਦੀ ਭਲਾ ਕਰਦੇ ਸਨ, ਜ਼ੁਲਮ ਜਬਰ ਅੱਗੇ ਝੁਕਦੇ ਨਹੀਂ ਸਨ। ਉਹਨਾਂ ਨੂੰ ਉਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਇਕ ਨਵਾਂ ਹਥਿਆਰ ਦਿੱਤਾ। ਸੰਸਾਰ ਵਿਚ ਇਸ ਤੋਂ ਪਹਿਲਾਂ ਕਿਸੇ ਨੇ ਸ਼ਾਇਦ ਮਨ ਵਿਚ ਇਸ ਹਥਿਆਰ ਨੂੰ ਵਰਤਣ ਦਾ ਵਿਚਾਰ ਲਿਆਂਦਾ ਹੋਵੇ। ਪਰ ਨਾਮਿਲਵਰਤਨ ਤੇ ਸੁਦੇਸ਼ੀ ਲਹਿਰ ਨੂੰ ਅਮਲੀ ਜਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਪਹਿਨਾਇਆ।

ਸਤਿਗੁਰੂ ਰਾਮ ਸਿੰਘ ਦੇ ਬਹੁ-ਪੱਖੀ ਸ਼ਖਸੀਅਤ ਉਤੇ ਕੋਈ ਕਿੰਨੀ ਕੁ ਝਾਤ ਪਾ ਸਕਦਾ ਹੈ ਇਹ ਤਾਂ ਉਸ ਦੀ ਆਪਣੀ ਸੋਚ ਦੀ ਸੀਮਾ ਤਕ ਹੈ। ਹਰ ਇਕ ਨੇ ਆਪਣੀ ਆਪਣੀ ਬੁੱਧੀ ਅਨੁਸਾਰ ਪੇਸ਼ ਕਰਨਾ ਹੈ ਅਤੇ ਆਪ ਦੇ ਅਕੀਦੇ ਦੇ ਅਨੁਸਾਰ ਉਸ ਦੀ ਵਡਿਆਈ ਕਰਨਾ ਹੈ।

ਮਾਸਿਕ ਵਰਿਆਮ ਆਪਣੇ ਫ਼ਰਵਰੀ 2016 ਦੇ ਅੰਕ ਰਾਹੀਂ ਅਕਾਲ-ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਅਕੀਦਤ ਪੇਸ਼ ਕਰਨ ਵਿਚ ਆਪਣੀ ਹਾਜ਼ਰੀ ਲੁਆ ਰਿਹਾ ਹੈ। ਇਹ ਹਾਜ਼ਰੀ ਨਵੇਂ ਅਤੇ ਪੁਰਾਣੇ ਲੇਖਕਾਂ ਦੀਆਂ ਕੁਝ ਦੁਰਲੱਭ ਲਿਖਤਾਂ ਪੇਸ਼ ਕਰਕੇ ਲਾਈ ਜਾ ਰਹੀ ਹੈ। ਜਿਨ੍ਹਾਂ ਸਾਹਿਤਕਾਰਾਂ, ਵਿਦਵਾਨਾਂ, ਕਵੀਆਂ ਨੇ ਆਪਣੀਆਂ ਵਡਮੁੱਲੀਆਂ ਕਲਮਾਂ ਰਾਹੀਂ ਸਮਗਰੀ ਵਰਿਆਮ ਵਿਚ ਛਾਪਣੇ ਭੇਜੀ ਹੈ, ਅਦਾਰਾ ਵਰਿਆਮ ਉਹਨਾਂ ਦਾ ਸਦਾ ਰਿਣੀ ਹੈ। ਇਹ ਕੇਵਲ ਉੱਦਮ ਹੈ, ਕੋਸ਼ਿਸ਼ ਹੈ। ਨਹੀਂ ਤਾਂ ਇਕ ਕਵੀ ਨੇ ਲਿਖਿਆ ਹੈ—

ਗੁਰੂ ਕਾ ਜਸ ਹੈ ਸੈਲ ਨਿਬਾਤੇ

ਹਉ ਚੀਂਟੀ ਕੈਸੇ ਚੁੱਕ ਹੋ ਤਾ ਤੇ।

ਸਤਿਗੁਰੂ ਦੇ ਜਸ ਦੇ ਮਿਸ਼ਰੀ ਦੇ ਪਹਾੜ ਨੂੰ ਕੋਈ ਕੀੜੀ ਕਿਵੇਂ ਚੁਕ ਸਕਦੀ ਹੈ!

*— ਤਾਰਾ ਸਿੰਘ ਅਨਜਾਣ*



Namdhari Elibrary NamdhariElibrary@gmail.com

# ਜਦੋਂ ਤੱਕ ਸਵਾਸ

ਸੰਤ ਜਗਦੀਸ਼ ਸਿੰਘ ਵਰਿਆਮ ਦਾ ਹਾਲ ਚਾਲ ਪੁੱਛਿਆ ਜਾਂਦਾ ਹੈ। ਕੋਈ ਉਹਨਾਂ ਨੂੰ ਮਿਲ ਕੇ ਪੁੱਛਦਾ ਹੈ, ਕੋਈ ਟੈਲੀਫੋਨ ਕਰਕੇ, ਕੋਈ ਵਰਿਆਮ ਮਾਸਿਕ ਦੇ ਦਫ਼ਤਰ ਜਾ ਕੇ, ਤੇ ਕੋਈ ਉਹਨਾਂ ਦੇ ਨਿਕਟ-ਵਰਤੀਆਂ ਰਿਸ਼ਤੇਦਾਰਾਂ ਨੂੰ ਟੈਲੀਫੋਨ ਕਰਕੇ ਜਾਂ ਮਿਲ ਕੇ।

ਵਰਿਆਮ ਜੀ ਦੇ ਸਵਾਸ ਠੀਕ ਚਲਦੇ ਸਨ। ਪ੍ਰਾਣਾਂ ਦਾ ਸੰਚਾਰ ਹੋ ਰਿਹਾ ਹੈ। ਸਰੀਰ ਹੁੰਗਾਰਾ ਭਰਦਾ ਨਜ਼ਰ ਆਉਂਦਾ ਹੈ ਪਰ ਉਹ ਸਵਸਥ ਨਹੀਂ। ਉਹ ਤੰਦਰੁਸਤ ਬਿਲਕੁਲ ਨਹੀਂ ਹਨ। ਜਦੋਂ ਤੋਂ 31 ਦਸੰਬਰ 2015 ਤੋ-ਉਹਨਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ, ਸ਼ੇਰਪੁਰ ਚੌਂਕ, ਲੁਧਿਆਣਾ ਦਾਖ਼ਲ ਕਰਵਾਉਣਾ ਪਿਆ ਹੈ, ਉਹ ਆਪਣੇ ਆਪ ਆਪਣੀ ਕਾਇਆ ਨਹੀਂ ਸਾਧ ਰਹੇ। ਕੋਈ ਉਹਨਾਂ ਨੂੰ ਕੋਈ ਗੱਲ ਪੁੱਛੇ; ਕੋਈ ਹਾਸ-ਵਿਅੰਗ ਕਰ, ਕੋਈ ਉਬਲਦਾ ਉੱਛਲਦਾ ਕਰੋਧ ਦੀ ਚਰਮ ਸੀਮਾ ਤੇ ਪੁੱਜਿਆ, ਕੁੱਝ ਕਹਿਣਾ ਚਾਹੇ, ਉਹਨਾਂ ਤੇ ਕੋਈ ਅਸਰ ਨਹੀਂ ਹੁੰਦਾ। ਭਾਵੇਂ ਥਿੰਧੇ ਘੜੇ ਤੇ, ਕੋਈ ਪਾਣੀ ਦੀ ਬੂੰਦ ਨਹੀ ਟਿਕ ਸਕਦੀ ਫਿਰ ਵੀ ਕਦੀ ਸ਼ਾਇਦ ਕੁਝ ਅਸਰ ਹੁੰਦਾ ਹੋਵੇ, ਇੱਥੇ ਉਹ ਵੀ ਨਹੀਂ। ਵਰਿਆਮ ਜੀ ਬੋਲਦੇ ਨਹੀਂ। ਕਿਸੇ ਨਾਲ ਗੱਲ ਨਹੀਂ ਕਰਦੇ। ਕੋਈ ਬੁਲੰਦ ਅਵਾਜ਼ ਨਹੀਂ ਕਰਦੇ, ਕੋਈ ਗੁੱਸੇ ਦੇ ਬੋਲ ਨਹੀਂ ਬੋਲਦੇ। ਜੇ ਕੋਈ ਚੂੰਢੀ ਵੱਢੇ, ਸੂਈ ਚੁਭੋਵੇ, ਹਿੱਕ ਤੇ ਪੂਰੇ ਜ਼ੋਰ ਨਾਲ ਧੱਫਾ ਮਾਰੇ ਤਾਂ ਉਹ ਅਗੋਂ ਇਹ ਵੀ ਨਹੀਂ ਕਹਿੰਦੇ, "ਉਏ! ਕੀ ਕਰਦਾ ਪਿਆ ਹੈਂ। ਮੈਂ ਤੈਨੂੰ ਕੀ ਆਖਿਆ ਹੈ। ਕਿਓਂ ਮੈਨੂੰ ਤੰਗ ਕਰਦਾ ਹੈਂ।"

ਉਹ ਹੱਥ ਪੈਰ ਜਾਂ ਸਰੀਰ ਦਾ ਕੋਈ ਹੋਰ ਹਿੱਸਾ ਹਿਲਾ ਕੇ ਆਪਣਾ ਬਚਾਅ ਵੀ ਨਹੀਂ ਕਰਦੇ। ਵਿਰੋਧ ਵੀ ਨਹੀਂ ਜਤਾਉਂਦੇ। ਉਹਨਾਂ ਦੇ ਬੋਲਾਂ ਵਿੱਚ ਵੀ ਕੋਈ ਵਿਅੰਗ ਨਹੀਂ। ਸੂਖ਼ਮ ਪ੍ਰਗਟਆ ਨਹੀਂ, ਦਾਨੀ ਸਲਾਹ ਨਹੀਂ ਦਿੰਦੇ, ਆਪਣੀ ਭਾਵਨਾ ਦਾ ਕੋਈ ਪ੍ਰਗਟਾ ਨਹੀਂ। ਕਿਉਂਕਿ ਬੋਲਣ ਦੀ ਸ਼ਕਤੀ ਹੀ ਹਥਿਆਰ ਸੁੱਟ ਬੈਠੀ ਹੈ। ਹਾਵ-ਭਾਵ ਵੀ, ਭਾਵ ਵਿਹੁਣੇ ਹੋ ਗਏ ਹਨ। ਹੋਠਾਂ ਉੱਤੇ ਕਿਤੇ ਮੁਸਕੁਰਾਹਟ ਨਹੀਂ। ਚਿਹਰੇ ਉੱਤੇ ਕਿਤੇ ਖਿੜਖਿੜਾਹਟ ਨਹੀਂ, ਨਾ ਹੀ ਗੁੱਸੇ ਦੀ ਤਮਤਮਾਹਟ ਹੈ। ਚੇਹਰੇ ਤੇ ਖ਼ੁਸ਼ੀ-ਗ਼ਮੀ ਦਾ ਕੋਈ ਹਾਵ ਭਾਵ ਨਹੀਂ ਹੈ। ਨੈਣਾਂ ਦੇ ਸਾਗਰ ਵੀ ਪਤਾ ਨਹੀਂ ਕਿਸ ਰਿਸ਼ੀ-ਮੁਨੀ ਨੇ ਢਾਈ ਚੁਲੀਆਂ ਵਿੱਚ ਪੀ ਲਏ ਹਨ। ਉਹਨਾਂ ਵਿੱਚ ਕੋਈ ਖ਼ੁਸ਼ੀ ਨਹੀਂ ਕੋਈ ਖੇੜਾ ਨਹੀਂ, ਕੋਈ ਕਰੋਧ ਵਿੱਚ ਅੱਖਾਂ ਲਾਲ ਨਹੀਂ ਹੁੰਦੀਆਂ, ਕੋਈ ਖਿੱਝ ਨਹੀਂ ਹੈ ਪਿਆਰ ਨਹੀਂ ਹੈ ਕੋਈ ਕਿਸੇ ਦੇ ਵਿਛੋੜੇ ਦਾ ਦੁੱਖ ਨਹੀਂ ਹੈ, ਕਿਉਂਕਿ ਆਮ ਤੌਰ ਤੇ ਅੱਖਾਂ ਖੁਲਦੀਆਂ ਹੀ ਨਹੀਂ। ਜੇ ਕਿਸੇ ਵੇਲੇ ਕੋਈ ਆਪਣਾ ਹਮਸਾਇਆਂ ਮਿਲਨ ਆਇਆ ਹੋਵੇ ਤਾਂ ਅਚਾਨਕ ਅੱਖਾਂ ਖੁਲ੍ਹ ਗਈਆਂ ਹੋਣ ਤਾਂ ਉਸ ਵੱਲ ਵੇਖ ਨਹੀਂ ਰਹੇ ਹੁੰਦੇ। ਬਸ ਪਥਰਾਈਆਂ-ਪਥਰਾਈਆਂ ਅੱਖਾਂ ਪੱਥਰ ਗੀਟੇ ਜਿਹੀਆਂ ਹੀ ਬਣ ਗਈਆਂ ਲੱਗਦੀਆਂ ਹਨ। ਉਸ ਵੇਲੇ ਜੇ ਕੋਈ ਕੋਲ ਖਲੋਤਾ, ਧੀ-ਜਵਾਈ, ਭਰਾ-ਭੈਣ-ਭਣੂਜਾ ਜਾਂ ਕੋਈ ਹੋਰ ਸੱਜਣ-ਮਿੱਤਰ, ਵੇਖ ਲਵੇ ਤਾਂ ਉਹ ਵੀ ਉਦਾਸ ਚਿਹਰੇ ਨਾਲ ਆਪਣੇ ਨੈਣਾਂ ਦੀ ਗੰਗਾ ਜਮਨਾ ਵਿੱਚ ਆਏ ਹੜ੍ਹ ਨੂੰ ਕਿਵੇਂ ਰੋਕੇ! ਅੰਦਰੋਂ ਨਿਕਲਦੀ ਹੂਕ ਜਾਂ ਵੱਜਦੀ ਭੁੱਬ ਨੂੰ ਕਿਵੇਂ ਕਾਬੂ ਕਰੇ। ਜੇ ਕੋਈ ਹਿੰਮਤ ਵਾਲਾ ਕਰ ਵੀ ਲਵੇ ਤਾਂ ਬਾਹਰ ਆ ਕੇ ਉਸ ਦੇ ਚਿਹਰੇ ਤੋਂ ਪੜ੍ਹਨਾ ਔਖਾ ਨਹੀਂ ਹੁੰਦਾ ਕਿ ਇਸ ਦਾ ਅੰਦਰ ਸੰਤ ਜਗਦੀਸ਼ ਸਿੰਘ ਵਰਿਆਮ ਨੂੰ ਵੇਖ ਕੇ ਕਿੰਨੇ ਡੂੰਘੇ ਗਮ ਵਿੱਚ ਡੁੱਬ ਗਿਆ ਹੈ। ਕਿਉਂਕਿ ਵਰਿਆਮ ਜੀ ਸੰਵੇਦਨਸ਼ੀਲ ਨਹੀਂ ਹਨ।

ਜਗਦੀਸ਼ ਸਿੰਘ ਆਪਣਿਆਂ ਲਈ ਤੇ ਤਾਂ 'ਭਾ ਜੀ' ਹੀ ਹੈ ਅਤੇ ਆਪਣੇ ਮਿੱਤਰ ਪਿਆਰਿਆਂ ਤੇ ਸਾਹਿਤਕ ਜਗਤ ਦੇ ਸਿਤਾਰਿਆਂ ਵਿੱਚ ਸੰਤ ਜਗਦੀਸ਼ ਸਿੰਘ ਵਰਿਆਮ ਹੈ। ਉਹਨਾਂ ਨੂੰ ਸਤਿਗੁਰੂ ਉਦੈ ਸਿੰਘ ਜੀ ਬਹੁਤ ਪਿਆਰ ਕਰਦੇ ਹਨ। ਪਹਿਲਾਂ ਵੀ ਸਤਿਗੁਰੂ ਜਗਜੀਤ ਸਿੰਘ ਦੀ ਅਪਾਰ ਕਿਰਪਾ ਰਹੀ ਹੈ।

ਉਹਨਾਂ ਦੀ ਸਿਹਤ ਬਾਰੇ ਫ਼ਿਕਰਮੰਦ ਵੀ ਹਨ। ਆਪ ਜੀ ਦੇ ਹੁਕਮ ਦੀ ਪਾਲਨਾ ਕਰਦੇ ਹੋਏ ਹੀ ਵਰਿਆਮ ਜੀ 19 ਨਵੰਬਰ 2015 ਨੂੰ ਸ੍ਰੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) ਚਲੇ ਗਏ। ਜਿੱਥੇ ਉਹਨਾਂ ਦੀ ਦੇਖ ਭਾਲ ਲਈ ਦੋ ਸੇਵਕ ਸਨ। ਕੁਦਰਤੀ ਉਹਨਾਂ ਦੀ ਸਭ ਤੋਂ ਵੱਡੀ ਲੜਕੀ, ਗੁਰਦਰਸ਼ ਕੌਰ ਇੰਗਲੈਂਡ ਤੋਂ ਆਈ ਹੋਈ ਸੀ। ਉਹ ਵੀ ਵਾਪਸ ਜਾਣ ਤੱਕ ਉਹਨਾਂ ਦੀ ਦੇਖਭਾਲ ਵਾਸਤੇ ਨਾਲ ਰਹੀ। ਸਤਿਗੁਰੂ ਜੀ ਨੇ ਜਿੱਥੇ ਉਹਨਾਂ ਦਾ ਡੇਰਾ ਕੀਤਾ ਵੱਖਰਾ ਕਮਰਾ ਸੀ। ਬਿਰਧਸ਼ਾਲਾ ਦਾ ਸੁਖਾਵਾਂ ਵਾਤਾਵਰਨ ਸੀ। ਸ੍ਰੀ ਸਤਿਗੁਰੂ ਜੀ


Namdhari Elibrary NamdhariElibrary@gmail.com

ਦਰਸ਼ਨ ਦੇ ਕੇ ਨਿਹਾਲ ਕਰਦੇ ਰਹੇ। ਜਦੋਂ ਇਹਨਾਂ ਵਰਿਆਮ ਪਰਚੇ ਦੇ ਚਲਣ ਬਾਰੇ ਫ਼ਿਕਰਮੰਦੀ ਪ੍ਰਗਟ ਕੀਤੀ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ "ਤੁਸੀ ਤੰਦਰੁਸਤ ਹੋਵੇ, ਵਰਿਆਮ ਚੱਲੇਗਾ।" ਇਹ ਖਿੜ ਗਏ । ਅਤੇ ਉਥੋਂ ਦੇ ਵਾਤਾਵਰਨ ਨੂੰ ਮਾਣਦੇ ਹੋਏ ਸਿਹਤ ਲਾਭ ਲੈਣ ਲੱਗੇ। ਪਰਿਵਾਰ ਦੇ ਜੀਅ ਮਿਲਨ ਜਾਂਦੇ ਤਸੱਲੀ ਮਹਿਸੂਸ ਕਰਦੇ। ਉਹ ਆਪ ਵੀ ਇੱਕ -ਦੋ ਦਿਨ ਦੀ ਛੁੱਟੀ ਲੈ ਕੇ ਲੋੜ ਅਨੁਸਾਰ ਆਪਣੇ ਘਰ ਜਲੰਧਰ ਜਾਂ ਆਪਣੀ ਲੜਕੀ ਡਾ. ਰਜਵੰਤ ਕੌਰ ਦੇ ਘਰ-ਜਿੱਥੇ ਉਹਨਾਂ ਦੀ ਪਤਨੀ ਬਖਸ਼ੀਸ਼ ਕੌਰ ਸਿਹਤ ਤੇ ਇਲਾਜ ਲਈ ਰਹੇ ਸਨ, ਲੁਧਿਆਣੇ ਵੀ ਆਏ, ਖ਼ੁਸ਼-ਖ਼ੁਸ਼; ਕਿਉਂਕਿ ਮਾਸਕ ਵਰਿਆਮ ਵੀ ਵੀਰ ਨਾਰਾਇਣ ਸਿੰਘ ਦੀ ਭੱਜ ਨੱਸ ਨਾਲ ਚੱਲ ਰਿਹਾ ਸੀ। 30 ਦਸੰਬਰ 2015 ਤੱਕ ਉਹ ਠੀਕ ਰਹੇ। ਹੱਸਦੇ ਖੇਡਦੇ ਗੱਲਾਂ ਬਾਤਾਂ ਕਰਦੇ ਹਾਸ-ਵਿਨੋਦ ਕਰਦੇ, ਵਿਅੰਗ ਸਮਝਦੇ ਤੇ ਢੁਕਵੀਂ ਭਾਜੀ ਮੋੜਦੇ ਪਰ ਅਚਾਨਕ, 30 ਦਸੰਬਰ 2015 ਨੂੰ ਅੱਧੀ ਰਾਤ ਤੋਂ ਬਾਅਦ ਅੰਦਰ ਪਤਾ ਨਹੀਂ ਕੀ ਹਲਚਲ ਹੋਈ ਕਿ ਸਵੇਰੇ ਅੰਮ੍ਰਿਤ ਵੇਲੇ ਜਾਗੇ ਨਾ। ਸੇਵਕ ਅੱਛਰ ਸਿੰਘ ਨੇ ਡਾ. ਰਜਵੰਤ ਕੌਰ ਨੂੰ ਫੋਨ ਕਰਕੇ ਚਿੰਤਾ ਪਰਗਟ ਕੀਤੀ ਤਾਂ ਉਸ ਦੇ ਮਨ 'ਚ ਕੋਈ ਗੰਭੀਰ ਸਮੱਸਿਆ ਦਾ ਧਿਆਨ ਨਾ ਆਇਆ ਤੇ ਕਿਹਾ, "ਕੋਈ ਨਹੀਂ, ਕੁਝ ਚਿਰ ਹੋਰ ਸੌਂ ਲੈਣ", ਪਰ ਜਦ ਸੂਰਜ ਚੜਨ ਤੋਂ ਬਾਅਦ ਵੀ ਨਾਂ ਜਾਗੇ ਤਾਂ ਸੇਵਾ ਲਈ ਆਏ ਨਵੇਂ ਸੇਵਕ ਕੇਵਲ ਸਿੰਘ ਨੂੰ ਚਿੰਤਾ ਹੋਈ। ਉਸ ਨੇ ਡਾ. ਰਜਵੰਤ ਨੂੰ ਫੋਨ ਕੀਤਾ। ਉਹਨਾਂ ਫੋਰਨ ਸ਼ੂਗਰ ਚੈਕ ਕਰਵਾਉਣ ਜੇ ਠੀਕ ਨਹੀਂ ਤਾ ਡ੍ਰਿਪ ਲਾਉਣ ਲਈ ਕਿਹਾ। ਹੰਸਪਾਲ ਜੀ ( ਹਰਵਿੰਦਰ ਸਿੰਘ-ਹੰਸਪਾਲ) ਜਿਹੜੇ ਇੱਕ ਖਾਸ ਮੀਟਿੰਗ ਲਈ ਸ੍ਰੀ ਭੈਣੀ ਸਾਹਿਬ ਆਏ ਹੋਏ ਸਨ ਨੇ ਵੇਖਿਆ ਤਾਂ ਉਹਨਾਂ ਡਾ. ਰਜਵੰਤ ਦੀ ਗੱਲ ਤਸਦੀਕ ਕੀਤੀ। ਸਥਾਨਕ ਪਿੰਡ ਦੇ ਇੱਕ ਡਾਕਟਰ ਨੂੰ ਸੱਦਿਆ, ਸ਼ੂਗਰ ਚੈਕ ਕੀਤੀ ਕੁਝ ਬੁਖ਼ਾਰ ਵੀ ਲੱਗਿਆ, ਤਾਂ ਉਸ ਨੇ ਬੋਤਲ-ਲਾ ਦਿੱਤੀ ਤਾਂ ਕੁਝ ਹੌਂਸਲਾ ਹੋਇਆ। ਫਿਰ ਵੀ ਫ਼ਿਕਰ ਕਾਰਨ, ਰਵੀ ਸਿੰਘ ਦੀ ਹਿੰਮਤ ਨਾਲ ਫੌਰਨ 12 ਵਜੇ ਤੋਂ ਪਹਿਲਾਂ ਹੀ ਵਰਿਆਮ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਪਹੁੰਚਾਇਆ ਗਿਆ। ਡਾ. ਰਜਵੰਤ ਵੀ ਬੁਲਾਈ ਗਈ। ਅਮੈਰਜੈਂਸੀ ਵਿੱਚ ਦਾਖ਼ਲ ਕਰਕੇ ਉਹਨਾਂ ਨੇ ਟੈਸਟਾਂ ਤੇ ਇਲਾਜ ਵਲ ਉਚੇਰਾ ਧਿਆਨ ਦਿੱਤਾ, ਨਾਲ ਹੀ ਚਿੰਤਾ ਪਰਗਟ ਕੀਤੀ ਕਿ ਦਿਮਾਗ਼ ਦੇ ਕੁਝ ਸੈਲ ਵਿੱਚ ਆਕਸੀਜਨ ਨਾ ਜਾਣ ਕਰਕੇ ਮਾਮਲਾ ਬਹੁਤ ਗੰਭੀਰ ਹੈ। ਸਤਿਗੁਰੂ ਜੀ ਨੇ ਹਸਪਤਾਲ ਦਰਸ਼ਨ ਦਿੱਤੇ, ਜਿਸ ਕਰਕੇ ਡਾਕਟਰਾਂ ਦੀ ਟੀਮ ਨੇ ਹੋਰ ਸਤਰਕਤਾ ਤੇ ਪਹਿਲ ਕਦਮੀ ਵਰਤੀ। ਉਹ ਨਾਲ ਕਾਰਜਸ਼ੀਲ ਹੋਏ ਕੁਝ ਆਸ ਬੱਝੀ। ਉਹਨਾਂ ਨੂੰ ਲੋੜ ਅਨੁਸਾਰ ਮੈਡੀਕਲ ਆਈ. ਸੀ. ਯੂ. ਅਤੇ ਨਿਉਰਾਲਜੀ ਆਈ. ਸੀ. ਯੂ ਵਿੱਚ ਰੱਖਿਆ ਗਿਆ ਹੈ। ਹੁਣ ਸਰੀਰ ਤਾਂ ਹੁੰਗਾਰਾ ਭਰਦਾ ਹੈ। ਸਾਰੇ ਅੰਗ ਤੰਦਰੁਸਤ ਲਗਦੇ ਹਨ ਪਰ ਦਿਮਾਗ਼ ਨੇ ਜਿਹੜੇ ਸਰੀਰ ਨੂੰ ਕੰਮ ਕਰਨ ਲਈ ਨਿਰਦੇਸ਼ ਦੇਣੇ ਹਨ, ਨਹੀਂ ਦਿੰਦਾ। ਇਸ ਕਰਕੇ ਆਪਣੇ ਆਪ ਸਰੀਰ ਦੇ ਅੰਗ ਆਪਣਾ ਕਾਰਜ ਕਿਵੇਂ ਕਰਨ ! ਪਤਾ ਨਹੀਂ ਇਸੇ ਨੂੰ ਹੀ ਕੌਮੇ ਵਿੱਚ ਚਲੇ ਜਾਣਾ ਕਿਹਾ ਜਾਂਦਾ ਹੋਵੇ ਜਾਂ ਦਿਮਾਗ਼ ਕਾਰਜਸ਼ੀਲ ਨਹੀਂ ਹੈ ਕਿਹਾ ਜਾਂਦਾ ਹੋਵੇ।

ਉਂਜ ਤਾਂ ਡਾਕਟਰ ਬਹੁਤਾ ਭਰੋਸਾ ਨਹੀਂ ਦਵਾਂਦੇ। ਉਹ ਸਮਝਦੇ ਹਨ, ਕਿ ਦਿਮਾਗ਼ ਦੇ ਸਹੀ ਕੰਮ ਕਰਨ ਤੱਕ ਸਰੀਰ ਨੇ ਕੰਮ ਨਹੀਂ ਕਰਨਾ ਭਾਵੇਂ ਕਿੰਨਾ ਚਿਰ ਦਿਲ ਕੰਮ ਕਰਦਾ ਰਹੇ, ਸਵਾਸ ਚਲਦੇ ਰਹਿਣ, ਪਰ ਅੰਤ ਉਹ ਵੀ ਕਹਿ ਦਿੰਦੇ ਹਨ ਕਿ ਸ਼ਾਇਦ ਕੋਈ ਕਰਾਮਾਤ ਹੋ ਜਾਏ। ਜਦੋਂ ਤਕ ਸਵਾਸ ਹਨ, ਉਦੋਂ ਤਕ ਆਸ ਬਣੀ ਰਹਿੰਦੀ ਹੈ। ਸੋ ਬਣੀ ਹੋਈ ਹੈ। ਪਰਵਾਰ ਨਿਰਾਸ਼ ਨਹੀਂ। ਅੱਜ 26 ਜਨਵਰੀ 2016 ਹੈ।

*— ਤਾਰਾ ਸਿੰਘ ਅਨਜਾਣ*








Namdhari Elibrary NamdhariElibrary@gmail.com

# ਵਰਿਆਮ ਜੀ ਦੀ ਸੁਪਤਨੀ ਬੀਬੀ ਬਖਸ਼ੀਸ਼ ਕੌਰ ਪ੍ਰਲੋਕ ਸਿਧਾਰੇ



ਬੀਬੀ ਬਖਸ਼ੀਸ਼ ਕੌਰ ਪਤਨੀ ਸੰਤ ਜਗਦੀਸ਼ ਸਿੰਘ (ਸੰਪਾਦਕ ਵਰਿਆਮ) ਇਸ ਆਸਾਰ ਸੰਸਾਰ ਨੂੰ ਛੱਡਕੇ ਚਲੇ ਗਏ। 18 ਜਨਵਰੀ 2016 ਦਿਨ ਸੋਮਵਾਰ ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਦੀ ਹਜ਼ੂਰੀ ਵਿਚ ਉਹਨਾਂ ਨਮਿਤ ਕੀਤੇ ਮੇਲੇ ਸਮੇਂ ਸੰਤ ਹਰਬੰਸ ਸਿੰਘ ਘੁੱਲਾ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕਰਦਿਆਂ, ਇਹ ਸ਼ਬਦ ਗਾਇਨ ਕੀਤਾ ਕਿ "ਤੇਰਾ ਭਾਣਾ ਮੀਠਾ ਲਾਗੈ" ਅਤੇ ਸ. ਵਰਿਆਮ ਸਿੰਘ ਸੰਧੂ ਅਤੇ ਹਰਵਿੰਦਰ ਸਿੰਘ ਹੰਸਪਾਲ ਜੀ ਨੇ ਉਹਨਾਂ ਦੀ ਯਾਦ ਵਿਚ ਢੁਕਵੇਂ ਸ਼ਬਦ ਕਹੇ। ਸ੍ਰੀ ਆਦਿ ਗਰੰਥ ਸਾਹਿਬ ਜੀ ਦੇ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੱਥ ਬੰਨ ਖੜ੍ਹਾ ਪਰਵਾਰ ਇਹ ਬੇਨਤੀ ਕਰ ਰਿਹਾ ਸੀ- ਕਿਰਪਾ ਕਰੋ ਇਸ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਜਾਵੇ।

ਬੀਬੀ ਜੀ, ਲੰਮੇ ਸਮੇਂ ਤੋ ਬਿਮਾਰ ਚਲ ਰਹੇ ਸਨ। ਉਹ ਲੁਧਿਆਣੇ ਆਪਣੀ ਲੜਕੀ ਡਾ. ਰਜਵੰਤ ਕੌਰ ਦੇ ਘਰ ਰਹਿੰਦੇ ਸਨ। ਜਿਥੇ ਉਹਨਾਂ ਨੂੰ ਲੋੜ ਅਨੁਸਾਰ ਫੌਰੀ ਡਾਕਟਰੀ ਸਹਾਇਤਾ ਵੀ ਮਿਲਦੀ ਸੀ, ਕਿਉਂਕਿ ਕਿਤੇ ਵੀ ਕੋਈ ਔਕੜ ਹੁੰਦੀ ਤਾਂ ਡਾਕਟਰ ਰਜਵੰਤ ਆਪਣੇ ਸਹਿਯੋਗੀ ਹਮਜਮਾਤੀ ਡਾਕਟਰਾਂ ਦੀ ਸਲਾਹ ਲੈ ਲੈਂਦੀ ਜਾਂ ਕਿਸੇ ਸਥਾਨਕ ਹਸਪਤਾਲ ਲੈ ਜਾਂਦੀ। ਦਵਾ-ਦਾਰੂ ਅਤੇ ਸੇਵਾ ਦੇ ਬਾਵਜੂਦ ਬੀਬੀ ਬਖਸ਼ੀਸ਼ ਕੌਰ ਦੀ ਸਿਹਤ ਵਿਚ ਕੋਈ ਖ਼ਾਸ ਸੁਧਾਰ ਨਹੀਂ ਸੀ ਹੋ ਰਿਹਾ। 31 ਦਸੰਬਰ 2015 ਤੋਂ ਸੰਤ ਜਗਦੀਸ਼ ਸਿੰਘ (ਸੰਪਾਦਕ ਵਰਿਆਮ,) ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਦਾਖਲ ਕਰਾਏ ਗਏ। ਓਹਨਾਂ ਨੂੰ ਵੀ ਹੋਸ਼ ਨਹੀਂ ਡਾਕਟਰਾਂ ਨੂੰ ਬਚਣ ਦੀ ਉਮੀਦ ਵੀ ਘੱਟ ਹੀ ਲਗਦੀ ਹੈ। ਜਦੋਂ ਪਰਵਾਰ ਉਹਨਾਂ ਦਾ ਪਤਾ ਲੈਣ ਆਉਂਦਾ, ਉਹ ਘਰ ਬੀਬੀ ਬਖਸ਼ੀਸ਼ ਕੌਰ ਦਾ ਹਾਲ-ਚਾਲ ਵੀ ਪੁੱਛਣ ਆਉਂਦਾ। ਭਾਵੇਂ ਬੀਬੀ ਜੀ ਨਾਲ ਸਿੱਧਾ ਕੋਈ ਗੱਲ ਨਾ ਕਰਦਾ, ਪਰ ਉਹ ਮਹਿਸੂਸ ਕਰਦੇ ਸਨ, ਕਿ ਕੁਝ ਅਸੁਖਾਵਾਂ ਚਲ ਰਿਹਾ ਹੈ। ਇੰਗਲੈਂਡ ਤੋਂ ਇਨ੍ਹਾਂ ਦੀਆਂ ਵੱਡੀਆਂ ਬੇਟੀਆਂ- ਗੁਰਦਰਸ਼ਨ ਕੌਰ ਅਤੇ ਸੁਖਵੰਤ ਕੌਰ ਵੀ ਆਈਆਂ ਹੋਈਆਂ ਸਨ। ਉਨ੍ਹਾਂ ਦਾ ਵੱਡਾ ਦਾਮਾਦ ਕੁਲਦੀਪ ਸਿੰਘ ਵੀ ਆਇਆ ਹੋਇਆ ਸੀ। ਇਹ ਸਾਰਾ ਕੁਝ ਭੈਣ ਜੀ ਦੀ ਮਾਨਸਿਕ ਚਿੰਤਾ ਵਧਾ ਰਿਹਾ ਸੀ। ਸ਼ਾਇਦ ਇਸੇ ਕਰਕੇ ਹੀ ਦਵਾ-ਦਾਰੂ ਨੇ ਅਸਰ ਹੋਰ ਘਟਾ ਦਿੱਤਾ ਜਾਂ ਉਹਨਾਂ ਨੇ ਖਾਣਾ-ਪੀਣਾ ਘਟਾ ਦਿੱਤਾ। ਬੇਚੈਨੀ ਵਧਦੀ ਗਈ। 15 ਜਨਵਰੀ 2016 ਰਾਤ ਨੂੰ ਉਨ੍ਹਾਂ ਦੀਆਂ ਤਿਨੋਂ ਬੇਟੀਆਂ, ਦਾਮਾਦ ਵੀ ਕੋਲ ਖੜੇ ਸਨ। ਕੁਝ ਹੋਰ ਡਾਕਟਰ ਵੀ ਸੱਦੇ ਹੋਏ ਸਨ, ਪਰ ਹੌਲੀ ਹੌਲੀ ਸੁਆਸ ਧੀਮਾ ਹੁੰਦਾ ਗਿਆ, ਨਬਜ਼ ਦਾ ਅਹਿਸਾਸ ਵੀ ਨਹੀਂ ਸੀ ਹੋ ਰਿਹਾ ਅਤੇ 10 ਵੱਜ ਕੇ 58 ਮਿੰਟ ਰਾਤ ਨੂੰ ਉਹਨਾਂ ਨੇ ਆਪਣੀ ਜ਼ਿੰਦਗੀ ਦਾ ਆਖ਼ਰੀ ਸਵਾਸ ਲਿਆ।

ਜਲੰਧਰ, ਦਿੱਲੀ, ਜਿਥੇ ਵੀ ਪੇਕਾ ਸਹੁਰਾ ਪਰਿਵਾਰ ਬੈਠਾ ਸੀ ਸਭ ਨੂੰ ਸੂਚਨਾ ਦਿੱਤੀ ਗਈ। ਅਗਲੇ ਦਿਨ ਦੁਪਹਿਰੇ ਸ੍ਰੀ ਭੈਣੀ ਸਾਹਿਬ ਸਸਕਾਰ ਕੀਤਾ ਗਿਆ। ਸਾਰਾ ਪਰਵਾਰ ਪੁੱਜਾ ਹੋਇਆ ਸੀ। ਸ੍ਰੀ ਮਾਤਾ ਚੰਦ ਕੌਰ ਜੀ ਨੇ ਪਰਵਾਰ ਨੂੰ ਧੀਰਜ ਦੇਣ ਲਈ ਦਰਸ਼ਨ ਦਿੱਤੇ। 17 ਜਨਵਰੀ ਨੂੰ ਭਸਮ ਜਲ-ਪ੍ਰਵਾਹ ਕੀਤੀ ਗਈ ਅਤੇ 18 ਜਨਵਰੀ ਨੂੰ ਉਹਨਾਂ ਨਮਿਤ ਪਾਠ ਦਾ ਭੋਗ ਪਾਇਆ ਗਿਆ। ਇਹ ਸਾਰਾ ਕੁਝ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਹੋਇਆ।

ਭੋਗ ਸਮੇਂ ਬੋਲਦਿਆਂ ਸ. ਵਰਿਆਮ ਸਿੰਘ ਸੰਧੂ ਜੀ ਨੇ ਕਿਹਾ, ਕਿ ਬੀਬੀ ਬਖਸ਼ੀਸ਼ ਕੌਰ ਦਾ ਸੁਭਾਅ ਬਹੁਤ ਪਿਆਰਾ ਸੀ ਬਹੁਤ ਮਿਲਾਪੜੇ ਸਨ। ਜਦੋਂ ਵੀ ਅਸੀ ਘਰ ਸ੍ਰਦਾਰ ਜਗਦੀਸ਼ ਸਿੰਘ ਵਰਿਆਮ ਜੀ ਨੂੰ ਮਿਲਣ ਜਾਣਾ, ਬੀਬੀ ਜੀ ਨੇ ਆਇ ਗਏ ਦੀ ਸੇਵਾ ਵਿਚ ਖੁਸ਼ੀ ਮਹਿਸੂਸ ਕੀਤੀ। ਵਰਿਆਮ ਜੀ, ਨਾਮਧਾਰੀ ਪੰਥ ਦੀ ਉਹ ਸ਼ਖਸੀਅਤ ਹਨ, ਜਿਨ੍ਹਾਂ ਸਾਡੇ ਵਰਗੇ ਨਿਮਾਣੇ ਲੋਕਾਂ ਨੂੰ ਨਾਮਧਾਰੀ ਪੰਥ ਨਾਲ ਜੋੜਿਆ। ਉਹਨਾਂ ਕਰਕੇ ਹੀ ਅਸੀਂ ਲਿਸ਼ਕਦੇ ਨਾਮਧਾਰੀ ਇਤਿਹਾਸ ਦੇ ਜਾਣੂੰ ਬਣੇ। ਅਤੇ ਸਤਿਗੁਰੂ ਜਗਜੀਤ ਸਿੰਘ ਅਤੇ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਪ੍ਰਾਪਤ ਕੀਤੀ। ਸ੍ਰੀ ਹੰਸਪਾਲ ਜੀ ਨੇ ਕਿਹਾ, ਬਖਸ਼ੀਸ਼ ਕੌਰ ਮੇਰੀ ਛੋਟੀ ਭੈਣ ਸੀ। ਤਾਇਆ ਸੂਰਤ ਸਿੰਘ ਹੰਸਪਾਲ ਦੀ ਸਭ ਤੋਂ ਵੱਡੀ ਲੜਕੀ। ਉਨ੍ਹਾਂ ਨੇ ਪਰਵਾਰਕ ਜਾਣਕਾਰੀ ਦੇਂਦਿਆਂ ਕਿਹਾ ਕਿ ਬਖਸ਼ੀਸ਼ ਕੌਰ ਹੋਰੀਂ ਤਿੰਨ ਭੈਣਾਂ ਹਨ। ਇਕ ਭੈਣ ਤਾਂ ਦਿੱਲੀ ਵਿਆਹੀ ਹੈ ਅਤੇ ਛੋਟੀ ਗੁਰਮੀਤ ਕੌਰ ਜਗਦੀਸ਼ ਸਿੰਘ ਦੇ ਛੋਟੇ ਭਰਾ ਨਰੈਣ ਸਿੰਘ ਵਲ ਹੈ, ਇਨ੍ਹਾਂ ਤਿੰਨਾਂ ਦਾ ਛੋਟਾ ਭਰਾ ਗੁਰਮੀਤ ਸਿੰਘ ਹੈ, ਜਿਹੜਾ ਬਚਪਨ ਵਿਚ ਬਿਜਨੌਰ ਹੁੰਦਿਆਂ ਬਹੁਤ ਬਿਮਾਰ ਹੋ ਗਿਆ ਸੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੇ ਵਰ ਨਾਲ ਕਿ "ਮਰਦਾ ਨਹੀ" ਲੰਮੀ ਉਮਰ ਭੋਗ ਰਿਹਾ ਹੈ। ਬੀਬੀ ਜੀ ਦੀਆਂ ਤਿੰਨ ਲੜਕੀਆ ਹਨ- ਵੱਡੀਆਂ ਦੋ ਗੁਰਦਰਸ਼ ਕੌਰ - ਸ੍ਰ. ਕੁਲਦੀਪ ਸਿੰਘ ਫਲੋਰਾ, ਸਤਵੰਤ ਕੌਰ- ਅੰਮ੍ਰਿਤਪਾਲ ਸਿੰਘ ਫਲੋਰਾ- ਇੰਗਲੈਂਡ ਵਿਚ ਹਨ ਅਤੇ ਤੀਜੀ ਡਾਕਟਰ ਰਜਵੰਤ ਕੌਰ-ਤੇਜਵੰਤ ਸਿੰਘ ਸੱਗੂ ਲੁਧਿਆਣਾ ਵਿਖੇ ਹੈ। ਸਤਿਗੁਰੂ ਜੀ ਕਿਰਪਾ ਕਰਨ ਸਾਰੇ ਪਰਿਵਾਰ ਨੂੰ ਇਹ ਸਦਮਾ ਸਹਿਣ ਦਾ ਬਲ ਬਖਸ਼ਣ।

ਪਰਵਾਰ ਵੱਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ।

— ਤਾਰਾ ਸਿੰਘ ਅਨਜਾਣ



Namdhari Elibrary NamdhariElibrary@gmail.com



# ਉਸਤਤਿ ਸ੍ਰੀ ਸਤਿਗੁਰੂ ਰਾਮ ਸਿੰਘ ਦੀਨ ਦਇਆਲ ਜੀ ਕੀ

## ਸ੍ਵੈਯਾ॥

*—ਸੰਤ ਧਿਆਨ ਸਿੰਘ ਕਾਦਰਾਬਾਦੀ*

ਸਾਰਦ ਸੇ ਜਿਨ ਕੇ ਗੁਨ ਗਾਵਤ ਸੇਸ ਜਪੈ ਜਿਹ (ਨੌਤਨ) ਨਾਮੂ।।
ਦੇਖ ਕਲੂ ਗਤਿ ਕੋ ਪਤਿ ਸੀਯ ਸੁ ਆਇ ਗਏ ਜਨ ਕੇ ਸੁਖ ਧਾਮੂ।।

ਦਾਸਨ ਕੇ ਦੁਖ ਦੋਖਨ ਕੋ ਹਰਿ ਰਾਮ ਸੁਮੱਗ ਦਯੋ ਅਭਿਰਾਮੂ॥
ਕੇਹਰਿ ਧਿਆਨ ਨਮੋ ਲਖ ਤਾਹਿ ਕੋ ਨਾਮ ਰਰੋ ਵਹਿ ਕੋ ਅਠ ਜਾਮੂ॥

ਮੈਂਗਹਿ ਹੌਂ ਪਗ ਪੰਕਜ ਤੇ ਜਿਨ ਬੋਧ ਦਯੋ ਸਭ ਸੁਧ ਦਈ ਹੈ॥
ਪੂਰਨ ਪਾਵਨ ਪੀਰ ਸਹੀ ਜਨ ਪੀਰਨ ਕਾਟਤ ਬੀਰ ਸਹੀ ਹੈ॥

ਕੈ ਹਿੰਦਵਾਨ ਧਰਾ ਧਰਮਾਂ, ਤਮ ਦੂਰ ਥੀਓ ਦਿਰਸਟਾਏ ਨਹੀਂ ਹੈ॥
ਮੂਲ ਅਹੈ ਸਭ ਸਾਖ ਤਰੋਵਰ ਸੋ ਗੁਰ ਰਾਮ ਮਿਰਗਿੰਦ ਵਹੀ ਹੈ॥ ॥

ਕੀਮਤ ਕੌਨ ਕਹੈ ਕਰਣਾ ਨਿਧ ਕੀ ਮਤਿ ਕੀਰ ਕਮੀਨ ਕਵੀ ਕੋ॥
ਕੂਕ ਕਹੀ ਕਵਿਤਾ ਕਈ ਕੋਟਕ ਕਾਲ ਕਮਾਲ ਕਰਯੋ ਰਮਣੀਕੋ॥

ਕੇਸਰ ਸੀ ਕਥਨੀਕ ਸੁਭਾਵ ਕੁਸੁੰਭਵਤੀ ਕੁਸਮੋ ਛਬ ਫੀਕੋ॥
ਕੇਵਲ ਕੰਤ ਕੇ ਦੇਖ ਚਰਿਤਰ ਬੋਲ ਉਠੀ ਸੁਧ ਆਹਿ ਨ ਜੀ ਕੋ॥ ॥

ਸੀਸ ਹਰੇ ਦਸ ਸੀ ਸੁਰ ਹੇਤ ਸੁ ਸੂਖ ਬਸਾ ਸਭ ਅਉਧ ਪੁਰਾ ਮੈ॥
ਸਾਵਲ ਸੁੰਦਰ ਸੰਗ ਸਖੀਅਨ ਸਾਪਹਿ ਤਾਰ ਧਰਾ ਗਿਰ ਸਾਮੈ॥

ਸੌ ਕਲਿ ਕੀ ਖਲਤਾ ਦਿਖਕੈ ਗੁਰ ਨਾਨਕ ਗੋਬਿੰਦ ਕੇਹਿਰ ਨਾਮੇ॥
ਪੰਥ ਸਜਾ ਜਿਨ ਸਿੰਘਨ ਕੋ ਪੁਨ ਤੋਰਕ ਇੰਦ ਕੀਓ ਕਤਲਾਮੇ॥

ਕਾਜਹਿ ਧਰਮ ਦੀਏ ਜਿਹ ਸੀਸ ਵਾ ਲਾਜ ਰਖੀ ਹਿੰਦਵਾਨ ਸਭੀ ਸੋ॥
ਸਵਾਸਹਿ ਸਵਾਸ ਜਪੋ ਗੁਰ ਭਾਈਓ ਤਾਹਿ ਬਿਸਾਰਹੁ ਨਾਹਿ ਕਬੀ ਸੋ॥

ਸੋ ਦਿਨ ਭੂਲ ਗਯੋ ਮਨ ਰੇ ਗਰਭਾ ਜਠਰਾਗਨਿ ਹੋਤ ਜਬੀ ਸੋ॥
ਤਾਹਿ ਨਿਕਾਲ ਸੁ ਰਾਖ ਦਈ ਬੁਧਿ ਰਾਮ ਮਿਰਗਿੰਦ ਸੋ ਮੀਤ ਤਬੀ ਸੋ॥

ਮੂਰਖ ਜਾਹਿ ਕਰੀ ਮਨ ਮੂਰਖ ਤਾਹਿ ਬਿਸਾਰਤ ਲਾਜ ਨ ਐਹੈ॥
ਏ ਮਨੂਆ ਤਨ ਵਾ ਧਨ ਜੇ ਸਭ ਵਾਹਿ ਕੇ ਨਾਮ ਸਦਾ ਅਰਪੈਹੈ।।

ਦੇਵ ਧਰਾ ਧਰਮ ਰਾਖਨ ਕੋ ਹਿਤ ਸੀਸ ਦੀਏ ਵਾ ਬਿਦੇਸ ਸਿਧੈਹੈ॥
ਤਾਂਤੇ ਸੁਨੋ ਮਿਤ ਅਓ ਮਨ ਮੋ ਤੁ ਤਾਹਿ ਕੋ ਨਾਮ ਸਦੀਵ ਬਿਕੈਹੈ॥

ਸੀਸ ਦੀਏ ਅਰ ਸੀ ਨ ਕਰੀ ਜਿਨ ਸਿਖਨ ਤਾਹਿ ਕੇ ਮੈ ਬਲਿਹਾਰੀ॥
ਗੋ ਹਿਤ ਗੋਇ ਤਨੀਸਹਿ ਕੇ ਜਿਨ ਬੁਚੜ ਮਾਰ ਕੇ ਧੈਨ ਉਬਾਰੀ॥

ਤੇ ਸਿਖ ਵਾ ਗੁਰ ਕੇਹਰਿ ਰਾਮ ਸੁ ਧਿਆਨ ਮਿਰਗਿੰਦ ਕਰੋਰ ਜੁਹਾਰੀ।
ਗੋਇ ਗਰੀਬਨ ਪਾਲਨ ਕੈ ਹਿਤ ਰਾਮ ਮ੍ਰਿਗਿੰਦ ਅਏ ਤਨ ਧਾ॥



Namdhari Elibrary NamdhariElibrary@gmail.com



# ਦੇਸ਼ ਦੀ ਆਜ਼ਾਦੀ ਤੇ ਕੂਕਾ ਲਹਿਰ

*—ਜਗਦੀਸ਼ ਸਿੰਘ*

ਜਗਤ ਪ੍ਰਸਿਧ ਪੁਸਤਕ ਐਨਸਾਈਕਲੋਪੀਡੀਆ ਬ੍ਰੀਟੈਨਿਕਾ ਵਿਚ ਕਰਤਾ ਨੇ ਕੂਕਿਆਂ ਬਾਰੇ ਦੋ ਗੱਲਾਂ ਲਿਖੀਆਂ ਹਨ :

ਪਹਿਲੀ ਇਹ ਕਿ ਕੂਕੇ ਗੁਰੂ ਗੋਬਿੰਦ ਸਿੰਘ ਜੀ ਦੇ ਕਟੜ ਪੈਰੋਕਾਰ ਹਨ ਅਤੇ ਦੂਸਰੀ ਇਹ ਕਿ ਕੂਕੇ ਅੰਗਰੇਜ਼ੀ ਹਕੂਮਤ ਦੇ ਦੁਸ਼ਮਨ ਹਨ।

ਲੁਧਿਆਣਾ ਡਿਸਟ੍ਰਿਕ ਗੈਜ਼ਟੀਅਰ ਸੰਨ ੧੯੦੪ ਦੇ ਪੰਨਾ ੩੦ ਤੇ ਲਿਖਿਆ ਹੈ ਕਿ ਸੱਚੀ ਗਲ ਤਾਂ ਇਹ ਹੈ ਕਿ ਕਿਸੇ ਕੂਕੇ ਵਾਸਤੇ ਇਹ ਗਲ ਸੰਭਵ ਨਹੀ ਹੈ ਕਿ ਉਹ ਬ੍ਰਿਟਿਸ਼ ਗੌਰਮੈਂਟ ਦਾ ਵਫਾਦਾਰ ਹੋਵੇ।

ਭਾਰਤ ਨੂੰ ਵਿਦੇਸ਼ੀ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਕਰਾਉਣ ਦੀ ਜਦੋਂ ਵੀ ਬਾਤ ਪੈਂਦੀ ਹੈ ਤਾਂ ਸਤਿਗੁਰੂ ਰਾਮ ਸਿੰਘ ਵਲੋਂ ਚਲਾਏ ਕੂਕਾ ਅੰਦੋਲਨ ਦਾ ਜ਼ਿਕਰ ਮਹੱਤਵ ਪੂਰਨ ਆਜ਼ਾਦੀ ਸੰਘਰਸ਼ਾਂ ਵਿਚ ਆਉਂਦਾ ਹੈ।

੧੯੫੭ ਤੋਂ ਲੈ ਕੇ ੧੯੪੭ ਤਕ ਕੂਕੇ ਜਾਂ ਨਾਮਧਾਰੀ ਅੰਗਰੇਜ਼ ਹਕੂਮਤ ਦੇ ਦੁਸ਼ਮਨ ਦੀਆਂ ਸਭ ਤੋਂ ਮੂਹਰਲੀਆਂ ਪਾਲਾਂ ਵਿਚ ਖੜੇ ਸਨ।

ਕੂਕਾ ਜਾਂ ਨਾਮਧਾਰੀ ਲਹਿਰ ਦੇ ਸੂਤਰਧਾਰ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ੩ ਫਰਵਰੀ ੧੮੧੬ ਈ: ਨੂੰ ਬਸੰਤ ਪੰਚਮੀ ਵਾਲੇ ਦਿਨ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਚ ਬਾਬਾ ਜੱਸਾ ਸਿੰਘ ਦੇ ਘਰ ਹੋਇਆ। ਬਚਪਨ ਮਾਤਾ ਸਦਾ ਕੌਰ ਦੀਆਂ ਦੇਸ਼ ਭਗਤੀ ਭਰਪੂਰ ਅਤੇ ਧਾਰਮਕ ਸਿਖਿਆ ਵਾਲੀਆਂ ਕਥਾਵਾਂ ਸੁਣ ਕੇ ਅਤੇ ਭਜਨ ਬੰਦਗੀ ਵਿਚ ਲੰਘਿਆ। ਜਵਾਨੀ ਦੇ ਨੌਂ ਸਾਲ ਉਹਨਾਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਵਿਚ ਨੌਕਰੀ ਕਰਦਿਆਂ ਬਿਤਾਏ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤਲੇ ਦਿਨਾਂ ਵਿਚ ਸਿਖ ਸਮਾਜ ਵਿਚ ਆਏ ਨੈਤਿਕ ਪਤਨ, ਲਾਹੌਰ ਦਰਬਾਰ ਦੀਆਂ ਸਾਜਸ਼ਾਂ, ਕਤਲੋ-ਗਾਰਤ ਅਤੇ ਅੰਤ ਉਤੇ ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ੇ ਦੀਆਂ ਘਟਨਾਵਾਂ ਉਹਨਾਂ ਸਾਹਵੇਂ ਵਾਪਰੀਆਂ ਸਨ ਅਤੇ ਇਸ ਦੁਖ ਨੂੰ ਉਹਨਾਂ ਅੰਦਰ ਤਕ ਮਹਿਸੂਸ ਕੀਤਾ ਸੀ। ਇਸ ਵਾਸਤੇ ਆਪ ਨੇ ਪ੍ਰੋਗਰਾਮਾਂ ਨੂੰ ਸਿਰੇ ਚੜਾਉਣ ਵਾਸਤੇ ਉਹਨਾਂ ਨੇ ਲੋਕਾਂ ਦੀ ਧਾਰਮਕ ਅਤੇ ਸਮਾਜਕ ਹਾਲਤ ਦਾ ਸੁਧਾਰ ਕਰ ਕੇ ਇਕ ਬਹੁਤ ਉਚੇ ਸੁੱਚੇ ਇਖਲਾਕ ਵਾਲੀ ਜਥੇਬੰਦੀ ਤਿਆਰ ਕਰ ਲਈ।

੧੮੫੭ ਈ: ਵਸਾਖੀ ਨੂੰ ਉਹਨਾਂ ਆਪਣੇ ਪਿੰਡ ਭੈਣੀ ਸਾਹਿਬ ਤੋਂ ਜਦੋਂ ਨਵੇਂ ਕਾਰਜ ਕਰਮ ਦਾ ਆਰੰਭ ਕੀਤਾ ਤਾਂ ਇਸ ਤੋਂ ਇਕ ਮਹੀਨਾ ਬਾਅਦ ਸਤਵੰਜਾ ਦਾ ਗਦਰ ਸ਼ੁਰੂ ਹੋ ਗਿਆ ਸੀ। ਗਦਰ ਦੀ ਅਸਫਲਤਾ ਬਾਅਦ ਅੰਗਰੇਜ਼ਾਂ ਨੇ ਲੋਕਾਂ ਤੇ ਏਨਾ ਜ਼ੁਲਮ ਕੀਤਾ ਕਿ ਸੁਣ ਕੇ ਲੋਕਾਂ ਦੇ ਦਿਲ ਦਹਿਲ ਗਏ। ਇੱਕਲੇ ਦਿਲੀ ਸ਼ਹਿਰ ਵਿਚ ਹੀ ੨੭੦੦੦ ਬੰਦੇ ਕਤਲ ਕੀਤੇ ਗਏ। ਫਾਂਸੀਆਂ ਅਤੇ ਤੋਪਾਂ ਨਾਲ ਪਿੰਡਾਂ ਦੇ ਪਿੰਡ ਸਾਫ ਕੀਤੇ ਗਏ।

ਇਸ ਵੇਲੇ ਅੰਗਰੇਜ਼ਾਂ ਦੇ ਜ਼ੁਲਮ ਦੇ ਸਾਹਵੇਂ ਜੇ ਕੋਈ ਨਿਰਭੈ ਹੋ ਕੇ ਖਲੋਤਾ ਸੀ ਤਾਂ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸਿਖ ਕੂਕੇ ਹੀ ਸਨ।

ਮਹਾਨ ਸ਼ਹੀਦ ਸ: ਭਗਤ ਸਿੰਘ ਨੇ ਇਕ ਮਜ਼ਮੂਨ ਵਿਚ ਇਸ ਬਾਰੇ ਇਵੇਂ ਲਿਖਿਆ ਸੀ " ਪਰ ਇਹ ਤਾਂ ਮੰਨਣਾ ਹੀ ਪਵੇਗਾ ਕਿ ਇਸ ਵੇਲੇ ਗੁਰੂ ਜੀ ਨੂੰ ਦੇਸ਼ ਦੀ ਪਰਾਧੀਨਤਾ ਬੁਰੀ ਤਰ੍ਹਾਂ ਰੜਕੀ। ਉਹ ਸਮਝ ਗਏ ਸਨ ਕਿ ਗੁਲਾਮੀ ਦੇ ਨਾਲ ਦੇਸ਼ ਦੀ ਆਤਮਾ ਵੀ ਮਰਦੀ ਜਾ ਰਹੀ ਹੈ। ਲੋਕ ਸਵਾਧੀਨਤਾ ਦਾ ਵਿਚਾਰ ਤਕ ਛਡ ਬੈਠੇ ਸਨ। ਅਜੇ ਕਲ੍ਹ ਦੀ ਗੱਲ ਹੈ ਸੀ ਜਦ ਉਨ੍ਹਾਂ ਗਦਰ ਅਤੇ ਉਹਦੀ ਅਸਫਲਤਾ ਦੇ ਬਾਅਦ ਅਕਹਿ ਜ਼ੁਲਮ ਵੇਖੇ ਸੁਣੇ ਸਨ। ਉਸ ਦੀ ਉਹਨਾਂ ਨੂੰ ਜ਼ਰੂਰ ਠੇਸ ਲਗੀ ਹੋਵੇਗੀ। ਜੋ ਵੀ ਹੋਵੇ, ਉਹਨਾਂ ਵਿਦੇਸ਼ੀ ਹਕੂਮਤ ਦਾ ਖੋਖਲਾ-ਪਨ ਖੂਬ ਚੰਗੀ ਤਰ੍ਹਾਂ ਵੇਖ ਕੇ, ਇਕ ਪਰੋਗਰਾਮ ਬਣਾ ਕੇ ਕੰਮ ਅਰੰਭ ਦਿਤਾ। ਹੁਣ ਤਕ ਸਿਰਫ 'ਉਪਦੇਸ਼' ਹੀ ਹੁੰਦਾ ਸੀ, ਪਰ ਹੁਣ ਦੀਕਸ਼ਾ ਅਤੇ ਸੰਗਠਨ ਵੀ ਸ਼ੁਰੂ ਹੋ ਗਿਆ।

ਉਨ੍ਹਾਂ ਉਸ ਵੇਲੇ ਉਹੀ ਨਾ-ਮਿਲਵਰਤਨ ਦਾ ਪ੍ਰਚਾਰ ਸ਼ੁਰੂ ਕੀਤਾ, ਜੋ ੧੯੨੦ ਵਿਚ ਮਹਾਤਮਾ ਗਾਂਧੀ ਨੇ ਕੀਤਾ ਸੀ। ਉਨ੍ਹਾਂ ਦੀ ਨਾ-ਮਿਲਵਰਤਣ ਮਹਾਤਮਾ ਦੀ ਨਾ ਮਿਲਵਰਤਣ ਤੋਂ ਵੀ ਕਈ ਗਲਾਂ ਵਿਚ ਵਧ ਕੇ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਤਾਲੀਮ ਦਾ ਬਾਈਕਾਟ, ਬਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ, ਤਾਰ ਅਤੇ ਡਾਕ ਦੇ ਬਾਈਕਾਟ ਦਾ ਵੀ ਪਰਚਾਰ ਕੀਤਾ। ਉਸ ਵੇਲੇ ਦੇਸ਼ ਇੰਨਾ ਸਾਹ-ਸੱਤ ਹੀਣ ਹੋ ਕੇ ਉਨ੍ਹਾਂ ਚੀਜ਼ਾਂ ਉਤੇ ਇੰਨਾ ਨਿਰਭਰ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ



Namdhari Elibrary NamdhariElibrary@gmail.com

ਵੀ ਨਹੀਂ ਸੀ ਜਾ ਸਕਦੀ। ਇਸ ਤਰ੍ਹਾਂ ਉਨ੍ਹਾਂ ਡਾਕ ਦਾ ਪਰਬੰਧ ਆਪਣਾ ਇੰਨਾ ਚੰਗਾ ਕਰ ਲਿਆ ਸੀ ਕਿ ਭਾਈ ਪਰਮਾ ਨੰਦ ਦੇ ਲੇਖ ਅਨੁਸਾਰ ਉਨ੍ਹਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਸ਼ਤਾਬੀ ਪਹੁੰਚਦੀ ਸੀ। ਇਨ੍ਹਾਂ ਗੱਲਾਂ ਦੇ ਨਾਲ ਸਾਦਾ ਪਹਿਰਾਵੇ ਅਤੇ ਸਵਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। ਪਰਚਾਰ ਦਾ ਕੰਮ ਇੰਨੀ ਦੇਰ ਨਾ ਹੋ ਸਕਿਆ ਤੇ ਸਰਕਾਰ ਇਸ ਉਤੇ ਕਰੜੀ ਨਜ਼ਰ ਰਖਣ ਲਗੀ। ਉਸ ਨੂੰ ਇਸ ਪ੍ਰਚੰਡ ਅੰਦੋਲਨ ਨੂੰ ਨੱਪ ਦੇਣ ਦੀ ਚਿੰਤਾ ਹੋ ਗਈ। ..........

ਨਾਮਧਾਰੀਆਂ ਦੇ ਡਾਕ ਪਰਬੰਧ ਬਾਰੇ ਉਸ ਵੇਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੇਜਰ ਪਰਕਿਨਜ਼ ਨੇ ਆਪਣੀ ਰਿਪੋਰਟ ਵਿਚ ਇਵੇਂ ਲਿਖਿਆ:

ਕੂਕਿਆਂ ਜਾਂ ਸੰਤ ਖਾਲਸਿਆਂ ਦਾ ਆਪਸ ਦੀ ਡਾਕ ਦਾ ਆਪਣਾ ਹੀ ਨਿਜੀ ਪ੍ਰਬੰਧ ਹੈ, ਜੋ ਬਹੁਤ ਹੀ ਸ਼ਲਾਘਾ ਯੋਗ ਯੁਕਤੀ ਨਾਲ ਸੰਗਠਤ ਕੀਤਾ ਹੋਇਆ ਹੈ। ਖੁਫੀਆ ਹੁਕਮ ਜਾਂ ਹਦਾਇਤਾਂ ਉਸੇ ਤਰ੍ਹਾਂ ਚੁਫੇਰੇ ਭੇਜੀਆਂ ਜਾਂਦੀਆਂ ਹਨ, ਜਿਸ ਤਰ੍ਹਾਂ ਪੁਰਾਣੇ ਸਮਿਆਂ ਵਿਚ ਸਕਾਟਲੈਂਡ ਦੇ ਲੋਕੀ ਕੀਤਾ ਕਰਦੇ ਸਨ। ਇਕ ਪਿੰਡ ਵਾਲਾ ਕੂਕਾ ਦੂਸਰੇ ਕੂਕੇ ਦੇ ਸੰਦੇਸ਼ ਜਾਂ ਚਿਠੀ ਉਸ ਪਿੰਡ ਵਿਚ ਲਿਆਉਂਦੇ ਸਾਰ ਹੀ, ਇਕ ਦਮ ਸਭ ਕੰਮ ਕਾਰ ਛੱਡ ਕੇ ਦੂਸਰੇ ਨੀਯਤ ਹਰਕਾਰੇ ਵਲ ਜਾਂ ਆਪ ਹੀ ਦੂਸਰੀ ਮੰਜ਼ਲ ਵਲ ਨੂੰ ਦੌੜ ਪੈਂਦਾ ਹੈ। ਸਾਰੇ ਕੰਮ ਵਿਚਕਾਰ ਹੀ ਛੱਡ ਦਿੰਦਾ ਹੈ। ਜੇ ਰੋਟੀ ਖਾਂਦਾ ਹੋਵੇ, ਤਦ ਦੂਜੀ ਗਰਾਹੀ ਨਹੀਂ ਪਾਂਦਾ। ਨਾ ਹੀ ਪਹਿਲੇ ਹਰਕਾਰੇ ਤੋਂ ਕੋਈ ਸਵਾਲ ਪੁਛਦਾ ਹੈ। ਜ਼ਰੂਰੀ ਗਲਾਂ ਕਾਗਜ਼ ਤੇ ਲਿਖਕੇ, ਚਿਠੀ ਦੀ ਸ਼ਕਲ ਵਿਚ ਨਹੀਂ ਸਗੋਂ ਸੰਦੇਸ਼ ਰਾਹੀਂ ਜ਼ਬਾਨੀ ਭੇਜੀਆਂ ਜਾਂਦੀਆਂ ਹਨ। ਇਨ੍ਹਾਂ ਚਿਠੀਆਂ ਪਤਰਾਂ ਨੂੰ ਲਿਆਉਣ ਅਤੇ ਲੈਜਾਵਣ ਲਈ ਕੂਕੇ ਜਰਨੈਲੀ ਸੜਕ ਜਾਂ ਆਮ ਰਸਤੇ ਨਹੀਂ ਵਰਤਦੇ ਸਗੋਂ ਆਪਣੇ ਹੀ ਮਿਥੇ ਹੋਏ ਰਾਹ ਰਾਹੀਂ ਜਾਂਦੇ ਹਨ।"

ਇਸ ਸਮੇਂ ਸਰਕਾਰ ਨੂੰ ਵੀ ਰਿਪੋਰਟਾਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਕਿ ਕੂਕਿਆਂ ਦਾ ਪਰਚਾਰ ਸਰਕਾਰ ਵਿਰੋਧੀ ਹੈ।

ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿਸਟਰ ਮੈਕਨਾਬ ਨੇ ੫ ਅਪਰੈਲ ੧੮੬੩ ਨੂੰ ਕੂਕਿਆਂ ਸੰਬੰਧੀ ਪਹਿਲੀ ਰਿਪੋਰਟ ਸਰਕਾਰ ਨੂੰ ਦੇਂਦਿਆ ਲਿਖਿਆ ਕਿ :

ਲੁਧਿਆਣੇ ਜ਼ਿਲ੍ਹੇ ਦਾ ਇਕ ਬਜ਼ੁਰਗ ਸਿੱਖ ੨੦੦ ਆਦਮੀਆਂ ਨਾਲ ਫਿਰ ਰਿਹਾ ਹੈ। ਉਹ ਇਹਨਾਂ ਲੋਕਾਂ ਨੂੰ ਰਾਤ ਡਰਿਲ ਕਰਾਉਂਦਾ ਹੈ। ਬੰਦੂਕਾਂ ਦੀ ਥਾਂ ਲਾਠੀਆਂ ਫੜਾ ਕੇ। ਉਹ ਡੀਂਗ ਮਾਰਦਾ ਹੈ ਕਿ ਉਸ ਦੇ ਪੰਜ ਹਜ਼ਾਰ ਚੇਲੇ ਹਨ ਅਤੇ ਉਹ ਕਿਸੇ ਹਾਕਮ ਦੀ ਈਨ ਨਹੀਂ ਮੰਨਦਾ।

ਇਸ ਰਿਪੋਰਟ ਬਾਅਦ ਸਰਕਾਰ ਨੇ ਸਭ ਜ਼ਿਲ੍ਹਾਂ ਅਧਿਕਾਰੀਆਂ ਨੂੰ ਕੂਕਿਆਂ ਤੇ ਕਰੜੀ ਨਜ਼ਰ ਰਖਣ ਦੀ ਹਦਾਇਤ ਕਰ ਦਿਤੀ।

੨ ਤੇ ੩ ਜੂਨ ੧੮੬੩ ਨੂੰ ਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਵਿਚ ਸਾਦੇ ਸਸਤੇ ਦਾਜ ਦਹੇਜ ਰਹਿਤ ਅੰਤਰਜਾਤੀ ਸਮੂਹਕ ਅਨੰਦ ਕਾਰਜਾਂ ਦੀ ਰੀਤ ਚਾਲੂ ਕਰਨ ਵਾਸਤੇ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਵਿਚ ਇਕ ਮੇਲਾ ਕੀਤਾ। ਉਸ ਸਮੇਂ ਬਾਘੇ ਪੁਰਾਣੇ ਦੇ ਥਾਣੇ ਵਿਚ ਚੌਕੀਦਾਰ ਨੇ ਇਹ ਰਿਪੋਰਟ ਦਰਜ ਕਰਵਾਈ।

" ਦੋ ਤਿੰਨ ਦਿਨ ਤੋਂ ਰਾਮ ਸਿੰਘ ਅਤੇ ਉਸਦੇ ੫੦੦ ਪੈਰੋਕਾਰ ਖੋਟੇ ਪਿੰਡ ਇਕੱਠੇ ਹੋਏ ਹਨ ਅਤੇ ਉਨ੍ਹਾਂ ਦੇ ਚਾਲੇ ਵਖਰੇ ਜਿਹੇ ਹੀ ਜਾਪਦੇ ਹਨ। ਉਹ ਸਰਕਾਰ ਵਿਰੁਧ ਗਲਾਂ ਕਰਦੇ ਹਨ, ਉਹ ਕਹਿੰਦੇ ਹਨ ਕਿ ਛੇਤੀ ਹੀ ਸਾਰਾ ਮੁਲਕ ਉਨ੍ਹਾਂ ਦਾ ਹੋ ਜਾਵੇਗਾ। ਉਨ੍ਹਾਂ ਪਿਛੇ ਸਵਾ ਲਖ ਆਦਮੀ ਹੋਵੇਗਾ। ਮਾਮਲੇ ਵਜੋਂ ਉਹ ਕਿਸਾਨਾਂ ਤੋਂ ਸਿਰਫ ਪੈਦਾਵਾਰ ਦਾ ਪੰਜਵਾ ਹਿਸਾ ਹੀ ਲਿਆ ਕਰਨਗੇ।

ਕੂਕਿਆਂ ਦੇ ਪਰਚਾਰ ਉਤੇ ਸਰਕਾਰ ਵਲੋਂ ਪੂਰਨ ਪਾਬੰਦੀ ਲਾ ਦਿਤੀ ਗਈ ਅਤੇ ਮੇਲਾ ਪੁਲਿਸ ਦਖਲ ਨਾਲ ਬਰਖਾਸਤ ਕੀਤਾ ਗਿਆ।

ਇਸ ਸਮੇਂ ਮੇਜਰ ਮੈਕ ਐਂਡਰੀਊ ਡੀ. ਆਈ. ਜੀ. ਰੇਂਜ ਇਕ ਨੇ ੯ ਜੂਨ ਦੀ ਰਿਪੋਰਟ ਵਿਚ ਲਿਖਿਆ ਕਿ " ਗੁਰੂ ਰਾਮ ਸਿੰਘ ਦੇ ਪਰਚਾਰ ਨੇ ਪੰਜਾਬ ਵਿਚ ਬੜੀ ਵੱਡੀ ਤਰਥੱਲੀ ਮਚਾ ਦਿਤੀ ਹੈ।"

ਸਰਕਾਰ ਨੇ ਕਈ ਵਾਰ ਪਾਬੰਦੀਆਂ ਲਾਈਆਂ ਅਤੇ ਹਟਾਈਆਂ ਪਰ ਕੂਕਿਆਂ ਦੀਆਂ ਸਰਗਰਮੀਆਂ ਵਧਦੀਆਂ ਹੀ ਗਈਆਂ। ਗੁਰੂ ਰਾਮ ਸਿੰਘ ਜੀ ਨੇ ਆਪਣੇ ੨੨ ਖਾਸ ਮੁਖੀਆਂ ਜਿਨ੍ਹਾਂ ਨੂੰ ਸੂਬੇ ਕਿਹਾ ਜਾਂਦਾ ਸੀ, ਰਾਹੀਂ ਸਾਰੇ ਦੇਸ਼ ਵਿਚ ਪਰਚਾਰ ਦੀ ਧੂਮ ਮਚਾ ਦਿਤੀ ਅਤੇ ਅੰਮ੍ਰਿਤਸਰ ਦੀ ਦੀਵਾਲੀ ਅਤੇ ਅਨੰਦਪੁਰ ਦੇ ਹੋਲਿਆਂ ਤੇ ਹਜ਼ਾਰਾਂ ਨਾਮਧਾਰੀ ਪੁਜੇ ਸਨ। ਰਿਪੋਰਟਾਂ ਅਨੁਸਾਰ ਸਤ ਲਖ ਲੋਕ ਗੁਰੂ ਰਾਮ ਸਿੰਘ ਦੇ ਝੰਡੇ ਹੇਠ ਇਕੱਤਰ ਹੋ ਗਏ ਸਨ।

ਇਸੇ ਸਮੇਂ ਦੌਰਾਨ ਗੁਰੂ ਰਾਮ ਸਿੰਘ ਜੀ ਨੇ ਕਸ਼ਮੀਰ, ਨੇਪਾਲ, ਅਫਗਾਨਿਸਤਾਨ, ਭੂਟਾਨ ਅਤੇ ਰੂਸ ਦੀਆਂ ਸਰਕਾਰਾਂ ਨਾਲ ਸੰਪਰਕ ਸਥਾਪਤ ਕੀਤੇ। ਕਸ਼ਮੀਰ ਵਿਚ ਇਕ ਕੂਕਾ ਰਜਮੰਟ ਵੀ ਖੜ੍ਹੀ ਕੀਤੀ ਗਈ। ਨੇਪਾਲ ਸਰਕਾਰ ਵਲ ਇਕ ਸਦ-ਭਾਵਨਾ ਵਫਦ ਭੇਜਿਆ ਗਿਆ ਜਿਸਦੀ ਉਥੇ ਸ਼ਾਹੀ ਆਓ ਭਗਤ ਕੀਤੀ ਗਈ ਅਤੇ ਤੋਹਫਿਆਂ ਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ ਗਿਆ।

ਜਿਥੇ ਸਰਕਾਰ ਇਹਨਾਂ ਸਾਰੀਆਂ ਗਲਾਂ ਤੋਂ ਭੈ-ਭੀਤ ਹੋ ਰਹੀ ਸੀ ਉਥੇ ਕੂਕਿਆਂ ਦੇ ਦੀਵਾਨਾਂ ਵਿਚ ਖੁਲ੍ਹੇ ਆਮ ਇਹ ਸ਼ਬਦ ਪੜ੍ਹੇ ਜਾਂਦੇ ਸਨ:



Namdhari Elibrary NamdhariElibrary@gmail.com

—ਅਸਾਂ ਹਿੰਦ ਵਿਚ ਗ਼ਦਰ ਮਚਾਉਣਾ
ਕਢਣਾ ਫਿਰੰਗੀਆਂ ਨੂੰ।
—ਨਹੀਂ ਰਖਣੀ ਸਰਕਾਰ ਗੋਰੀ ਨਹੀਂ ਰਖਣੀ।
—ਨੱਸੇ ਜਾਣ ਫਰੰਗੀ ਵਜੇ ਘੁੰਗਰੂ।
—ਦਿਨ ਤਾਂ ਰਹਿ ਗਏ ਥੋਹੜੇ ਹੁਣ ਕੀ ਦੇਖਦੇਂ
ਨੱਸੇ ਜਾਂਦੇ ਗੋਰੇ ਹੁਣ ਕੀ ਦੇਖਦੇਂ।

ਹੁਣ ਅੰਗਰੇਜ਼ ਸਰਕਾਰ ਬਹਾਨਿਆਂ ਦੀ ਭਾਲ ਵਿਚ ਸੀ ਜਿਸ ਰਾਹੀਂ ਇਸ ਲਹਿਰ ਤੇ ਮਾਰੂ ਵਾਰ ਕੀਤਾ ਜਾਵੇ। ਇਹ ਸਮਾਂ ਵੀ ਆ ਗਿਆ।

ਸੰਨ ੧੮੭੧ ਨੂੰ ਗਊ ਹਤਿਆ ਦੇ ਮਾਮਲੇ ਵਿਚ ਅੰਮ੍ਰਿਤਸਰ ਰਾਇਕੋਟ ਆਦਿ ਥਾਵਾਂ ਤੇ ਬੁਚੜਾਂ ਨੂੰ ਕਤਲ ਕਰਕੇ ਕੁਝ ਕੂਕੇ ਸਿਖਾਂ ਨੇ ਅੰਗਰੇਜ਼ੀ ਸਰਕਾਰ ਨੂੰ ਖੁਲ੍ਹਾ ਚੈਲੰਜ ਦੇ ਦਿਤਾ।

ਆਪਣੇ ਉੱਚੇ ਚਰਿਤਰ ਦਾ ਮੁਜ਼ਾਹਰਾ ਕਰਦਿਆਂ ਕੂਕਿਆਂ ਨੇ ਤਾਂ ਗੁਰੂ ਰਾਮ ਸਿੰਘ ਜੀ ਦੇ ਆਦੇਸ਼ਾਂ ਤੇ ਚਲਦਿਆਂ ਅੰਮ੍ਰਿਤਸਰ ਅਦਾਲਤ ਵਿਚ ਪੇਸ਼ ਹੋ ਕੇ ਬੇਦੋਸ਼ਿਆਂ ਨੂੰ ਛੁਡਵਾ ਕੇ ਆਪ ਫਾਂਸੀ ਕਬੂਲ ਕੀਤੀ ਪਰ ਦੂਸਰੇ ਬੰਨੇ ਰਾਇਕੋਟ ਕੇਸ ਵਿਚ ਇਕ ਨਾਮਧਾਰੀ ਸਿੰਘ ਨੂੰ ਬੇਦੋਸ਼ੇ ਨੂੰ ਹੀ ਫਾਹੇ ਲਾਇਆ ਗਿਆ। ਥੋਹੜੇ ਚਿਰ ਪਿਛੋਂ ਮਾਲੇਰਕੋਟਲੇ ਦਾ ਮਸ਼ਹੂਰ ਭਿਆਨਕ ਸਾਕਾ ਵਾਪਰ ਗਿਆ।

੧੭-੧੮ ਜਨਵਰੀ ੧੮੭੨ ਨੂੰ ਮਲੇਰਕੋਟਲੇ ਦੇ ਲਾਗਲੇ ਰੱਕੜ ਵਿਚ ਹਜ਼ਾਰਾਂ ਭੈ-ਭੀਤ ਲੋਕਾਂ ਦੀ ਭੀੜ ਸਾਹਮਣੇ ੬੫ ਨਾਮਧਾਰੀ ਸੂਰਬੀਰਾਂ ਨੂੰ ਤੋਪਾਂ ਦੇ ਗੋਲਿਆਂ ਨਾਲ ਉਡਾ ਦਿਤਾ ਗਿਆ । ਮਿਸਟਰ ਕਾਵਨ ਨੇ ਇਹ ਕਾਰਾ ਬਗੈਰ ਮੁਕਦਮਾ ਚਲਾਇਆ ਹੀ ਕੀਤਾ।

ਇਸੇ ਹੀ ਦਿਨ ਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਮੁਖੀ ਸੂਬਿਆਂ ਨੂੰ ਸ੍ਰੀ ਭੈਣੀ ਸਾਹਿਬ ਤੋ ਗ੍ਰਿਫਤਾਰ ਕਰ ਕੇ ਬੰਗਾਲ ਰੈਗੂਲੇਸ਼ਨ ਐਕਟ ੧੮੧੮ ਦੀ ਧਾਰਾ ਤਿੰਨ ਅਧੀਨ ਬਗੈਰ ਮੁਕਦਮਾ ਚਲਾਇਆਂ ਤੇ ਬਗੈਰ ਦੋਸ਼ ਸਾਬਤ ਕੀਤਿਆਂ ਬਰਮਾ ਦੇਸ਼ ਵਿਚ ਜਲਾਵਤਨ ਕੀਤਾ ਗਿਆ। ਨਾਮੀ ਗਰਾਮੀ ਨਾਮਧਾਰੀ ਨੇਤਾਵਾਂ ਨੂੰ ਮੌਲਮੀਨ ਰੰਗੂਨ, (ਬਰਮਾ) ਅਦਨ (ਅਰਬ) ਚੁਨਾਰ, ਅਸੀਰ ਗੜ੍ਹ ਅਤੇ ਹਜਾਰੀ ਬਾਗ ਦੀਆਂ ਜੇਲ੍ਹਾਂ ਵਿਚ ਡਕਿਆ ਗਿਆ ਅਤੇ ਸਮੁਚਾ ਨਾਮਧਾਰੀ ਪੰਥ ਗੈਰ ਕਨੂੰਨੀ ਕਰਾਰ ਦੇ ਕੇ ਪਿੰਡ ਪਿੰਡ ਜੂਹ-ਬੰਦ ਕਰ ਦਿਤਾ ਗਿਆ। ਤਲਾਸ਼ੀਆਂ ਕੁਰਕੀਆਂ ਜੁਰਮਾਨਿਆਂ ਅਤੇ ਕੈਦਾਂ ਦਾ ਅਰੁਕ ਸਿਲਸਲਾ ਚਲ ਪਿਆ। ਗੁਰਦੁਆਰਾ ਭੈਣੀ ਸਾਹਿਬ ਦੇ ਦਰਾਂ ਮੂਹਰੇ ਪੰਜਾਹ ਸਾਲ ਤਕ ਪੁਲੀਸ ਦੀ ਸਪੈਸ਼ਲ ਚੌਕੀ ਕਾਇਮ ਰਖੀ ਗਈ।

ਗੁਰੂ ਰਾਮ ਸਿਘ ਦੇ ਪ੍ਰਦੇਸ਼ ਗਵਨ ਬਾਦ ਕੂਕੇ ਉਹਨਾਂ ਨੂੰ ਮਿਲਣ ਬਰਮਾ ਜਾਂਦੇ ਤਾਂ ਰਾਹ ਵਿਚ ਸਮੁੰਦਰ ਵਿਚ ਡੋਬ ਦਿਤੇ ਜਾਂਦੇ। ਇਸ ਸਮੇਂ ਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਗੁਰੂ ਹਰੀ ਸਿੰਘ ਨੇ ਆਪਣਾ ਗੁਪਤ ਸੰਪਰਕ ਇਕ ਪਾਸੇ ਤਾਂ ਬਰਮਾ ਵਿਚ ਗੁਰੂ ਰਾਮ ਸਿੰਘ ਨਾਲ ਰਖਿਆ ਤੇ ਦੂਸਰੇ ਪਾਸੇ ਰੂਸੀ ਤੁਰਕਸਤਾਨ ਵਲ ਸੂਬਾ ਗੁਰਚਰਨ ਸਿੰਘ ਨੂੰ ਭੇਜਿਆ। ਇਸ ਸਮੇਂ ਹੀ ਕੂਕਿਆਂ ਨੇ ਪੰਜਾਬ ਦੇ ਜਲਾਵਤਨ ਮਹਾਰਾਜਾ ਦਲੀਪ ਸਿੰਘ ਤਕ ਵੀ ਇੰਗਲੈਂਡ ਵਿਚ ਪਹੁੰਚ ਕੀਤੀ ਤੇ ਉਸ ਨੂੰ ਦੇਸ਼ ਪਰਤਣ ਦਾ ਸੱਦਾ ਦਿਤਾ।

ਕੂਕਿਆਂ ਨੂੰ ਆਪਣੇ ਵਲ ਖਿਚਣ ਵਾਸਤੇ ਅੰਗਰੇਜ਼ ਨੇ ਜਤਨ ਕਰਦਿਆਂ ਗੁਰੂ ਹਰੀ ਸਿੰਘ ਜੀ ਨੂੰ ਲੰਗਰ ਵਾਸਤੇ ੨੫੦੦ ਏਕੜ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ ਪਰ ਇਹ ਕਹਿੰਦਿਆਂ ਇਹ ਪੇਸ਼ਕਸ਼ ਠੁਕਰਾ ਦਿਤੀ ਕਿ ਸਾਡਾ ਤਾਂ ਸਾਰਾ ਦੇਸ਼ ਹੈ ਸਾਡੀ ਚੀਜ਼ ਸਾਨੂੰ ਹੀ ਦਾਨ ਕਰ ਰਹੇ ਹੋ?

੧੯੧੪ ਦੀ ਵਡੀ ਜੰਗ ਵੇਲੇ ਭਰਤੀ ਦੇ ਹੱਕ ਵਿਚ ਮਦਦ ਦੇਣ ਦੇ ਬਦਲੇ ਅੰਗਰੇਜ਼ ਨੂੰ ਉਸ ਵਕਤ ਦੇ ਨਾਮਧਾਰੀ ਰਾਹਨੁਮਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੁੜ ਜ਼ਮੀਨ ਦੀ ਪੇਸ਼ਕਸ਼ ਕੀਤੀ ਪਰ ਉਹਨਾਂ ਵੀ ਇਹ ਕਬੂਲ ਨਾ ਕੀਤੀ।

ਜਦੋਂ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨੇ ਗੁਰੂ ਰਾਮ ਸਿੰਘ ਦੇ ਰਸਤੇ ਚਲਦਿਆਂ ਨਾ-ਮਿਲਵਰਤਨ ਦੀ ਲਹਿਰ ਚਲਾਈ ਤਾਂ ਕੂਕੇ ਵੱਡੀ ਗਿਣਤੀ ਵਿਚ ਇਸ ਨਾਲ ਸ਼ਾਮਲ ਹੋ ਗਏ। ਮੋਰਚਿਆਂ ਦੇ ਡਿਕਟੇਟਰ ਰਹੇ ਅਤੇ ਪਿਕਟਿੰਗ ਕੀਤੀ

੧੯੨੯ ਨੂੰ ਲਹੌਰ ਕਾਂਗਰਸ ਸੈਸ਼ਨ ਵਿਚ ਸੰਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ। ਇਸ ਸੈਸ਼ਨ ਦੀ ਸਫਲਤਾ ਵਾਸਤੇ ਕੂਕਿਆਂ ਲੰਗਰ ਦਾ ਪ੍ਰਬੰਧ ਕੀਤਾ, ਖੜ੍ਹੇ ਜਲੂਸ ਵਾਸਤੇ ਘੋੜਿਆਂ ਦਾ ਪ੍ਰਬੰਧ ਕੀਤਾ।

ਕੂਕਾ ਲਹਿਰ ਨੇ ਹੋਰ ਦੇਸ਼ ਭਗਤ ਅੰਦੋਲਨਾਂ ਨੂੰ ਵੀ ਪਰਭਾਵਤ ਕੀਤਾ। ਗਦਰ ਪਾਰਟੀ ਦੇ ਬਾਨੀ ਪਰਧਾਨ ਬਾਬਾ ਸੋਹਨ ਸਿੰਘ ਭਕਨਾ ਵੀ ਨਾਮਧਾਰੀ ਲਹਿਰ ਤੋਂ ਹੀ ਪ੍ਰੇਰਿਤ ਸਨ ਤੇ ਕਈ ਵਾਰ ਭੈਣੀ ਸਾਹਿਬ ਆ ਚੁਕੇ ਸਨ।

ਸੰਨ ੧੯੩੮ ਦੇ ਇਕ ਲੇਖ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ।

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਰ ਭੂਮੀ ਨੂੰ ਸੁਤੰਤਰਤਾ ਦਿਲਾਣ ਲਈ ਅੱਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਸ਼ਾਲੀ ਪਰੀਸ਼੍ਰਮ ਕੀਤਾ ਉਸ ਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ।"

ਸੱਚ ਮੁਚ ਹੀ ਕੂਕਾ ਲਹਿਰ ਦੀ ਆਜ਼ਾਦੀ ਅੰਦੋਲਨ ਤੇ ਡੂੰਘੀ ਛਾਪ ਹੈ।



Namdhari Elibrary NamdhariElibrary@gmail.com

# ਭਾਰਤ ਵਿੱਚ ਆਜ਼ਾਦੀ ਦਾ ਪਹਿਲਾ ਆਗੂ

—ਤਰਲੋਚਨ ਸਿੰਘ



ਕਦੇ ਤਸੱਵਰ ਕਰੋ ਅੰਗਰੇਜ਼ ਦਾ ਰਾਜ ਸਾਰੇ ਦੇਸ਼ ਵਿੱਚ 1849 ਤੋਂ ਮੁਕੰਮਲ ਹੋ ਚੁੱਕਾ ਸੀ। ਸਭ ਤੋਂ ਅਖੀਰ ਪੰਜਾਬ ਦੀ ਜੰਗ ਹੋਈ, ਜੋ ਅੰਗਰੇਜ਼ ਨੇ ਸਾਜ਼ਿਸ਼ ਨਾਲ ਜਿੱਤੀ ਸੀ। ਬੰਗਾਲ ਤੋਂ ਅਰੰਭ ਕਰਕੇ ਸਾਰੇ ਇਲਾਕੇ ਉਹ ਜਿੱਤ ਕੇ ਅਗੇ ਵਧਦੇ ਰਹੇ। ਉਸ ਸਮੇਂ ਕੋਈ ਸੋਚ ਸਕਦਾ ਸੀ ਕਿ ਇਤਨੀ ਸ਼ਕਤੀਵਾਨ ਸਰਕਾਰ ਵਿਰੁਧ ਕਦੇ ਕੋਈ ਆਵਾਜ਼ ਉਠੇਗੀ? ਆਮ ਲੋਕਾਂ ਵਿੱਚ ਆਪਸੀ ਵਿਸ਼ਵਾਸ ਹੀ ਮੁਕ ਚੁੱਕਾ ਸੀ। ਵੱਡੇ-ਵੱਡੇ ਰਾਜੇ ਜੋ ਕਦੇ ਹੁਕਮਰਾਨ ਸਨ ਤੇ ਹੋਰ ਅਮੀਰ ਜ਼ਮੀਨਾਂ ਦੇ ਮਾਲਕ ਸਰਕਾਰ ਦੇ ਹੱਥ-ਠੋਕੇ ਬਣ ਗਏ ਸਨ। ਭਾਰਤ ਵਿਚੋਂ ਸਾਰੀ ਆਰਥਿਕ ਸ਼ਕਤੀ ਵਲੈਤ ਜਾਣ ਲਗ ਗਈ ਸੀ। ਵਿਦੇਸ਼ੀ ਕੱਪੜਾ ਤੇ ਹੋਰ ਸਮਾਨ ਅੰਗਰੇਜ਼ ਵੇਚਕੇ ਭਾਰਤ ਦੀ ਸ਼ਕਤੀ ਨੂੰ ਖਤਮ ਕਰ ਰਿਹਾ ਸੀ।

ਉਸ ਸਮੇਂ ਇਕ ਸਾਧਾਰਨ ਕਿਰਤੀ ਕਿਸਾਨ ਪੰਜਾਬ ਦੀ ਧਰਤੀ ਤੋਂ ਕਿਵੇਂ ਉੱਚੀ ਆਵਾਜ਼ ਵਿੱਚ ਇਸ ਵਿਦੇਸ਼ੀ ਸਰਕਾਰ ਵਿਰੁੱਧ ਖੜਾ ਹੋ ਸਕਿਆ ਸੀ। ਉਸ ਦੀ ਉਮਰ ਉਸ ਵਕਤ 40 ਸਾਲ ਦੀ ਸੀ ਤੇ ਉਹ ਇੱਕ ਪਿੰਡ ਵਾਸੀ ਸੀ। ਅੰਗਰੇਜ਼ ਸਰਕਾਰ ਦੀ ਸੀ.ਆਈ. ਡੀ. ਬੜੀ ਚੁਸਤ ਸੀ। ਉਨ੍ਹਾਂ ਨੂੰ ਵਿਰੋਧ ਦੀ ਖਬਰ ਤੁਰੰਤ ਮਿਲ ਜਾਂਦੀ ਸੀ। ਅੰਬਾਲੇ ਦਾ ਕਮਿਸ਼ਨਰ ਅੰਗਰੇਜ਼ ਹੁੰਦਾ ਸੀ। ਉਸ ਨੇ ਤੁਰੰਤ ਇਤਲਾਹ ਇਕੱਠੀ ਕੀਤੀ। ਪਤਾ ਲਗਾ ਕਿ ਲੁਧਿਆਣੇ ਦੇ ਨੇੜੇ ਭੈਣੀ ਪਿੰਡ ਵਿਚ ਇੱਕ ਸਾਬਕਾ ਫੌਜੀ ਇਸ ਵਿਰੋਧ ਦਾ ਲੀਡਰ ਹੈ। ਉਸ ਦਿਨ ਤੋਂ ਹੀ ਭੈਣੀ ਪਿੰਡ ਅੰਗਰੇਜ਼ ਦੀ ਨਿਗਰਾਨੀ ਵਿੱਚ ਆ ਗਿਆ ਸੀ।

ਇਹ ਸਿਆਸੀ ਕਰਾਮਾਤ ਕਰਨ ਵਾਲਾ ਸਤਿਗੁਰੂ ਰਾਮ ਸਿੰਘ ਸੀ ਜਿਸ ਦਾ 200ਵਾਂ ਜਨਮ ਦਿਨ ਅੱਜ ਮਨਾ ਰਹੇ ਹਾਂ। ਇਕ ਸਿੱਖ ਪਰਵਾਰ ਵਿੱਚ ਇਨ੍ਹਾਂ ਦਾ ਜਨਮ 3 ਫਰਵਰੀ 1816 ਨੂੰ ਹੋਇਆ ਸੀ। ਉਸ ਸਮੇਂ ਪੰਜਾਬ ਸਿੱਖ ਰਾਜ ਸੀ। ਪਰ ਇਹ ਰਾਜ ਕੇਵਲ ਸਤਲੁਜ ਦਰਿਆ ਤਕ ਸੀਮਤ ਸੀ। ਭੈਣੀ ਪਿੰਡ ਲੁਧਿਆਣਾ ਦੇ ਇਲਾਕਾ ਵਿੱਚ ਸੀ ।ਅੰਗਰੇਜ਼ਾਂ ਦੇ ਤਹਿਤ ਸੀ। ਉਹ ਰਾਮ ਸਿੰਘ ਜਵਾਨੀ ਵਿੱਚ ਪੈਰ ਧਰਦਿਆਂ ਹੀ ਲਾਹੌਰ ਜਾ ਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਿਆ ਸੀ। ਉਨ੍ਹਾਂ ਨੂੰ ਕੰਵਰ ਨੌਨਿਹਾਲ ਸਿੰਘ ਪਲਟਨ ਵਿੱਚ ਰੱਖਿਆ ਗਿਆ ਸੀ। 1841 ਈ: ਵਿੱਚ ਉਹ ਪਿਸ਼ਾਵਰ ਪੁੱਜੇ। ਉਦੋਂ ਉਥੇ ਸਿੱਖਾਂ ਦੀ ਹਕੂਮਤ ਫੈਲ ਚੁੱਕੀ ਸੀ। ਉਥੇ ਉਨ੍ਹਾਂ ਦੀ ਮੁਲਾਕਾਤ ਰੂਹਾਨੀ ਗੁਰੂ ਬਾਬਾ ਬਾਲਕ ਸਿੰਘ ਨਾਲ ਹੋ ਗਈ। ਇਹ ਉਨ੍ਹਾਂ ਲਈ ਵਰਦਾਨ ਬਣੀ ਤੇ ਧਾਰਮਕ ਧਿਆਨ ਵਿੱਚ ਲੈ ਗਈ। ਉਹ ਫ਼ੌਜ ਵਿਚ 1845 ਤਕ ਰਹੇ। ਉਨ੍ਹਾਂ ਦਾ ਮਨ ਭਗਤੀ ਵਿੱਚ ਲੱਗ ਚੁੱਕਾ ਸੀ। ਫ਼ੌਜ ਛੱਡਕੇ ਆਪਣੇ ਪਿੰਡ ਆ ਗਏ। ਇਥੇ ਆ ਕੇ ਉਨ੍ਹਾਂ ਨੇ ਤਪੱਸਿਆ ਕਰਦਿਆਂ ਗੁਰੂ ਨਾਨਕ ਜੀ ਦੀ ਮਨੁੱਖੀ ਆਜ਼ਾਦੀ ਦੇ ਸ਼ਬਦ ਯਾਦ ਕੀਤੇ। ਗੁਰੂ ਗੋਬਿੰਦ ਸਿੰਘ ਜੀ ਦਾ ਮੁਗਲਾਂ ਵਿਰੁੱਧ ਸੰਘਰਸ਼ ਆਦਰਸ਼ ਬਣਾਇਆ। ਆਪਣੇ ਪਿੰਡ ਵਿੱਚ ਹੀ ਸੰਗਤ ਦਾ ਇਕੱਠ ਕਰਨ ਲਗ ਗਏ। ਮਿਕਨਾਤੀਸੀ ਸ਼ਕਤੀ ਉਨ੍ਹਾਂ ਵਿੱਚ ਆ ਗਈ ਸੀ। 10 ਸਾਲ ਉਨ੍ਹਾਂ ਆਪਣੀ ਸੰਗਤ ਨੂੰ ਉਪਦੇਸ਼ ਦੇ ਕੇ ਆਜ਼ਾਦੀ ਲਈ ਤਿਆਰ ਕੀਤਾ। ਵਿਦੇਸ਼ੀ ਕੱਪੜੇ ਦਾ ਬਾਈਕਾਟ ਕਰਕੇ ਖੱਦਰ ਦੇ ਕੱਪੜੇ ਪਾਣ ਦੀ ਆਦਤ ਬਣਾ ਦਿਤੀ। ਆਪਣੇ ਸੇਵਕ ਸਾਰੇ ਪੰਜਾਬ ਵਿੱਚ ਭੇਜਕੇ ਸੰਘਰਸ਼ ਲਈ ਤਿਆਰ ਕੀਤੇ। ਭਗਤੀ ਦੀ ਲਹਿਰ ਵਿੱਚ ਨਾਮ ਜਪਣ ਦੀ ਪਰੇਰਨਾ ਕੀਤੀ। ਨਾਮ ਜਪਣ ਵਾਲਿਆਂ ਨੂੰ ਨਾਮਧਾਰੀ ਕਹਿਣ ਲੱਗ ਗਏ। ਇਲਾਕਾ ਇੰਚਾਰਜ ਸੂਬੇ ਕਹਿਲਾਣ ਲੱਗ ਗਏ। 1857 ਵਿੱਚ ਉਨ੍ਹਾਂ ਆਪਣੇ ਕਾਨੂੰਨ ਕਾਇਦੇ ਬਣਾਏ। ਆਪਣੇ ਬੰਦੇ ਡਾਕ ਵੰਡਣ ਲਾ ਦਿੱਤੇ।

ਪਿੰਡਾਂ ਵਿੱਚ ਸਤਿਕਾਰ ਵੱਧਦਾ ਗਿਆ। ਵੱਡੇ ਇਕੱਠ ਹੋਣ ਲੱਗ ਪਏ। ਅੰਗਰੇਜ਼ਾਂ ਦੇ ਜਸੂਸ ਖ਼ਬਰਾਂ ਭੇਜਦੇ ਰਹੇ। ਨਾਮਧਾਰੀ ਸੰਗਤ ਕੀਰਤਨ ਕਰਦੀ, ਸ਼ਬਦ ਪੜ੍ਹਦੀ, ਉੱਚੀ ਸੁਰ ਵਿੱਚ ਗਾਉਂਦੀ। ਇਹਨਾਂ ਨੂੰ ਕੂਕੇ ਕਹਿਣ ਲੱਗ ਪਏ। ਜਦ ਸਿੱਖਾਂ ਵਿੱਚ ਪੂਰੀ ਤਰ੍ਹਾਂ ਲਹਿਰ ਪੱਕ ਗਈ ਤਾਂ ਕਈ ਨਿਯਮ ਬਣੇ। ਖਾਸ ਕਰਕੇ ਵੈਸ਼ਨੂੰ ਰਹਿਣਾ, ਗਊ ਦੀ ਰੱਖਿਆ ਕਰਨੀ। 1863 ਵਿੱਚ ਨਾਮਧਾਰੀਆਂ ਦਾ ਇਕੱਠ ਅੰਮ੍ਰਿਤਸਰ ਵਿੱਚ ਰੱਖਿਆ ਗਿਆ ਪਰ ਸਰਕਾਰ ਨੇ ਉਥੇ ਪੂਰੀ ਚੌਕਸੀ ਰੱਖੀ। ਇਸ ਦੀ ਕਾਮਯਾਬੀ ਨੂੰ ਅੰਗਰੇਜ਼ਾਂ ਨੇ ਆਪਣੇ ਵਿਰੁੱਧ ਸਮਝਿਆ। ਇਸ ਪਿੱਛੋਂ ਮੁਕਤਸਰ ਮਾਘੀ ਤੇ ਇਕੱਠ ਕਰਨ ਦੀ ਆਗਿਆ ਨਾ ਦਿੱਤੀ। ਸ਼ਾਂਤਮਈ



Namdhari Elibrary NamdhariElibrary@gmail.com

ਨਾਲ ਸਤਿਗੁਰੂ ਰਾਮ ਸਿੰਘ ਆਪਣਾ ਪਰਚਾਰ ਕਰਦੇ ਰਹੇ। ਪਰ ਸਰਕਾਰ ਨੇ ਇਹਨਾਂ ਨੂੰ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ। ਬਿਨਾਂ ਆਗਿਆ ਤੋਂ ਬਾਹਰ ਜਾਣ ਦੀ ਪਾਬੰਦੀ ਲਾ ਦਿੱਤੀ। 1867 ਵਿੱਚ ਹੋਲੇ ਮਹੱਲੇ ਸਮੇਂ ਇੱਕ ਅਦੁੱਤੀ ਇਕੱਠ ਅਨੰਦਪੁਰ ਸਾਹਿਬ ਵਿੱਚ ਕੀਤਾ। ਸਾਰੇ 21 ਸੂਬੇ ਅਤੇ 2000 ਘੋੜ ਸਵਾਰ ਸੇਵਕ ਅਤੇ ਵੀਹ ਹਜ਼ਾਰ ਪੈਦਲ ਉੱਥੇ ਪੁੱਜੇ। ਇਹ ਉਸ ਸਮੇਂ ਪਹਿਲਾ ਖਾਲਸਾਈ ਪ੍ਰਦਰਸ਼ਨ ਸੀ। ਜਿਸ ਨੇ ਅੰਗਰੇਜ਼ਾਂ ਨੂੰ ਹਿਲਾ ਦਿੱਤਾ। 1999 ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਖ਼ਾਲਸੇ ਦੇ 300 ਸਾਲਾ ਜਨਮ ਤੇ ਨਾਮਧਾਰੀ ਸੰਮੇਲਨ ਅਨੰਦਪੁਰ ਸਾਹਿਬ ਕਰਕੇ ਹਰ ਪਾਸੇ ਚਿੱਟੇ ਕੱਪੜਿਆਂ ਦੀ ਲਹਿਰ ਬਹਿਰ ਲਾ ਦਿੱਤੀ ਸੀ। ਨਾਮਧਾਰੀਆਂ ਵਿੱਚ ਜੋਸ਼ ਵਧ ਗਿਆ ਸੀ।

ਇਸ ਦੌਰਾਨ ਅੰਮ੍ਰਿਤਸਰ ਵਿੱਚ ਮੁਸਲਮਾਨ ਬੁੱਚੜ ਜੋ ਗਊ ਮਾਰ ਕੇ ਵੇਚਦੇ ਸਨ ਉਹਨਾਂ ਨਾਲ 1871 ਵਿੱਚ ਨਾਮਧਾਰੀ ਸਿੱਖਾਂ ਬੁਚੜਖਾਨਾ ਬੰਦ ਕਰਨ ਲਈ ਹਮਲਾ ਕੀਤਾ। ਜਿਸ ਵਿੱਚ ਕੁਝ ਬੁੱਚੜ ਮਾਰੇ ਗਏ। ਰਾਏਕੋਟ ਵਿੱਚ ਵੀ ਮੁਸਲਮਾਨ ਬੁੱਚੜ ਮਾਰ ਦਿੱਤੇ ਗਏ। ਨਾਮਧਾਰੀ ਸਾਰੇ ਪੰਜਾਬ ਵਿੱਚ ਉਤਸ਼ਾਹਿਤ ਹੋ ਕੇ ਅੰਗਰੇਜ਼ਾਂ ਵਿਰੁੱਧ ਭਾਸ਼ਣ ਦੇਣ ਲੱਗ ਪਏ। ਇਹ ਭਾਰਤ ਵਿੱਚ ਪਹਿਲੇ ਵਿਦਰੋਹ ਦਾ ਵਾਕਿਆ ਸੀ । ਇਹਨੀਂ ਦੋਹੀਂ ਥਾਈਂ 7 ਨਾਮਧਾਰੀ ਸ਼ਹੀਦ ਕੀਤੇ ਗਏ। ਮਲੇਰ ਕੋਟਲੇ 1872 ਵਿੱਚ ਨਾਮਧਾਰੀ ਸਿੰਘਾਂ ਦੀ ਲੜਾਈ ਹੋਈ। ਡਿਪਟੀ ਕਮਿਸ਼ਨਰ ਲੁਧਿਆਣਾ ਤੇ ਕਮਿਸ਼ਨਰ ਅੰਬਾਲਾ ਤੁਰੰਤ ਮਲੇਰਕੋਟਲੇ ਪੁੱਜ ਗਏ।

ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਤੋਪਾਂ ਨਾਲ ਇਹ 66 ਨਾਮਧਾਰੀ ਉਡਾਏ ਗਏ। ਨਾਮਧਾਰੀ ਲਹਿਰ ਤੇ ਪਾਬੰਦੀ ਲਗਾ ਦਿੱਤੀ ਗਈ। ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਤੋਂ ਅਲਾਹਾਬਾਦ ਤੇ ਫਿਰ ਰੰਗੂਨ ਭੇਜ ਦਿੱਤਾ ਗਿਆ। ਕਮਾਲ ਹੈ ਉਹਨਾਂ ਦੇ ਹੱਠ ਦਾ, ਉਹਨਾਂ ਨੇ ਜੇਲ੍ਹ ਵਿਚ ਰਹਿ ਕੇ ਵੀ ਕੋਈ ਪਛਤਾਵਾ ਨਹੀਂ ਕੀਤਾ। ਆਪਣੀਆਂ ਚਿੱਠੀਆਂ ਰਾਹੀਂ ਸਿੱਖਾਂ ਨੂੰ ਗੁਰੂ ਦੇ ਲੜ ਲੱਗੇ ਰਹਿਣ ਦਾ ਉਪਦੇਸ਼ ਕੀਤਾ।

ਅੱਜ ਜਦੋਂ ਭਾਰਤ ਦੀ ਆਜ਼ਾਦੀ ਦਾ ਇਤਿਹਾਸ ਲਿਖਿਆ ਗਿਆ ਹੈ ਉਸ ਵਿਚ ਮਹਾਤਮਾ ਗਾਂਧੀ ਨੂੰ ਇਸ ਦਾ ਬਾਨੀ ਮੰਨਿਆ ਗਿਆ ਹੈ। ਪਰ ਸਤਿਗੁਰੂ ਰਾਮ ਸਿੰਘ ਸਹੀ ਤੌਰ ਤੇ ਇਸ ਦੇ ਬਾਨੀ ਹਨ। ਭਾਰਤ ਸਰਕਾਰ ਇਸ ਇਤਿਹਾਸਿਕ ਤੱਥ ਨੂੰ ਅਪਨਾ ਕੇ ਆਪਣਾ ਫਰਜ਼ ਪੂਰਾ ਕਰੇ।

**ਸਾਬਕਾ ਚੇਅਰਮੈਨ**
**ਮਨਿਊਰਟੀਜ਼ ਕਮਿਸ਼ਨ**

# ਮੁੜ ਆਵੇਗਾ, ਮੁੜ ਆਵੇਗਾ

*-ਡਾ. ਹਰਿਭਜਨ ਸਿੰਘ*

ਸਾਡਾ ਹਰ ਯੁਗ ਸੰਕਟ ਦਾ ਹੈ, ਸੰਕਟ ਵਿਚ ਇਨਸਾਨ,
ਸੰਕਟ ਘਿਰੇ ਮਨੁਖਾਂ ਚੋਂ ਹੀ, ਜਨਮ ਲਏ ਭਗਵਾਨ।
ਧਰਤੀ ਸਾਡਾ ਘਰ, ਏਥੇ ਹੈ, ਸਦਾ ਧਰਮ ਦੀ ਹਾਨ।
ਸਾਡੇ ਘਰ ਨੂੰ ਸੋਧਣ ਖਾਤਰ, ਰਬ ਹੋਏ ਮਹਿਮਾਨ।
ਇਹ ਰਬ ਸਾਡਾ ਸੱਕਾ ਸਨੇਹੀ, ਸਾਡੀ ਜਾਨ ਦੀ ਜਾਨ।
ਕਿੰਨਾ ਅਜਬ ਕਿ ਉਹੀ, ਉਹ ਸਾਥੋਂ ਹੋਵੇ ਨਾ ਪਹਿਚਾਨ।
ਕਦੀ ਇਹੋ ਰਬ ਸੂਲੀ ਚੜ੍ਹਦਾ, ਵੈਰੀ ਸਕਲ ਜਹਾਨ।
ਸੂਲੀ ਚੜ੍ਹਿਆਂ ਤੇ ਵੀ ਪੱਥਰ, ਸੁਟਣ ਲੋਕ ਨਦਾਨ।
ਕਦੀ ਘਰੋਂ ਬੇਘਰ ਹੋ ਜਾਵੇ, ਅਪਣੇ ਘਰ ਦੀ ਸ਼ਾਨ
ਕਦੀ ਦੇਸ ਚੋਂ ਪੁਟਣ ਲੋਕੀਂ, ਸੁਟਣ ਦੂਰ ਵਿਰਾਨ।
ਦੇਸ ਰਹੇ ਪਰਦੇਸ ਰਹੇ, ਉਹਦਾ ਦੁਖੀਆਂ ਵਿਚ ਧਿਆਨ
ਨਾਸ਼ੁਕਰੇ ਲੋਕਾਂ ਉਤੇ ਵੀ, ਨਿਤ ਉਹਦਾ ਇਹਸਾਨ।
ਰਾਮ ਚੰਦ ਉਹ, ਰਾਮ ਸਿੰਘ ਉਹ, ਉਹੀ ਰਾਮ ਰਹਿਮਾਨ
ਲੰਕਾ ਬਰਮਾ ਭੇਜਣ ਵਾਲਿਆ, ਉਸਦਾ ਰੂਪ ਪਛਾਣ।
ਪਰਦੇਸਾਂ ਵਿਚ ਰਹਿਣ ਵਾਲਿਓ, ਲਾਓ ਜ਼ਰਾ ਅਨੁਮਾਨ,
ਕੀ ਬੀਤੀ ਸਤਿਗੁਰ ਤੇ, ਜਿਸ ਤੋਂ ਖੁੱਸਾ ਹਿੰਦੁਸਤਾਨ।
ਉਸ ਤੋਂ ਕਦੇ ਵਿਸਾਹ ਨਾ ਛੱਡੋ, ਉਹ ਹੈ ਸਦਾ ਮਹਾਨ।
ਮੁੜ ਆਵੇਗਾ ਮੁੜ ਆਵੇਗਾ, ਸੁਲਤਾਨਾਂ ਸੁਲਤਾਨ
ਅਜੇ ਉਸਦੇ ਹਥੀਂ ਹੋਣਾ, ਸਾਡਾ ਵਡ ਕਲਿਆਣ।
ਮਹਾ ਹਨੇਰੇ ਜਗ ਜਗ ਮਗ, ਉਸਦਾ ਗੂੜ੍ਹ ਗਿਆਨ।
ਬਿਨਸ ਜਾਇਗਾ ਪਾਪ, ਧਰਮ ਮੁੜ ਹੋਵੇਗਾ ਪਰਧਾਨ
ਮੁੜ ਆਵੇਗਾ ਮੁੜ ਆਵੇਗਾ, ਉਹ ਸ਼ਾਨਾਂ ਦੀ ਸ਼ਾਨ।


Namdhari Elibrary NamdhariElibrary@gmail.com

# ਕੂਕਾ ਲਹਿਰ ਦਾ ਵਜੂਦ

*-ਕਾਮਰੇਡ ਸੋਹਣ ਸਿੰਘ 'ਜੋਸ਼'*



ਕੂਕਾ ਲਹਿਰ ਉਸ ਵੇਲੇ ਵਜੂਦ ਵਿਚ ਆਈ ਜਦੋਂ ਪੰਜਾਬ ਰਾਜਸੀ ਤੇ ਸਭਿਆਚਾਰਕ ਤੌਰ ਤੇ ਬਿਲਕੁਲ ਬੇਹਿਸ ਤੇ ਬੇਹਰਕਤ ਹੋ ਚੁਕਾ ਸੀ, ਅੰਗਰੇਜ਼ਾਂ ਦੀ ਰਾਜਸੀ ਸਭਿਆਚਾਰਕ ਤੇ ਫੌਜੀ ਗੁਲਾਮੀ ਪੂਰੀ ਤਰ੍ਹਾਂ ਕਬੂਲ ਕਰ ਚੁਕਾ ਸੀ ਅਤੇ ਪੰਜਾਬ ਦੀ ਰਾਜਾਸ਼ਾਹੀ ਤੇ ਜਾਗੀਰਦਾਰੀ ਨੇ ਪੰਜਾਬੀ (ਤੇ ਖਾਸ ਕਰ ਸਿਖ) ਜਨਤਾ ਨੂੰ ਆਪਣੇ ਸੁਆਰਥਾਂ ਦੀ ਖਾਤਰ, ਆਪਣੇ ਪੰਜੇ ਸ਼ਕੰਜੇ ਵਿਚ ਜਕੜ ਲਿਆ ਸੀ। ਸਿਖ ਆਪਣੇ ਗੁਰੂਆਂ ਦੇ ਉਘੇ ਅਸੂਲਾਂ ਨੂੰ ਵਿਸਾਰ ਚੁਕੇ ਸਨ ਅਤੇ ਜ਼ੁਲਮ ਅਤੇ ਗੁਲਾਮੀ ਦੇ ਖਿਲਾਫ ਲੜਨ ਦੀ ਥਾਂ ਅੰਗਰੇਜ਼ ਰਾਜ ਦੇ ਗੋਲੇ ਤੇ ਰਖਿਅਕ ਬਣ ਗਏ ਸਨ।

1848-49 ਵਿਚ ਸਿਖ ਰਾਜ ਦਾ ਭੋਗ ਪੈ ਗਿਆ। ਅੰਗਰੇਜ਼ ਹਾਕਮਾਂ ਦੀਆਂ ਕੁਟਲ ਨੀਅਤਾਂ ਤੇ ਸ਼ਤਰੰਜੀ ਚਾਲਾਂ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ। ਰਾਜ ਖੁਸਿਆ ਵੇਖ ਕੇ ਅਤੇ ਤਾਕਤ ਦਾ ਚਿੰਨ੍ਹ ਤਲਵਾਰ ਖੋਹੀ ਜਾਣ ਤੇ ਸਿਖ ਸਰਦਾਰਾਂ ਨੇ ਭੁੱਬਾਂ ਮਾਰੀਆਂ ਅਤੇ ਬੇਦਿਲ ਹੋ ਕੇ ਜਿਹੜੇ ਬਚੇ ਰਹੇ ਘਰਾਂ ਨੂੰ ਚਲੇ ਗਏ। ਇਕ ਸਰਦਾਰ ਮਹਾਰਾਜ ਸਿੰਘ ਸੀ ਜਿਸਨੇ ਅੰਗਰੇਜ਼ ਰਾਜ ਦੀ ਆਪਣੇ ਬਹਾਦਰ ਸਾਥੀਆਂ ਸਮੇਤ, ਕੋਈ ਈਨ ਤੇ ਗੁਲਾਮੀ ਨਾ ਮੰਨੀ ਅਤੇ ਅੰਤਲੇ ਸੁਆਸਾਂ ਤਕ ਲੜਦਾ ਰਿਹਾ।

1857 ਵਿਚ ਗਦਰ ਯਾਨੀ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦਾ ਆਰੰਭ ਹੋ ਗਿਆ, ਸਿਖ ਰਾਜ ਨੂੰ ਖੁਸਿਆਂ ਅਜੇ ਸਤ ਕੁ ਸਾਲ ਹੀ ਗੁਜ਼ਰੇ ਸਨ। ਕੰਵਰ ਦਲੀਪ ਸਿੰਘ ਨੂੰ ਖੋਹ ਖੜਨ ਤੇ ਰਾਣੀ ਜਿੰਦਾਂ ਨੂੰ ਜਲਾਵਤਨ ਕਰਨ ਦੇ ਜ਼ਖਮ ਅਜੇ ਅੱਲੇ ਸਨ। ਸਿਕਸ਼ਤ ਖਾ ਜਾਣ ਪਿਛੋਂ ਜੋ ਜ਼ੁਲਮ ਅੰਗਰੇਜ਼ਾਂ ਨੇ ਪੰਜਾਬ ਦੇ ਸੂਰਬੀਰ ਪੁਤਰਾਂ ਤੇ ਢਾਏ ਸਨ ਉਹ ਅਜੇ ਭੁਲੇ ਨਹੀਂ ਸਨ। ਇਹਨਾਂ ਜ਼ੁਲਮਾਂ ਦਾ ਹਿਸਾਬ ਚੁਕਾਣ ਦਾ ਗਦਰ ਨੇ ਸੋਹਣਾ ਮੌਕਾ ਮੁਹਈਆ ਕੀਤਾ ਸੀ ਪਰ ਇਸ ਤੋਂ ਫਾਇਦਾ ਨਾ ਉਠਾਇਆ ਗਿਆ। ਲੀਡਰਸ਼ਿਪ ਰਾਜਿਆਂ ਤੇ ਜਗੀਰਦਾਰਾਂ ਦੇ ਹਥ ਵਿਚ ਸੀ। ਉਹਨਾਂ ਨੂੰ ਆਪਣੇ ਸੁਆਰਥਾਂ ਨਾਲ ਪਿਆਰ ਸੀ, ਆਜ਼ਾਦੀ ਨਾਲ ਨਹੀਂ। ਉਹਨਾਂ ਨੇ ਗਦਰੀਆਂ ਦੇ ਇਸ ਸੰਗਰਾਮ ਵਿਚ ਸ਼ਾਮਲ ਹੋਣ ਦੀਆਂ ਸਭ ਪੇਸ਼ਕਸ਼ਾਂ ਠੁਕਰਾ ਦਿਤੀਆਂ ਡਟ ਕੇ ਅੰਗਰੇਜ਼ਾਂ ਦਾ ਸਾਥ ਦਿਤਾ ਅਤੇ ਹਿੰਦੁਸਤਾਨ ਨੂੰ ਗੁਲਾਮੀ ਦੇ ਮਜ਼ਬੂਤ ਸ਼ਕੰਜੇ ਵਿਚ ਕਸ ਕੇ ਜਕੜ ਦਿਤਾ। ਇਕੜ ਦੁੱਕੜ ਪੰਜਾਬੀ ਫੌਜਾਂ ਵਿਚ ਬਗਾਵਤਾਂ ਹੋਈਆਂ। ਬਾਗੀ ਸੂਰਬੀਰਾਂ ਨੂੰ ਬੇਕਿਰਕੀ ਨਾਲ ਗੋਲੀਆਂ ਦਾ ਸ਼ਿਕਾਰ ਬਣਾ ਕੇ ਕੁਚਲ ਦਿਤਾ ਗਿਆ। ਉਹ ਸ਼ਹੀਦ ਹੋ ਗਏ ਪਰ ਉਹਨਾਂ ਨੇ ਅਗਲੀਆਂ ਸੰਤਾਨਾਂ ਦੇ ਪੰਜਾਬ ਦੇ ਮਥੇ ਤੇ ਇਤਿਹਾਸ ਵਲੋਂ ਬਿਲਕੁਲ ਹੀ ਕਾਲਖ ਮਲੇ ਜਾਣ ਤੋਂ ਬਚਾ ਲਿਆ।

ਅੰਗਰੇਜ਼ ਹਾਕਮਾਂ ਨੇ ਆਪਣੀਆਂ ਲਿਖਤਾਂ ਵਿਚ ਬਾਰ ਬਾਰ ਇਹ ਗਲ ਲਿਖੀ ਹੈ ਕਿ ਜੇ ਗਦਰ ਦੇ ਦਿਨਾਂ ਵਿਚ ਅੰਗਰੇਜ਼ ਨੂੰ ਪੰਜਾਬ ਨਾ ਬਹੁੜਦਾ ਤਾਂ ਅੰਗਰੇਜ਼ ਲਈ ਹਿੰਦੁਸਤਾਨ ਵਿਚ ਕੋਈ ਥਾਂ ਨਹੀਂ ਸੀ। ਦਿੱਲੀ ਘੇਰੀ ਜਾ ਰਹੀ ਸੀ। ਅੰਗਰੇਜ਼ ਰਾਜ ਦਾ ਸਿੰਘਾਸਨ ਡਾਵਾਂ ਡੋਲ ਹੋ ਚੁਕਾ ਸੀ। ਸਿਖਾਂ ਨੂੰ ਮੁਗਲ ਰਾਜ ਦੇ ਜ਼ੁਲਮ ਦਸ ਕੇ ਅਤੇ ਮੁਸਲਮਾਨਾਂ ਨੂੰ ਸਿਖਾਂ ਦੇ ਖਿਲਾਫ ਚੁਕ ਕੇ ਅਤੇ ਰਾਜਿਆਂ ਨੂੰ ਹਥਾਂ ਵਿਚ ਲੈ ਕੇ ਆਜ਼ਾਦੀ ਦੀ ਇਸ ਪਹਿਲੀ ਜੰਗ ਨੂੰ ਕੁਚਲ ਦਿਤਾ ਗਿਆ ਅਤੇ ਅੰਗਰੇਜ਼ ਰਾਜ ਜਾਂਦਾ ਜਾਂਦਾ ਬਹਾਲ ਹੋ ਗਿਆ।

ਗਦਰ ਪਿਛੋਂ ਅੰਗਰੇਜ਼ ਅਫਸਰ ਹੋਰ ਸਾਵਧਾਨ ਹੋ ਗਏ। ਉਹਨਾਂ ਨੇ ਆਪਣੇ ਰਾਜ ਨੂੰ ਮਜ਼ਬੂਤ ਕਰਨ ਲਈ ਸਾਰੇ ਹੋਰ ਜ਼ਰੂਰੀ ਸਾਧਨ ਜੁਟਾ ਲਏ। ਫੌਜ, ਪੁਲਿਸ, ਨੌਕਰਸ਼ਾਹੀ ਅਦਾਲਤਾਂ, ਜੇਲਾਂ ਦਾ ਭਾਰਤ ਵਿਚ ਜਾਲ ਤਾਣ ਦਿਤਾ ਗਿਆ। ਸੀ.ਆਈ.ਡੀ. ਜਾਣੀ ਜਾਸੂਸੀ ਦੇ ਮਹਿਕਮੇ ਨੂੰ ਹੋਰ ਤਕੜਾ ਤੇ ਵਿਸ਼ਾਲ ਕਰ ਲਿਆ ਗਿਆ। ਪੰਜਾਬ ਵਿਚ ਸਦੀਵੀ ਕਰਫਿਊ, ਮਾਰਸ਼ਲ ਲਾਅ ਜੇਹੇ ਕਾਨੂੰਨਾਂ ਦਾ ਰਾਜ ਕਾਇਮ ਕਰ ਦਿਤਾ। ਜਮਹੂਰੀ ਤੇ ਸ਼ਹਿਰੀ ਆਜ਼ਾਦੀਆਂ ਖਤਮ ਕਰ ਦਿਤੀਆਂ ਗਈਆਂ। ਆਉਂਦੀ ਜਾਂਦੀ ਡਾਕ ਖੋਲ੍ਹ ਖੋਲ੍ਹ ਕੇ ਪੜੀ ਜਾਣ ਲਗ ਪਈ। ਉਤੋਂ ਐਲਾਨ ਇਹ ਕੀਤੇ ਗਏ ਕਿ ਹਕੂਮਤ ਕਿਸੇ ਦੇ ਮਜ਼ਹਬ ਵਿਚ ਕੋਈ ਦਖਲ ਨਹੀਂ ਦੇਵੇਗੀ। ਪਰ ਕੂਕਾ ਤੇ ਅਕਾਲੀ ਤਹਿਰੀਕਾਂ ਨੇ ਸਾਬਤ ਕੀਤਾ ਕਿ ਇਹੋ ਜਿਹੇ ਐਲਾਨਾਂ ਦਾ ਮਤਲਬ ਮਜ਼ਹਬ ਵਿਚ ਦਖਲ ਨਾ ਦੇਣਾ



Namdhari Elibrary NamdhariElibrary@gmail.com

ਨਹੀਂ ਸੀ ਸਗੋਂ ਦਖਲ ਦੇਣਾ ਸੀ।

ਇਹ ਸਨ ਹਾਲਾਤ ਜਦੋਂ ਗੁਰੂ ਰਾਮ ਸਿੰਘ ਜੀ ਪੰਜਾਬ ਵਿਚ ਪੰਜਾਬ ਨੂੰ ਜਗਾਣ ਤੇ ਸਾਵਧਾਨ ਕਰਨ ਲਈ ਆਪਣਾ ਸੰਦੇਸ਼ ਲੈ ਕੇ ਮੈਦਾਨ ਵਿਚ ਉਤਰੇ। ਮੈਂ ਇਸ ਲੇਖ ਵਿਚ ਕੂਕਾ ਲਹਿਰ ਦੇ ਸਿਰਫ ਰਾਜਸੀ ਪਹਿਲੂ ਤੇ ਹੀ ਵਿਚਾਰ ਕਰਾਂਗਾ, ਧਾਰਮਿਕ ਪਹਿਲੂ ਤੇ ਨਹੀਂ। ਪਰ ਇਹ ਹਕੀਕਤ ਯਾਦ ਰਖਣੀ ਚਾਹੀਦੀ ਹੈ ਕਿ ਬੀਤੇ ਇਤਿਹਾਸ ਵਿਚ ਧਾਰਮਿਕ ਲਹਿਰਾਂ ਹੀ ਵਧ ਫੁਲ ਕੇ ਪਿਛੋਂ ਨਿਕਲਾਬੀ ਰੂਪ ਧਾਰਨ ਕਰ ਲੈਂਦੀਆ ਰਹੀਆਂ ਹਨ ਅਤੇ ਨਵੇਂ ਰਾਜ ਪ੍ਰਬੰਧ ਦੇ ਵਾਸਤੇ ਲੜਨ ਤੇ ਕਾਇਮ ਕਰਨ ਦਾ ਹਥਿਆਰ ਬਣ ਜਾਂਦੀਆਂ ਹਨ। ਕਾਰਨ ਇਹ ਹੈ ਕਿ ਬੀਤੇ ਸਮੇਂ ਵਿਚ ਆਮ ਲੋਕ ਧਾਰਮਿਕ ਮੁਹਾਵਰੇ ਸਿਖਿਆ ਅਤੇ ਪ੍ਰਵਚਨਾਂ ਨੂੰ ਸਮਝ ਕੇ ਇਕਠੇ ਤੇ ਜਥੇਬੰਦ ਹੋ ਸਕਦੇ ਹਨ, ਰਾਜਸੀ ਸਿਧਾਤਾਂ ਦੀਆਂ ਗੂੜ ਗਲਾਂ ਰਾਹੀਂ ਨਹੀਂ। ਉਂਜ ਵੀ ਰਾਜਸੀ ਵਿਕਾਸ ਦੀ ਪੱਧਰ ਅਜੇ ਬੜੀ ਪਛੜੀ ਹੋਈ ਸੀ ਅਤੇ ਧਰਮ ਦਰੜ-ਫਰੜ ਲੋਕਾਂ ਦੀ ਨਜਾਤ ਦਾ ਪੈਗਾਮ ਲੈ ਕੇ ਹੀ ਆਉਂਦਾ ਰਿਹਾ ਹੈ।

ਮਹਾਰਾਜ ਰਾਮ ਸਿੰਘ ਜੀ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿਚ ਰਹਿ ਚੁਕੇ ਸਨ। ਉਹਨਾਂ ਨੇ ਸਿਖ ਰਾਜ ਦੀ ਝਲਕ ਮਟਕ ਵੇਖੀ ਤੇ ਮਾਣੀ ਸੀ ਅਤੇ ਉਹ ਜਥਬੰਦੀ ਦੀ ਸ਼ਕਤੀ ਤੇ ਡਸਿਪਲਨ (ਬੰਧੇਜ) ਦੇ ਗੁਣਾਂ ਨੂੰ ਵੇਖ-ਜਾਣ ਚੁਕੇ ਸਨ। ਇਹੋ ਕਾਰਨ ਹੈ ਕਿ ਉਹਨਾਂ ਨੇ ਥੋੜੇ ਜਿਹੇ ਸਾਲਾਂ ਵਿਚ ਹੀ ਨਾਮਧਾਰੀਆਂ ਨੂੰ ਇਕ ਮਜ਼ਬੂਤ ਜਥੇਬੰਦੀ ਤੇ ਡਸਿਪਲਨ ਵਿਚ ਢਾਲ ਬੰਨ ਲਿਆ ਅਤੇ "ਸਿਰ ਧਰ ਤਲੀ ਗਲੀ ਮੋਰੀ ਆਓ" ਜਾਂ "ਪਹਿਲੋਂ ਮਰਨ ਕਬੂਲ ਕਰ" ਦਾ ਪ੍ਰਣ ਲੈਣ ਵਾਲੇ ਸਿਰ-ਲਥਾਂ ਦੀ ਫੋਜ ਤਿਆਰ ਕਰ ਲਈ।

ਅੰਗਰੇਜ਼ ਵਿਦਿਆ ਤੇ ਇਤਿਹਾਸ ਦੀ ਜਾਣਕਾਰੀ ਵਿਚ ਸਾਡੇ ਨਾਲੋਂ ਬਹੁਤ ਅੱਗੇ ਸਨ। ਉਹ ਜਾਣਦੇ ਸਨ ਕਿ ਕੈਥੋਲਿਕ ਤੇ ਪਿਛੋਂ ਪਰੋਟੈਸਟੰਟ ਲਹਿਰਾਂ ਭਾਵੇਂ ਸ਼ੁਰੂ ਸ਼ੁਰੂ ਵਿਚ ਧਾਰਮਿਕ ਜਾਮਾ ਪਹਿਨ ਕੇ ਆਈਆਂ ਸਨ ਪਰ ਪਿਛੋਂ ਰਾਜਨੀਤਕ ਸ਼ਕਲ ਧਾਰਨ ਕਰ ਗਈਆਂ ਸਨ। ਪੰਜਾਬ ਵਿਚ ਉਹਨਾਂ ਨੂੰ ਆਪਣੇ ਰਾਜ ਦਾ ਹਰ ਵੇਲੇ ਧੁੜਕੂ ਲਗਾ ਰਹਿੰਦਾ ਸੀ। ਹੋਰ ਤਾਂ ਹੋਰ ਉਹਨਾਂ ਨੂੰ ਪੰਜਾਬ ਵਿਚ (ਖਾਸ ਕਰ) ਆਪਣੇ ਅਨਿੰਨ ਵਫਾਦਾਰ ਭਗਤਾਂ ਉਤੇ ਵੀ ਗੈਰ ਵਫਾਦਾਰ ਹੋਣ ਦਾ ਸ਼ਕ ਰਹਿੰਦਾ ਸੀ ਕਿਉਂਕਿ ਉਹਨਾਂ ਨੂੰ ਸ਼ਕ ਸੀ ਕਿ ਇਹਨਾਂ ਨੂੰ ਆਪਣਾ ਸਿਖ ਰਾਜ ਭੁਲਣ ਨਹੀਂ ਲਗਾ। ਇਹਨਾਂ ਨੂੰ ਮੁੜ ਆਪਣਾ ਰਾਜ ਬਹਾਲ ਕਾਇਮ ਕਰਨ ਦੀ ਲਾਲਸਾ ਪੈਦਾ ਹੁੰਦੀ ਰਹੇਗੀ।

ਇਸ ਲਈ ਹਰ ਲਹਿਰ ਉਤੇ ਭਾਵੇਂ ਉਹ ਧਾਰਮਿਕ ਹੋਵੇ ਜਾਂ ਸਭਿਆਚਾਰਕ, ਵਿਦਿਅਕ ਹੋਵੇ ਜਾਂ ਆਰਥਕ ਕਰੜੀ ਨਿਗਰਾਨੀ ਰਖੋ, ਉਸ ਵਿਚ ਆਪਣੇ ਜਾਸੂਸ ਘੁਸੇੜੋ। ਉਸਦੀਆਂ ਖੁਫੀਆਂ ਕਾਰਵਾਈਆਂ ਦੀਆਂ ਰਿਪੋਰਟਾਂ ਹਾਸਲ ਕਰੋ ਅਤੇ ਉਸ ਚੋਂ ਰਤਾ ਮਾਸਾ ਵੀ ਗੈਰ ਵਫਾਦਾਰੀ ਦੀ ਗੰਧ ਆਵੇ ਤਾਂ ਉਸ ਨੂੰ ਉਗਮਣ ਦਾ ਦਿਓ। ਸ਼ੁਰੂ ਵਿਚ ਹੀ ਕੁਚਲ ਦਿਓ।

ਗੁਰੂ ਰਾਮ ਸਿੰਘ ਜੀ ਨੇ ਜਿਹੜੀ ਕੁਰਬਾਨੀ-ਪੁੰਜ ਜਥੇਬੰਦੀ ਬਣਾਈ ਉਸ ਦੇ ਤਿੰਨ ਅੰਗ ਰਾਜਸੀ ਤੌਰ ਤੇ ਖਾਸ ਧਿਆਨ ਯੋਗ ਹਨ:-

1. ਪੰਜਾਬ ਨੂੰ ਜਥੇਬੰਦ ਕਰਨ ਲਈ ਸੂਬਿਆਂ ਦੀ ਕਾਇਮੀ।
2. ਆਤਮ ਨਿਰਭਰਤਾ ਦਾ ਪ੍ਰੋਗਰਾਮ।
3. ਸਤਿਗੁਰੂ, ਨਾਮਧਾਰੀ ਸਿਖਾਂ ਵਲੋਂ, ਸ਼ਬਦ 'ਪਾਤਸ਼ਾਹ' ਨਾਲ ਜੋੜ ਦੇਣਾ।

ਉਤੇ ਦਸੇ ਕਾਰਨਾਂ ਕਰਕੇ ਬ੍ਰਿਟਿਸ਼ ਹਾਕਮ ਪਹਿਲੋਂ ਹੀ ਪੰਜਾਬ ਵਿਚ ਕਿਸੇ ਕਿਸਮ ਦਾ ਸੰਗਠਨ ਨਹੀਂ ਬਣਨ ਦੇਣਾ ਚਾਹੁੰਦੇ ਸਨ। ਪਰ ਉਹਨਾਂ ਦੀਆਂ ਅਖਾਂ ਦੇ ਸਾਹਮਣੇ ਹੀ ਗੁਰੂ ਦਿਆਂ ਸੂਬਿਆਂ ਤੇ ਨਾਇਬ ਸੂਬਿਆਂ ਨੇ ਸਿਖਾਂ ਦੀ ਜਥੇਬੰਦੀ ਦਾ ਕੰਮ ਅਰੰਭ ਕਰ ਦਿਤਾ ਅਤੇ ਦੋਹ-ਤਿੰਨ ਸਾਲਾਂ ਵਿਚ ਲਖਾਂ ਸਿਰਲਥ ਨਾਮਧਾਰੀ ਜਥੇਬੰਦੀ ਦੀ ਮਜ਼ਬੂਤ ਲੜੀ ਵਿਚ ਪਰੋ ਦਿੱਤੇ। ਸੂਬਿਆਂ ਨੇ ਉਹ ਚਮਤਕਾਰ ਵਿਖਾਇਆ ਕਿ ਬ੍ਰਿਟਿਸ਼ ਹਾਕਮ ਉਹਨਾਂ ਦੀ ਜਥੇਬੰਦਕ ਯੋਗਤਾ ਤੇ ਹੈਰਾਨ ਪਰੇਸ਼ਾਨ ਹੋ ਗਏ। ਉਹ ਨਾਮਧਾਰੀ ਸੂਬਿਆਂ ਅਤੇ ਸਿਖਾਂ ਨੂੰ ਆਪਣੇ ਰਾਜ ਲਈ ਇਕ ਬਹੁਤ ਵਡਾ ਖਤਰਾ ਮਹਿਸੂਸ ਕਰਨ ਤੇ ਸਮਝਣ ਲਗ ਪਏ। ਆਪਣੇ ਗੁਰੂ ਦੇ ਸੱਦੇ ਤੇ ਇਹ ਸਿਖ ਕਿਸੇ ਵੇਲੇ ਵੀ ਸਿਰ ਦੇਣ ਲਈ ਤਿਆਰ ਸਨ।

ਆਤਮ ਨਿਰਭਰਤਾ ਦਾ ਪਰੋਗਰਾਮ ਤਾਂ ਬ੍ਰਿਟਿਸ਼ ਰਾਜ ਦੇ ਸੱਤੀਂ ਕਪੜੀ ਅੱਗ ਲਾਉਣ ਵਾਲਾ ਸੀ। ਨਾਮਧਾਰੀਆਂ ਲਈ ਹੁਕਮ ਸੀ ਕਿ ਘਰ ਦੇ ਕੱਤੇ ਕਪੜੇ ਬਣਾਏ ਪਹਿਨੋ, ਅੰਗਰੇਜ਼ੀ ਮਾਲ ਦਾ ਬਾਈਕਾਟ ਕਰੋ। ਆਪਣੇ ਝਗੜੇ ਪੰਚਾਇਤਾਂ ਵਿਚ ਨਿਪਟਾਓ, ਅਦਾਲਤਾਂ ਵਿਚ ਨਾ ਜਾਓ, ਆਪਣੇ ਬਚੇ ਸਰਕਾਰੀ ਸਕੂਲਾਂ ਵਿਚ ਨਾ ਪੜ੍ਹਾਓ, ਸਰਕਾਰੀ ਡਾਕਖਾਨਿਆਂ ਤੇ ਤਾਰ ਘਰਾਂ ਨੂੰ ਵਰਤਣਾ ਛਡ ਦਿਓ। ਸ਼ਰਾਬ ਨਾ ਪੀਓ ਅਤੇ ਸਾਦਾ ਜ਼ਿੰਦਗੀ ਜੀਵੋ।

ਇਹ ਆਤਮ ਨਿਰਭਰਤਾ ਦਾ ਪਰੋਗਰਾਮ ਅੰਗਰੇਜ਼ਾਂ ਦੀ ਰਾਜ ਮਸ਼ੀਨਰੀ ਨੂੰ ਚੈਲੰਜ ਸੀ। ਇਹ ਪਰੋਗਰਾਮ ਐਲਾਨ ਕਰਦਾ ਸੀ ਕਿ ਨਾਮਧਾਰੀ ਸਿਖ ਅੰਗਰੇਜ਼ ਦੇ ਗੁਲਾਮੀ ਪ੍ਰਬੰਧ ਤੋਂ ਬਗੈਰ ਵੀ ਜ਼ਿੰਦਗੀ ਗੁਜ਼ਾਰ ਸਕਦੇ ਹਨ। ਚਿਠੀ ਪਤਰ ਦਾ ਆਪਣਾ


Namdhari Elibrary NamdhariElibrary@gmail.com

ਪ੍ਰਬੰਧ ਕਰਨ ਦੇ ਅਰਥ ਇਹ ਸਨ ਕਿ ਗੌਰਮਿੰਟ ਨੂੰ ਆਪਣੀਆਂ ਖੁਫੀਆਂ ਕਾਰਵਾਈਆਂ ਤੋਂ ਜਾਣੂੰ ਨਾ ਹੋਣ ਦਿਤਾ ਜਾਵੇ। ਇਹ ਇਕ ਤਰ੍ਹਾਂ ਨਾਲ ਅੰਗਰੇਜ਼ ਰਾਜ ਨਾਲ ਮਿਲਵਰਤਣ ਕਰਨ ਦੀ ਖੁਲੀ ਵਿਉਂਤ ਸੀ। ਜਿਹੜੀ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਤੋਂ ਵਧ ਜਾਂ ਘਟ ਪੰਜਾਹ ਸਾਲ ਪਹਿਲੋਂ ਗੁਰੂ ਰਾਮ ਸਿੰਘ ਨੇ ਵਜੂਦ ਵਿਚ ਲਿਆਂਦੀ ਸੀ।

ਅਤੇ ਤੀਜਾ ਅੰਗ "ਸਤਿਗੁਰੂ ਪਾਤਸ਼ਾਹ" ਸੀ। ਅੰਗਰੇਜ਼ ਦੇ ਸ਼ਬਦ ਕੋਸ਼ ਵਿਚ ਪਾਤਸ਼ਾਹ ਦਾ ਅਰਥ ਸੀ ਮਹਾਰਾਣੀ ਵਿਕਟੋਰੀਆ ਜਾਂ ਉਸਦੇ ਖਾਨਦਾਨ ਵਿਚੋਂ ਹੋਰ ਕੋਈ ਕਿੰਗ ਐਡਵਰਡ ਵਗੈਰਾ। ਗੁਲਾਮ ਹਿੰਦੁਸਤਾਨ ਵਿਚ ਕਿਸੇ ਗੁਰੂ ਜਾਂ ਆਗੂ ਨਾਲ 'ਪਾਤਸ਼ਾਹ' ਦਾ ਸ਼ਬਦ ਜੋੜਨਾ ਅੰਗਰੇਜ਼ ਰਾਜ ਵਿਰੁਧ ਬਗਾਵਤ ਕਰਨ ਦੇ ਸਮਰਥਕ ਗਰਦਾਨਿਆ ਜਾਂਦਾ ਸੀ।

ਇਸ ਲਈ ਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਸ਼ਰਧਾਲੂਆਂ ਵਲੋਂ "ਪਾਤਸ਼ਾਹ" ਦਾ ਸ਼ਬਦ ਜੋੜਨਾ ਅੰਗਰੇਜ਼ ਹਾਕਮਾਂ ਦੀ ਨਜ਼ਰ ਵਿਚ ਕੂਕਾ ਤਹਿਰੀਕ ਨੂੰ ਬਾਗੀ ਠਹਿਰਾਂਦਾ ਸੀ। ਅੰਗਰੇਜ਼ ਹਾਕਮ ਇਹ ਸਮਝਣ ਦੀ ਸਮਰਥਾ ਨਹੀਂ ਸਨ ਰਖਦੇ ਜਾਂ ਨਹੀਂ ਸਨ ਸਮਝਣਾ ਚਾਹੁੰਦੇ ਕਿ ਗੁਰੂ ਰਾਮ ਸਿੰਘ ਜੀ ਸ਼ਰਧਾਲੂ ਸਿਖਾਂ ਦੇ ਦਿਲਾਂ ਵਿਚ ਰੂਹਾਨੀ ਪਾਤਸ਼ਾਹ ਹਨ।

ਇਸ ਲਈ ਅੰਗਰੇਜ਼ ਹਾਕਮਾਂ ਨੇ ਨਾਮਧਾਰੀਆਂ ਦੇ ਇਸ ਪਰੋਗਰਾਮ ਨੂੰ ਆਪਣੀ ਸਰਕਾਰ ਦੇ ਖਿਲਾਫ ਇਕ ਸਮਾਨੰਤਰ (ਪੈਰਲਲ) ਸਰਕਾਰ ਸਮਝਿਆ ਅਤੇ ਇਸ ਨਾਲ ਬਾਗੀਆਂ ਵਾਲਾ ਸਲੂਕ ਕੀਤਾ। ਅੰਗਰੇਜ਼ ਆਪਣੇ ਰਾਜ ਨੂੰ ਭਾਰਤ ਵਿਚ ਸਦੀਵੀ ਕਾਇਮ ਰੱਖਣ ਦੇ ਸੁਪਨੇ ਲੈ ਰਹੇ ਸਨ। ਉਹ ਪੰਜਾਬ ਵਿਚ ਹੋਰਥੇ ਕੋਈ ਤਹਿਰੀਕ ਨਹੀਂ ਸੀ ਉਠਣ ਦੇਣਾ ਚਾਹੁੰਦੇ। ਜਿਹੜੀ ਕਲ ਜਾਂ ਪਰਸੋਂ ਨੂੰ ਉਨ੍ਹਾਂ ਦੇ ਰਾਜ ਵਿਰੁਧ ਲੋਹਾ ਲੈਣ ਦੇ ਯੋਗ ਹੋ ਸਕੇ। ਉਹਨਾਂ ਦੇ ਜਾਸੂਸ ਪੰਜਾਬੀ ਲੋਕਾਂ ਦੀ ਨਿਕੀ ਨਿਕੀ ਗਲ ਦੀ ਰੀਪੋਰਟ ਦਿੰਦੇ ਸਨ। ਸਿਖਾਂ ਦਾ ਰਾਜ ਖੋਹਣ ਤੇ ਉਨਾਂ ਨਾਲ ਦਗਾ ਕਰਨ ਕਰਕੇ ਅੰਗਰੇਜ਼ ਹਾਕਮ ਆਪਣੇ ਰਾਜ ਲਈ ਸਿਖਾਂ ਤੋਂ ਵਡਾ ਖਤਰਾ ਸੂਬਿਆਂ ਤੇ ਨਾਇਬ ਸੂਬਿਆਂ ਦੀਆਂ ਥਾਂ ਥਾਂ ਜਥੇਬੰਦਕ ਕਾਰਵਾਈਆਂ ਅਤੇ ਨਾਮਧਾਰੀ ਸੰਸਥਾ ਦੇ ਨਾ ਮਿਲਵਰਤਨੀ ਪਰੋਗਰਾਮ ਨੇ ਅੰਗਰੇਜ਼ ਰਾਜ ਦੇ ਕਰਤਿਆਂ ਧਰਤਿਆਂ ਨੂੰ ਇਕ ਦਮ ਚੌਕੰਨੇ ਤੇ ਸਾਵਧਾਨ ਕਰ ਦਿਤਾ ਅਤੇ ਉਹਨਾਂ ਨੇ ਇਸ ਤਹਿਰੀਕ ਨੂੰ ਕੁਚਲਣ ਲਈ ਰਸੇ ਵੱਟਣੇ ਸ਼ੁਰੂ ਕਰ ਦਿਤੇ।

ਇਸ ਪ੍ਰਸੰਗ ਵਿਚ ਅੰਗਰੇਜ਼ ਹਾਕਮਾਂ ਨੂੰ ਦੋ ਖਤਰਨਾਕ ਖਬਰਾਂ ਹੋਰ ਮਿਲੀਆਂ ਇਕ ਇਹ ਕਿ ਕੂਕੇ ਨੇਪਾਲ ਤੇ ਕਸ਼ਮੀਰ ਦੀਆਂ ਫੌਜਾਂ ਵਿਚ ਭਰਤੀ ਹੋ ਰਹੇ ਹਨ ਅਤੇ ਜੰਗ ਦੇ ਹਥਿਆਰਾਂ ਦੀ ਵਰਤੋਂ ਵਿਚ ਨਿਪੁੰਨਤਾ ਹਾਸਲ ਕਰ ਰਹੇ ਹਨ। ਦੂਜੇ ਇਹ ਕਿ ਉਹ ਜਾਰ ਰੂਸ ਨਾਲ ਆਢਾ ਸਾਂਢਾ ਕਰ ਰਹੇ ਹਨ। ਖੁਦ ਅੰਗਰੇਜ਼ ਹਾਕਮਾਂ ਨੇ ਹਿੰਦੁਸਤਾਨ ਭਰ ਵਿਚ ਚਿਰਾਂ ਤੋਂ ਇਹ ਪ੍ਰਚਾਰ ਕੀਤਾ ਹੋਇਆ ਸੀ ਕਿ ਹਿੰਦੁਸਤਾਨ ਨੂੰ ਰੂਸ ਤੋਂ ਖਤਰਾ ਹੈ। ਰੂਸ ਦਾ ਜ਼ਾਰ ਬੜਾ ਖੂੰਖਾਰ ਤੇ ਜ਼ਾਲਮ ਬਾਦਸ਼ਾਹ ਹੈ। ਉਹ ਹਿੰਦੁਸਤਾਨ ਤੇ ਹਮਲਾ ਕਰਨ ਹੀ ਵਾਲਾ ਹੈ। ਅੰਗਰੇਜ਼ ਹਾਕਮ ਹਿੰਦੁਸਤਾਨ ਨੂੰ ਉਸਦੇ ਜ਼ਾਲਮ ਪੰਜੇ ਤੋਂ ਬਚਾ ਕੇ ਰਖਣਾ ਚਾਹੁੰਦੇ ਹਨ, ਵਗੈਰਾ ਵਗੈਰਾ। ਇਸ ਲਈ ਮਲੇਛ ਫਰੰਗੀਆਂ ਦੇ ਹਥ ਵਿਚ ਕੂਕਿਆਂ ਦੇ ਵਿਰੁਧ ਦੋ ਜ਼ਬਰਦਸਤ ਹਥਿਆਰ ਹੋਰ ਆ ਗਏ। ਉਹ ਇਸ ਤਹਿਰੀਕ ਤੇ ਵਾਰ ਕਰਨ ਲਈ ਤਿਆਰੀਆਂ ਵਲੋਂ ਬੁਚੜਾਂ ਦੇ ਕਤਲ ਕੀਤੇ ਜਾਣ ਨੇ ਉਹਨਾਂ ਨੂੰ ਵਾਰ ਕਰਨ ਦਾ ਮੌਕਾ ਮੁਹਾਈਆ ਕਰ ਦਿਤਾ।

ਇਸ ਲਈ ਬ੍ਰਿਟਿਸ਼ ਹਾਕਮਾਂ ਵਲੋਂ ਕੂਕਾ ਲਹਿਰ ਤੇ ਵਾਰ ਕਰਨ ਦਾ ਅਸਲ ਕਾਰਨ ਨਾਮਧਾਰੀਆਂ ਦੀ ਵਧ ਰਹੀ ਸ਼ਕਤੀ ਅਤੇ ਜਥੇਬੰਦਕ ਡਸਿਪਲਨ ਸੀ। ਕੂਕੇ ਥੋੜ੍ਹੇ ਸਾਲਾਂ ਵਿਚ ਹੀ ਲਖਾਂ ਦੀ ਗਿਣਤੀ ਵਿਚ ਕੂਕਾ ਪੰਥ ਵਿਚ ਸ਼ਾਮਲ ਹੋ ਗਏ ਸਨ। ਉਨਾਂ ਦਾ ਗੁਰੂ ਗਰੀਬ ਸ਼ਰੇਣੀ ਵਿਚ ਪੈਦਾ ਹੋਇਆ ਸੀ ਅਤੇ ਗਰੀਬ ਤੇ ਦਲਿਤ ਸ਼ਰੇਣੀਆਂ ਦੀ ਰੂਹਾਨੀ ਤੇ ਰਾਜਸੀ ਆਜ਼ਾਦੀ ਦਾ ਪੈਗਾਮ ਲੈ ਕੇ ਆਇਆ ਸੀ। ਉਸਦੇ ਅੰਗਰੇਜ਼ ਰਾਜ ਨਾਲ ਨਾ-ਮਿਲਵਰਤਨ ਦੇ ਪਰੋਗਰਾਮ ਨੇ ਆਮ ਪੰਜਾਬੀਆਂ ਦੇ ਦਿਲਾਂ ਵਿਚ ਪੰਜਾਬ ਦੀ ਆਜ਼ਾਦੀ ਨੂੰ ਮੁੜ ਬਹਾਲ ਕਰਨ ਦੇ ਜਜ਼ਬੇ ਉਭਾਰੇ ਸਨ। ਪੰਜਾਬੀ ਗੈਰਤ ਤੇ ਅਣਖ ਨੂੰ ਪੈਰਾਂ ਤੇ ਖਲੋਣ ਲਈ ਟੁੰਬਿਆ ਸੀ ਅਤੇ ਪੰਜਾਬ ਦੇ ਲੋਕਾਂ ਅੰਦਰ ਇਕ ਨਵੀਂ ਅਣਖੀਲੀ ਮਰਦਾਨਗੀ ਦੀ ਰੂਹ ਭਰੀ ਦਿਤੀ। ਜਿਸ ਦੇ ਕਾਰਨ ਨਾਮਧਾਰੀ ਸ਼ੇਰ ਹਥੇਲੀਆਂ ਤੇ ਸਿਰ ਰਖ ਕੇ ਅੰਗਰੇਜ਼ ਰਾਜ ਦੇ ਖਿਲਾਫ ਜੂਝਣ ਲਈ ਸੀਨਾ ਤਾਣ ਕੇ ਖਲੋ ਗਏ ਸਨ।

ਅਤੇ ਅੰਗਰੇਜ਼ ਅਫਸਰਾਂ ਦੀਆਂ ਖੁਫੀਆਂ ਰਿਪੋਰਟਾਂ ਉਤਲੀ ਸਥਿਤੀ ਦੀ ਤਸਦੀਕ ਕਰਦੀਆਂ ਹਨ। ਉਹ ਸਾਫ ਸ਼ਬਦਾਂ ਵਿਚ ਕਹਿੰਦੀਆਂ ਹਨ ਕਿ 'ਇਹ ਲਹਿਰ ਰਾਜਸੀ ਹੈ। ਖਾਲਸ ਧਾਰਮਕ ਨਹੀਂ।' ਗੁਰੂ ਰਾਮ ਸਿੰਘ ਇਕ ਐਸੀ ਸੰਸਥਾ ਦਾ ਆਗੂ ਹੈ ਜੋ ਖਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਆਸ ਵਿਚ ਅੰਗਰੇਜ਼ ਰਾਜ ਦਾ ਦੁਸ਼ਮਣ ਮਹਿਸੂਸ ਕਰਦੇ ਸਨ। ਗੁਰੂ ਰਾਮ ਸਿੰਘ ਪਾਤਸ਼ਾਹ ਜੀ ਦੇ ਲਗਾਤਾਰ ਵਧ ਰਹੇ ਰਸੂਖ ਹਨ। ਜੇ ਇਸ ਤਹਿਰੀਕ ਦੇ ਛੇਤੀ ਤੋਂ ਛੇਤੀ ਮੱਕੂ ਬੰਨ੍ਹਣ ਦਾ ਬੰਦੋਬਸਤ ਨਾ ਕੀਤਾ ਗਿਆ ਤਾਂ ਫਸਾਦ ਅਤੇ ਬਨਿੱਆਦਾਂ ਤੇ ਖੜੀ ਕੀਤੀ



Namdhari Elibrary NamdhariElibrary@gmail.com

ਗਈ ਇਹ ਲਹਿਰ ਆਉਣ ਵਾਲੇ ਸਮੇਂ ਵਿਚ ਬੜੇ ਖਤਰਿਆਂ ਤੇ ਤੋੜ ਫੋੜਨ ਘਟਨਾਵਾਂ ਦੀ ਜਨਮ ਦਾਤਾ ਬਣ ਸਕਦੀ ਹੈ।

ਅੰਗਰੇਜ਼ ਅਫਸਰ ਅਸਲ ਵਿਚ ਕੋਈ ਬਹਾਨਾ ਲਭਦੇ ਸਨ, ਜਿਸ ਨੂੰ ਵਰਤ ਕੇ ਇਸ ਲਹਿਰ ਨੂੰ ਰਾਜ ਮਸ਼ੀਨਰੀ ਦੇ ਇਹੋ ਬੇਕਿਰਕ, ਵਹਿਸ਼ੀਆਨਾ ਭਰਪੂਰ ਤਸ਼ਦਦ ਨਾਲ ਕੁਚਲ ਦਿਤਾ ਜਾਏ। ਜੇਹੋ ਜਿਹਾ ਕਿ ਉਹਨਾਂ ਨੇ 1857 ਦੇ ਗਦਰੀਆਂ ਨੂੰ ਕੁਚਲਣ ਲਈ ਇਸਤੇਮਾਲ ਕੀਤਾ ਸੀ। ਰਾਏਕੋਟ ਦੇ ਬੁਚੜਾਂ ਦੇ ਕਤਲ ਨੇ ਅੰਗਰੇਜ਼ ਹਾਕਮਾਂ ਨੂੰ ਉਹ ਬਹਾਨਾ ਮੁਹਈਆ ਕਰ ਦਿਤਾ ਅਤੇ ਜਿਸ ਖ਼ੂੰਖਾਰ ਦਰਿੰਦਗੀ ਦਾ ਮੁਜ਼ਾਹਰਾ ਉਨਾਂ ਮਲੇਰਕੋਟਲੇ ਵਿਚ ਕੂਕਿਆਂ ਨੂੰ ਤੋਪਾਂ ਨਾਲ ਉਡਾਣ ਦਾ ਕੀਤਾ— ਉਸ ਦੀ ਮਿਸਾਲ ਗਦਰ ਦੇ ਦੌਰਾਨ ਕੀਤੇ ਗਏ ਜ਼ੁਲਮਾਂ ਵਿਚੋਂ ਹੀ ਮਿਲਦੀ ਹੈ। ਹੋਰ ਕਿਤੇ ਇਤਿਹਾਸ ਵਿਚ ਨਹੀਂ ਮਿਲਦੀ।

ਅੰਗਰੇਜ਼ ਹਾਕਮਾਂ ਦਾ ਮਕਸਦ ਇਸ ਵੇਲੇ ਸਿਰਫ ਕੂਕਾ ਲਹਿਰ ਨੂੰ ਜੜ੍ਹਾਂ ਤੋਂ ਪੁਟਣਾ ਨਹੀਂ ਸੀ— ਇਹ ਵੀ ਸੀ ਕਿ ਪੰਜਾਬ ਵਿਚ ਅਗੋਂ ਸਰਕਾਰ ਵਿਰੋਧੀ ਕੋਈ ਵੀ ਤਹਿਰੀਕ ਨਾ ਸਿਰ ਉਠਾ ਸਕੇ। ਇਤਿਹਾਸ ਗੁਆਹ ਹੈ ਕਿ ਸਰਕਾਰਾਂ ਦੇ ਏਹੋ ਜਹੇ ਮਕਸਦ ਨਾ ਕਦੇ ਪਿਛੇ ਸਫਲ ਹੋਏ ਹਨ ਅਤੇ ਨਾ ਕਦੇ ਅਗੋਂ ਹੋਣਗੇ। ਸਰਕਾਰਾਂ ਨੇ ਬੰਦੂਕਾਂ ਤੋਪਾਂ ਦੇ ਭਰੋਸੇ ਜਨਤਾ ਦੇ ਜਥੇਬੰਦਕ ਸੰਗਰਾਮਾਂ ਨੂੰ ਹਮੇਸ਼ਾਂ ਘਟ ਤੋਲਿਆ ਹੈ ਅਤੇ ਇਸ ਗਲਤੀ ਦਾ ਮੁਲ ਆਪਣੇ ਬਿਸਤਰੇ ਗੋਲ ਕਰਨ ਵਿਚ ਤਾਰਿਆ ਹੈ।

ਕੂਕਾ ਲਹਿਰ ਵਕਤੀ ਤੌਰ ਤੇ ਕੁਚਲ ਦਿਤੀ ਗਈ ਪਰ ਜਿਸ ਬਹਾਦਰੀ ਨਾਲ ਕੂਕਿਆਂ ਨੇ ਅਪਨੇ ਸਿਰ ਦਿਤੇ ਸਨ, ਉਹ ਬਹਾਦਰੀ ਨਵੀਆਂ ਰਾਜਸੀ ਲਹਿਰਾਂ ਦਾ ਉਤਸ਼ਾਹ ਜਨਕ ਝੰਡਾ ਬਣ ਗਈ। ਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਦਾ ਪਰੇਰਨਾਸ਼ੀਲ ਚਿਨ੍ਹ ਬਣ ਗਿਆ। ਸਦੀਵੀ ਰਾਜ ਕਰਨ ਦੇ ਖਾਬ ਲੈਣ ਵਾਲੇ ਅੰਗਰੇਜ਼ ਹਾਕਮਾਂ ਨੂੰ ਬੋਰੀਆ ਬਿਸਤਰਾ ਵਲੇਟ ਕੇ ਹਿੰਦੁਸਤਾਨ ਵਿਚੋਂ ਜਾਣਾ ਪਿਆ ਅਤੇ ਭਾਰਤ ਆਜ਼ਾਦ ਹੋ ਗਿਆ। ਇਹ ਹੈ ਕੂਕਾ ਬਗਾਵਤ ਦੀ ਇਤਿਹਾਸਕ ਮਹਾਨਤਾ। ਗਦਰ ਦੇ ਕੁਚਲੇ ਜਾਣ ਪਿਛੋਂ ਇਹ ਪਹਿਲੀ ਤਹਿਰੀਕ ਸੀ ਜਿਹੜੀ ਦੇਸ਼ ਦੀ ਆਜ਼ਾਦੀ ਲਈ ਉਠੀ।

ਵੱਡੇ ਆਦਮੀ ਇਕ ਫਿਰਕੇ ਜਾਂ ਕੌਮ ਦੇ ਨਹੀਂ ਹੁੰਦੇ। ਉਹ ਸਭ ਫਿਰਕਿਆਂ, ਸਭ ਕੌਮਾਂ ਦੇ ਸਾਂਝੇ ਹੁੰਦੇ ਹਨ। ਉਹਨਾਂ ਦੇ ਮੁਖਵਾਕ ਸਭ ਲੋਕਾਂ ਦੀ ਸਾਂਝੀ ਪੂੰਜੀ ਹੁੰਦੇ ਹਨ ਅਤੇ ਹਰ ਇਕ ਆਦਮੀ, ਫਿਰਕਾ, ਨਸਲ, ਕੌਮ ਅਤੇ ਰੰਗ ਉਹਨਾਂ ਦੇ ਉੱਚ-ਖਿਆਲਾਂ ਤੋਂ ਲਾਭ ਉਠਾ ਸਕਦਾ ਹੈ। ਬਜ਼ੁਰਗਾਂ ਦੇ ਸ਼ੁਭ ਬਚਨ ਮੁਲਕ ਅਤੇ ਵਕਤ ਦੀ ਕੈਦ ਤੋਂ ਉਚੇ ਹੁੰਦੇ ਹਨ, ਤੰਗ ਖਿਆਲੀ ਕਰਕੇ, ਜਾਂ ਕਟੜ-ਪੰਥੀ ਹੋਣ ਕਰਕੇ ਉਹਨਾਂ ਤੋਂ ਜੇ ਕੋਈ ਆਦਮੀ ਲਾਭ ਨਹੀਂ ਉਠਾਂਦਾ ਤਾਂ ਉਸ ਆਦਮੀ ਦਾ ਕਸੂਰ ਹੈ। ਸ਼ੁਭ ਬਚਨਾਂ ਦਾ ਕਸੂਰ ਨਹੀਂ, 'ਉਹ ਤਾਂ ਹਰ ਵੇਲੇ ਹਨੇਰੇ ਰਾਹ ਨੂੰ ਚਾਨਣਾ ਕਰਨ ਲਈ ਉਡੀਕ ਰਹੇ ਹਨ।

ਏਹੋ ਜੇਹੇ ਬਜ਼ੁਰਗਾਂ ਵਿਚੋਂ ਬਾਬਾ ਰਾਮ ਸਿੰਘ ਜੀ ਅਦੁਤੀ ਪੁਰਸ਼ ਸਨ। ਉਹਨਾਂ ਨੇ ਗਰੀਬਾਂ ਦੀ ਰੱਖਿਆ ਲਈ ਬੜੀਆਂ ਕੁਰਬਾਨੀਆਂ ਕੀਤੀਆ। ਜਿਥੇ ਵੀ ਜ਼ੁਲਮ ਹੁੰਦਾ ਜ਼ੁਲਮ ਦੇ ਵਿਰੁਧ ਡਟਕੇ ਖਲੋ ਜਾਂਦੇ ਸਨ। ਜ਼ੁਲਮ ਹੁੰਦਾ ਵੇਖਕੇ ਉਹ ਜਰ ਨਹੀਂ ਸਕਦੇ ਸਨ। ਉਹ ਸੰਸਾਰ ਵਿਚ ਠੰਢ ਵਰਤਾਉਣਾ ਚਾਹੁੰਦੇ ਹਨ ਜੇਹੜਾ ਕਿ ਭਰੱਪਣਾ ਅਤੇ ਏਕਤਾ ਤੇ ਉਸਰਿਆ ਹੋਵੇ। ਨਾਮਧਾਰੀ ਪੰਥ ਅਜ ਕੁਰਬਾਨੀ, ਸਾਦਗੀ ਅਤੇ ਭਰੱਪਣ ਦਾ ਨਮੂਨਾ ਹੈ। ਸਭ ਦਸਾਂ ਨਹੁੰਆਂ ਦੀ ਕਮਾਈ ਕਰਦੇ ਹਨ ਅਤੇ ਸਭ ਵੰਡ ਛਕਦੇ ਹਨ। ਸਭਨਾਂ ਦੀ ਸ਼ਰਧਾ ਪ੍ਰੇਮ ਵੇਖਕੇ ਸਿਰ ਝੁਕ ਜਾਂਦਾ ਹੈ।

---

## ਧਾਰਮਿਕ ਲਿਬਾਸ ਵਿੱਚ ਡੂੰਘੇ ਰਾਜਨੀਤਕ ਮਨਸੂਬੇ

"ਕੂਕਾ ਪੰਥ ਪੱਕਾ ਮਹਾਤਮਾ ਦਾ ਪੰਥ ਹੈ। ਉਨ੍ਹਾਂ ਦੀ ਸਿਖਿਆ ਦਾ ਸਿਧਾਂਤ ਈਸ਼ਵਰ ਭਗਤੀ ਹੈ। ਉਹ ਉਚ ਸਦਾਚਾਰ ਦੇ ਮਾਲਕ ਹਨ। ਉਨ੍ਹਾਂ ਵਿਚ ਵਿਧਵਾ ਵਿਆਹ ਦੀ ਪਾਬੰਦੀ ਨਹੀਂ ਹੈ। ਉਨ੍ਹਾਂ ਵਿਚ ਲੜਕੀ ਅਤੇ ਭੈਣ ਦੇ ਬਦਲੇ ਵਿਚ ਰੁਪੈ ਲੈਣ ਦੀ ਉੱਕਾ ਹੀ ਮਨਾਹੀ ਹੈ। ਉਹ ਸਦਾ ਚਾਰਕ ਜੀਵਨ ਦੀ ਤਾਗੀਦ ਕਰਦੇ ਹਨ। ਉਹ ਨਸ਼ੀਲੀਆਂ ਸ਼ੈਆਂ ਤੋਂ ਪ੍ਰਹੇਜ਼ ਕਰਦੇ ਹਨ। ਇਸ ਪੰਥ ਦੀ ਨਿਸ਼ਾਨੀ ਉੱਨ ਦੀ ਮਾਲਾ, ਸਿਧੀ ਪੱਗ ਤੇ ਇੱਕ ਲਾਠੀ ਹੈ। (ਗੁਰੂ) ਰਾਮ ਸਿੰਘ ਸ਼ਾਨਦਾਰ ਦਿਮਾਗੀ ਕਾਬਲੀਯਤ ਦਾ ਮਾਲਿਕ ਹੈ। ਉਸ ਨੇ ਹੌਲੀ ਹੌਲੀ ਆਪਣੇ ਸਿੱਖਾਂ ਅੰਦਰ ਨੇਕੀ ਅਤੇ ਪ੍ਰਹੇਜ਼ਗਾਰੀ ਦੇ ਕਾਰਨ ਪ੍ਰਸਿਧੀ ਪ੍ਰਾਪਤ ਕਰ ਲਈ ਹੈ। ਉਸਦੇ ਚੇਲਿਆਂ ਦੀ ਗਿਣਤੀ ਬਹੁਤ ਵਧ ਗਈ ਹੈ, ਅਤੇ ਨਾਲ ਹੀ ਉਸਦਾ ਅਸਰ। (ਗੁਰੂ) ਰਾਮ ਸਿੰਘ ਅਤੇ ਉਸਦੇ ਚੇਲੇ ਕੇਵਲ ਧਾਰਮਿਕ ਹੀ ਨਹੀਂ ਹਨ, ਸਗੋਂ ਧਾਰਮਿਕ ਸੁਧਾਰਕ, ਸਦਾਚਾਰੀ ਉਪਦੇਸ਼ਕ ਅਤੇ ਗੁਰੂ ਹੋਣ ਦੇ ਲਿਬਾਸ ਵਿਚ ਉਨ੍ਹਾਂ ਨੇ ਰਾਜਨੀਤੀ ਦੇ ਡੂੰਘੇ ਮਨਸੂਬਿਆਂ ਨੂੰ ਆਸਰਾ ਦਿਤਾ।"

*-ਸੱਯਦ ਮੁਹੰਮਦ ਲਤੀਫ*

*ਐਕਸਟਰਾ ਅਸਿਸਟੈਂਟ ਕਮਿਸ਼ਨਰ*



Namdhari Elibrary NamdhariElibrary@gmail.com



# ਗੁਰੂ ਰਾਮ ਸਿੰਘ ਜੀ ਦੀ ਰਾਜਨੀਤੀ ਦੇ ਵਿਸ਼ੇਸ਼ ਪੱਖ

—ਪ੍ਰੋ. ਜੋਗਿੰਦਰ ਸਿੰਘ

ਅੰਗਰੇਜ਼ੀ ਦਸਤਾਵੇਜ਼ ਤਸਦੀਕ ਕਰਦੇ ਹਨ ਕਿ 1860 ਈਸਵੀ ਦੇ ਦਹਾਕੇ ਵਿਚ ਨਾਮਧਾਰੀ ਸੰਪਰਦਾਇ ਦਾ ਸਰੂਪ ਹੋਂਦ ਵਿਚ ਆ ਚੁੱਕਾ ਸੀ। ਇਸ ਸੰਪਰਦਾਇ ਦੇ ਸ਼ਰਧਾਲੂ ਆਪਣੇ ਮੁਖੀ ਨੂੰ ਭਾਈ ਅਤੇ ਗੁਰੂ ਸ਼ਬਦਾਂ ਦੀ ਸੰਘਿਆ ਨਾਲ ਸਤਿਕਾਰ ਕਰਦੇ ਸਨ। ਦੋਵੇਂ ਸ਼ਬਦ (ਗੁਰੂ ਅਤੇ ਭਾਈ) ਉਨੀਵੀਂ ਸਦੀ ਦੇ ਮਧ ਵਿਚ ਸਧਾਰਨ ਪਿੱਠਭੂਮੀ ਵਾਲੇ ਪਿੰਡ ਭੈਣੀ ਅਰਾਈਆਂ ਦੇ ਰਾਮ ਸਿੰਘ ਦੀ ਬੁਲੰਦ ਸਮਾਜਿਕ ਅਤੇ ਅਧਿਆਤਮਿਕ ਹੈਸੀਅਤ ਦੇ ਲਖਾਇਕ ਸਨ। ਇਹ ਦੋਵੇਂ ਸ਼ਬਦ ਸਿੱਖ ਪਰੰਪਰਾ ਵਿਚੋਂ ਆਏ ਸਨ।

"ਨਿਰੁਕਤ ਅਨੁਸਾਰ ਭਾਈ ਦਾ ਅਰਥ ਭਰਾ ਹੈ ਪਰ ਪੁਰਾਣੀ ਸਿੱਖ ਪਰੰਪਰਾ ਵਿਚ ਇਹ ਸ਼ਬਦ ਪੰਥ ਦੇ ਸੰਤ-ਪੁਰਸ਼ਾਂ ਲਈ ਸਤਿਕਾਰ ਵੱਜੋਂ ਵੀ ਵਰਤਿਆ ਗਿਆ। ਇਸ ਖ਼ਿਤਾਬਯੋਗ ਵਿਅਕਤੀ ਨੂੰ ਆਦਿ-ਗ੍ਰੰਥ ਦੀ ਵਿਆਖਿਆ ਅਤੇ ਇਸ ਵਿਚ ਮੌਜੂਦ ਗੁਰੂਆਂ ਦੇ ਗਿਆਨ ਦਾ ਸੰਚਾਰ ਕਰਨ ਦੀ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕਰਨਾ ਪੈਂਦਾ ਸੀ ਅਤੇ ਉਸ ਦੀ ਪਾਕੀਜ਼ਗੀ ਨੂੰ ਜਨ-ਸਵੀਕ੍ਰਿਤੀ ਪ੍ਰਾਪਤ ਹੋਣੀ ਚਾਹੀਦੀ ਸੀ। ਇਸ ਤੋਂ ਇਲਾਵਾ ਜੇਕਰ ਉਹ ਚਮਤਕਾਰ ਵਿਖਾ ਸਕਦਾ ਹੋਵੇ, ਬਿਮਾਰਾਂ ਨੂੰ ਰਾਜ਼ੀ ਕਰ ਸਕਦਾ ਹੋਵੇ ਅਤੇ ਦੁਖੀਆਂ ਨੂੰ ਤ੍ਰਾਣ ਦੇ ਸਕਦਾ ਹੋਵੇ ਤਾਂ ਉਸ ਦਾ ਸਮਾਜ ਵਿਚ ਸਤਿਕਾਰਤ ਪ੍ਰਭਾਵਸ਼ਾਲੀ ਹੈਸੀਅਤ ਪ੍ਰਾਪਤ ਕਰਨਾ ਨਿਸ਼ਚਿਤ ਸੀ।"[1]

ਨਾਮਧਾਰੀ ਗੁਰੂ ਦੇ ਨਾਂ ਅੱਗੇ ਲੱਗਿਆ 'ਭਾਈ' ਸ਼ਬਦ ਦਰਸਾਉਂਦਾ ਹੈ ਕਿ 1863 ਤਕ ਉਹ ਇਹ ਸੰਤਾਂ ਵਾਲੀ ਸੋਭਾ ਖੱਟ ਚੁਕੇ ਸਨ। ਹੋਰ ਵੀ ਮਹੱਤਵਪੂਰਨ ਸੀ ਉਨ੍ਹਾਂ ਦੇ ਨਾਂ ਨਾਲ 'ਗੁਰੂ' ਸ਼ਬਦ ਦਾ ਜੁੜਨਾ, ਜੋ ਆਮ ਤੌਰ ਤੇ ਅੰਮ੍ਰਿਤ ਛਕਾਉਣ ਵਾਲੇ ਬੇਦੀਆਂ, ਸੋਢੀਆਂ ਅਤੇ ਨਿਰਮਲਿਆਂ ਲਈ ਵਰਤਿਆ ਜਾਂਦਾ ਸੀ।[2] ਇਨ੍ਹਾਂ ਦੋਵਾਂ ਸ਼ਬਦਾਂ ਦੀ ਵਰਤੋਂ ਦਾ ਅਰਥ ਸੀ ਕਿ ਉਨ੍ਹਾਂ ਨੂੰ ਗੁਰੂ-ਪਰੰਪਰਾ ਵਿਚ ਉਨ੍ਹਾਂ ਦੇ ਸਮਕਾਲੀ ਬੇਦੀਆਂ ਅਤੇ ਸੋਢੀਆਂ ਦੇ ਸਮਾਨ ਰੁਤਬਾ ਪ੍ਰਾਪਤ ਸੀ। ਨਾਮਧਾਰੀ ਗੁਰੂ ਨੇ ਸਿੱਖਾਂ ਨੂੰ ਨਾਮ ਦੇਣਾ 12 ਅਪ੍ਰੈਲ 1857 ਨੂੰ ਸ਼ੁਰੂ ਕੀਤਾ, ਜਦੋਂ ਉਨ੍ਹਾਂ ਸੰਤ ਖਾਲਸਾ ਦਾ ਗਠਨ ਕੀਤਾ ਸੀ। ਹਾਲਾਂਕਿ ਉਨ੍ਹਾਂ ਨੂੰ ਪਵਿਤਰ ਰੁਤਬਾ ਪ੍ਰਾਪਤ ਹੋ ਗਿਆ ਸੀ ਪਰ ਉਨ੍ਹਾਂ ਦਾ ਪ੍ਰੇਰਣਾ-ਸ੍ਰੋਤ ਗੁਰੂ ਗੋਬਿੰਦ ਸਿੰਘ ਦਾ ਗ੍ਰੰਥ (ਸ੍ਰੀ ਆਦਿ ਗ੍ਰੰਥ ਸਾਹਿਬ ਵੀ-ਸੰਪਾਦਕ) ਹੀ ਸੀ। ਉਨ੍ਹਾਂ ਲਈ ਗੁਰੂ ਗੋਬਿੰਦ ਸਿੰਘ ਹੀ ਸੱਚੇ ਗੁਰੂ ਸਨ। ਅਰਥ ਸੰਭਾਵਨਾ ਅਨੁਸਾਰ ਨਾਮਧਾਰੀ ਗੁਰੂ ਆਪਣੇ ਸਮਕਾਲੀ ਬੇਦੀਆਂ ਅਤੇ ਸੋਢੀਆਂ ਦੀ ਗੁਰਿਆਈ ਸਵੀਕਾਰ ਕਰਨ ਤੋਂ ਇਨਕਾਰੀ ਸਨ। ਸਗੋਂ ਉਹ ਇਨ੍ਹਾਂ ਨੂੰ 'ਪਾਖੰਡੀ' ਆਖਦੇ ਸਨ। ਇਸ ਤੋਂ ਇਲਾਵਾ ਉਹ 1857 ਦੇ ਗ਼ਦਰ ਮਗਰੋਂ ਰਾਜ ਅਤੇ ਇਸ ਦੀ ਸੱਭਿਅਤਾ ਨਾਲ ਇਕਸੁਰ ਹੋ ਗਏ ਸਨ। ਇਸੇ ਤਰ੍ਹਾਂ ਨਾਲ ਉਹ ਖਾਲਸਾ ਰਾਜ ਦੇ ਘਾਣ ਲਈ ਖ਼ਾਲਸੇ ਨੂੰ ਜ਼ਿੰਮੇਵਾਰ ਸਮਝਦੇ ਸਨ। ਸੰਤ ਦੀ ਪਦਵੀ ਪ੍ਰਾਪਤ ਕਰਨ ਮਗਰੋਂ ਉਨ੍ਹਾਂ ਇਹ ਸਮਝ ਲਿਆ ਕਿ ਸੰਤ ਖਾਲਸਾ ਮਲੇਛ ਖ਼ਾਲਸਾ ਦੀ ਥਾਂ ਲੈ ਲਵੇਗਾ ਅਤੇ ਅਖੀਰ ਖ਼ਾਲਸਾ ਰਾਜ ਦੀ ਬਹਾਲੀ ਕਰ ਲਵੇਗਾ। ਸਿਧਾਂਤਕ ਤੌਰ ਤੇ ਉਨ੍ਹਾਂ ਦੀ ਸੂਬਾ ਪ੍ਰਣਾਲੀ ਉਨ੍ਹਾਂ ਦੀ ਭੌਤਿਕ ਪ੍ਰਭੁਤਾ ਦੀ ਦਾਅਵੇਦਾਰੀ ਹੀ ਸੀ।

ਗੁਰੂ ਰਾਮ ਸਿੰਘ ਦਾ ਪ੍ਰਤਾਪ ਤੇਜ਼ੀ ਨਾਲ ਵਧਿਆ। ਸਰਕਾਰੀ ਦਸਤਾਵੇਜ਼ਾਂ ਅਨੁਸਾਰ ਉਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ 1866 ਈਸਵੀ ਤੱਕ 60 ਹਜ਼ਾਰ ਹੋ ਗਈ ਸੀ।[3] ਇਹ ਅਚੰਭੇ ਵਾਲੀ ਗਿਣਤੀ ਸੀ। ਸਭ ਤੋਂ ਵੱਧ ਅਚੰਭਾ ਇਸ ਗੱਲ ਦਾ ਸੀ ਕਿ ਗੁਰੂ ਰਾਮ ਸਿੰਘ ਦੇ ਸ਼ਰਧਾਲੂ ਕੇਵਲ ਜਨਸਧਾਰਨ ਨਹੀਂ ਸਨ। ਹੁਸ਼ਿਆਰਪੁਰ ਦੇ ਕਾਰਜਕਾਰੀ ਪੁਲਿਸ ਸੁਪਰਡੈਂਟ ਨੇ 1871 ਈਸਵੀ ਵਿਚ ਕੂਕਾ ਸੰਪ੍ਰਦਾਇ ਦੇ 50 ਮੁਖੀਆਂ ਦੀ ਸੂਚੀ ਤਿਆਰ ਕੀਤੀ ਜਿਨ੍ਹਾਂ ਵਿਚ ਕਈ ਸਰਦਾਰ ਅਤੇ ਜਗੀਰਦਾਰ ਸੂਬੇ ਵੀ ਸਨ। ਇਕ ਇਸਤਰੀ ਸੂਬਾ ਵੀ ਸੀ। ਪੰਜ ਸੂਬੇ ਉਹ ਸਨ ਜੋ ਅੰਗਰੇਜ਼ਾਂ ਦੀ ਫੌਜ ਵਿਚ ਰਹੇ ਸਨ ਅਤੇ ਜਾਂ ਤਾਂ ਆਪ ਅਸਤੀਫ਼ੇ ਦੇ ਆਏ ਸਨ ਜਾਂ ਅੰਗਰੇਜ਼ਾਂ ਨੇ ਨੌਕਰੀ ਤੋਂ ਕੱਢ ਸੁੱਟੇ ਸਨ। ਇਨ੍ਹਾਂ ਸੂਬਿਆਂ ਬਾਰੇ ਟਿੱਪਣੀਆਂ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਹ ਅੰਗਰੇਜ਼ਾਂ ਵੱਲੋਂ ਲਿਖੀਆਂ ਗਈਆਂ ਸਨ



Namdhari Elibrary NamdhariElibrary@gmail.com

ਅਤੇ ਉਨ੍ਹਾਂ ਦੇ ਇਸ ਦਾਅਵੇ ਨੂੰ ਝੁਠਲਾਉਂਦੀਆਂ ਹਨ ਕਿ 1857 ਦੇ ਗ਼ਦਰ ਨਾਲ ਕੂਕਿਆਂ ਦਾ ਸਬੰਧ ਸੀ। ਰੂੜ ਸਿੰਘ ਦਾ ਬੇਟਾ ਲੱਖਾ ਸਿੰਘ ਪਟਿਆਲੇ ਦੇ ਇਕ ਪਿੰਡ ਦਾ ਜੱਟ ਸੀ ਅਤੇ ਬਤੌਰ ਸਿਪਾਹੀ ਦੂਜੀ ਪੁਲਿਸ ਬਟਾਲੀਅਨ (ਸ਼ੇਰ ਦਲ) ਵਿਚ ਡਰਿੱਲ ਇੰਸਟ੍ਰਕਟਰ ਸੀ। (ਅਸਲੀਅਤ ਵਿਚ ਸਰਕਾਰੀ ਦਸਤਾਵੇਜ਼ਾਂ ਵਿਚ ਕੁਝ ਸੁਣੇ ਸੁਣਾਏ ਤੱਥ ਆ ਜਾਂਦੇ ਸਨ। ਲੱਖਾ ਸਿੰਘ ਦਾ ਪਿੰਡ ਮਲੌਦ ਸੀ ਸੰਪਾਦਕ) ਡਿਪਟੀ ਸੁਪਰਡੈਂਟ ਨੇ ਉਸ ਨੂੰ ਤਬਾਹੀ ਮਚਾਉਣ ਲਈ ਸਮਰੱਥ ਉਪੱਦਰੀ ਅਤੇ ਕੱਟੜਵਾਦੀ ਬਿਰਤੀ ਦਾ ਵਿਅਕਤੀ ਦੱਸਿਆ ਹੈ। ਉਸ ਦੇ ਬਾਰੇ ਆਖਿਆ ਜਾ ਰਿਹਾ ਸੀ ਕਿ ਉਸ ਨੂੰ ਹੁਣੇ ਜਿਹੇ ਪਟਿਆਲਾ ਵਿਚ ਸਜ਼ਾ ਹੋਈ ਸੀ। ਭਗਵਾਨ ਸਿੰਘ ਪੁੱਤਰ ਸੁੱਖੂ ਰਾਮ ਬੰਗਾ, ਜ਼ਿਲ੍ਹਾ ਨਵਾਂਸ਼ਹਿਰ, ਦਾ ਰਹਿਣ ਵਾਲਾ ਸੀ। ਉਸ ਨੇ ਪੰਜ ਵਰ੍ਹੇ ਮੇਜਰ ਬਰਾਉਨ ਅਧੀਨ ਦੂਜੀ ਘੋੜ ਸਵਾਰ ਸੈਨਾ ਵਿਚ ਨੌਕਰੀ ਕੀਤੀ ਸੀ। ਗ਼ਦਰ ਦੌਰਾਨ ਉਹ ਹਡਸਨਜ਼ ਹੌਰਸ ਵਿਚ ਨਾਇਬ ਰਿਸਾਲਦਾਰ ਸੀ। ਉਸ ਨੇ 1860 ਵਿਚ ਅਸਤੀਫਾ ਦਿੱਤਾ ਸੀ। ਮਲੂਕ ਸਿੰਘ ਜੱਟ ਸੀ ਅਤੇ ਫਿਰੋਜ਼ਪੁਰ ਜ਼ਿਲ੍ਹੇ ਦੇ ਫੂਲੇਵਾਲ ਮੁਕਤਸਰ ਦਾ ਵਸਨੀਕ ਸੀ। 1857-58 ਦੌਰਾਨ ਉਹ ਵੀ ਇਸੇ ਰੈਜਮੈਂਟ ਵਿਚ ਨੌਕਰ ਸੀ। ਪ੍ਰੇਮ ਸਿੰਘ ਪੁੱਤਰ ਖੁਸ਼ਹਾਲ ਸਿੰਘ ਜੱਟ ਸੀ ਅਤੇ ਲੁਧਿਆਣੇ ਦੇ ਬੁਰਸਾਲਪੁਰ ਪਿੰਡ ਦਾ ਰਹਿਣ ਵਾਲਾ ਸੀ। ਅੰਗਰੇਜ਼ ਅਧਿਕਾਰੀਆਂ ਦੁਆਰਾ ਕੱਢੇ ਜਾਣਾ ਜਾਂ ਆਪ ਅਸਤੀਫੇ ਦਰਸਾਉਂਦਾ ਹੈ ਕਿ ਇਹ ਅਮਲਾ ਸਰਕਾਰ ਪ੍ਰਤੀ ਵਫ਼ਾਦਾਰ ਨਹੀਂ ਸੀ ਸਗੋਂ ਇਹ ਲੋਕ ਨਾਮਧਾਰੀ ਗੁਰੂ ਪ੍ਰਤੀ ਵਧੇਰੇ ਵਫਾਦਾਰ ਸਨ, ਜਿਨ੍ਹਾਂ ਇਨ੍ਹਾਂ ਨੂੰ ਸੂਬੇ ਨਿਯੁਕਤ ਕੀਤਾ ਸੀ। (ਉਨ੍ਹਾਂ ਕਾਰਨਾਂ ਅਤੇ ਹਾਲਾਤ ਬਾਰੇ ਹੋਰ ਵਧੇਰੇ ਛਾਣ-ਬੀਣ ਦੀ ਲੋੜ ਹੈ, ਜਿਨ੍ਹਾਂ ਅਧੀਨ ਇਨ੍ਹਾਂ ਆਪਣੀਆਂ ਨੌਕਰੀਆਂ ਛੱਡੀਆਂ ਸਨ) ਕਈ ਹੋਰ ਸੂਬੇ ਅਤੇ ਸਰਗਰਮ ਕਾਰਜ-ਕਰਤਾ ਵੀ ਸਨ, ਜਿਨ੍ਹਾਂ ਨੂੰ ਸਰਕਾਰੀ ਹਲਕਿਆਂ ਵਿਚ ਵਧੇਰੇ ਖ਼ਤਰਨਾਕ ਸਮਝਿਆ ਜਾਂਦਾ ਸੀ। ਇਨ੍ਹਾਂ ਵਿਚ ਰਿਆਸਤ ਪਟਿਆਲਾ ਦੇ ਬਿਸ਼ਨਪੁਰਾ ਦਾ ਸਰਦਾਰ ਮੰਗਲ ਸਿੰਘ ਵੀ ਸ਼ਾਮਿਲ ਸੀ। (ਇਹ ਸੂਬਾ ਨਹੀਂ ਸੀ ਸੰਪਾਦਕ) ਆਖਿਆ ਜਾਂਦਾ ਹੈ ਕਿ ਪਟਿਆਲੇ ਦੇ ਰਾਜੇ ਨੇ ਉਸ ਨੂੰ ਇਹ ਸੰਪ੍ਰਦਾਇ (ਕੂਕਾ) ਛੱਡਣ ਲਈ ਕਈ ਤਰ੍ਹਾਂ ਦੇ ਲਾਲਚ ਦਿੱਤੇ ਪਰ ਉਸ ਨੇ ਨਾਂਹ ਕਰ ਦਿੱਤੀ ਸੀ। ਉਸ ਨੂੰ ਪਟਿਆਲੇ ਵਿਚੋਂ ਬੇਦਖਲ ਕਰ ਦਿੱਤਾ ਗਿਆ ਅਤੇ ਉਹ ਨਾਮਧਾਰੀ ਗੁਰੂ ਰਾਮ ਸਿੰਘ ਪਾਸ ਜਾ ਰਿਹਾ। ਇਸ ਤੋਂ ਛੱਟ ਇਨ੍ਹਾਂ ਸੂਬਿਆਂ ਵਿਚੋਂ ਕੁਝ ਨੂੰ ਅੰਤਾਂ ਦੇ ਕੱਟੜ ਅਤੇ ਤਬਾਹੀ ਮਚਾਉਣ ਦੇ ਸਮਰੱਥ ਆਖਿਆ ਗਿਆ ਸੀ।[4]

ਇਸ ਤਰ੍ਹਾਂ 1857 ਦੇ ਗ਼ਦਰ ਅਤੇ ਕੂਕਾ ਲਹਿਰ ਵਿਚਕਾਰ ਕੁਝ ਹੋਰ ਕੜੀਆਂ ਉਸ ਸਮੇਂ ਨਜ਼ਰ ਆ ਜਾਂਦੀਆਂ ਹਨ ਜਦੋਂ ਅਸੀਂ ਵੇਖਦੇ ਹਾਂ ਕਿ ਜੰਮੂ-ਕਸ਼ਮੀਰ ਵਿਚ ਬਣੀ ਕੂਕਾ ਰੈਜਮੈਂਟ ਵਿਚ ਭਰਤੀ ਹੋਣ ਵਾਲਿਆਂ ਵਿਚ ਕਈ ਸਾਬਕਾ ਸਿਪਾਹੀ ਜਾਂ ਅਮਲਾ ਸ਼ਾਮਿਲ ਸੀ। ਮਹਾਰਾਜਾ ਜੰਮੂ-ਕਸ਼ਮੀਰ ਨੇ ਇਸ ਮੰਤਵ ਨਾਲ ਦੋ ਸੌ ਆਦਮੀਆਂ ਤੇ ਆਧਾਰਿਤ ਦੋ ਕੂਕਾ ਕੰਪਨੀਆਂ ਤਿਆਰ ਕੀਤੀਆਂ ਸਨ ਕਿ ਇਨ੍ਹਾਂ ਨੂੰ ਡੋਗਰਿਆਂ ਵਾਂਗ ਬਾਕਾਇਦਾ ਕੂਕਾ ਰੈਜਮੈਂਟ ਦਾ ਧੁਰਾ ਬਣਾਇਆ ਜਾਵੇਗਾ। ਗੁਜਰਾਂਵਾਲੇ ਦੇ ਜ਼ਿਲ੍ਹਾ ਪੁਲਿਸ ਸੁਪਰਡੈਂਟ ਨੇ ਜੰਮੂ-ਕਸ਼ਮੀਰ ਰਿਆਸਤ ਦਾ ਕੂਕਾ ਰੈਜਮੈਂਟ ਦੀਆਂ ਕੰਪਨੀਆਂ ਦੇ 33 ਮੈਂਬਰਾਂ ਦੀ ਸੂਚੀ ਪੇਸ਼ ਕੀਤੀ ਸੀ। ਇਨ੍ਹਾਂ 33 ਕੂਕਾ ਸੈਨਿਕਾਂ ਵਿਚ ਅਜਿਹੇ ਕਿੰਨੇ ਹੀ ਕੂਕੇ ਸਿੱਖ ਸਨ, ਜਿਨ੍ਹਾਂ ਕਦੀ ਬਰਤਾਨਵੀ ਪੁਲਿਸ ਜਾਂ ਫੌਜ ਵਿਚ ਨੌਕਰੀ ਕੀਤੀ ਸੀ ਜਾਂ ਸਿਵਲ ਵਿਭਾਗਾਂ ਵਿਚ ਨੌਕਰ ਰਹੇ ਸਨ ਅਤੇ ਜਾਂ ਲਾਹੌਰ ਦਰਬਾਰ ਵਿਚ ਸੇਵਾ ਨਿਭਾਉਂਦੇ ਰਹੇ ਸਨ। ਪ੍ਰੇਮ ਸਿੰਘ ਭਾਈ ਮਹਾਰਾਜ ਸਿੰਘ ਦਾ ਸਿਪਾਹੀ ਸੀ, ਬਹਾਦਰ ਸਿੰਘ ਦੇਸੀ ਪੈਦਲ ਸੈਨਾ ਦਾ ਸਾਬਕਾ ਸਿਪਾਹੀ ਸੀ, ਸਾਉਨ ਸਿੰਘ ਫ਼ਿਰੋਜ਼ਪੁਰ ਵਿਖੇ ਸਾਰਜੰਟ ਰਿਹਾ ਸੀ, ਲਾਲ ਸਿੰਘ ਵੀ ਦੇਸੀ ਪੈਦਲ ਸੈਨਾ ਰੈਜਮੈਂਟ ਦਾ ਸਾਬਕਾ ਸਿਪਾਹੀ ਸੀ। ਇਸ ਤੋਂ ਇਲਾਵਾ ਕੂਕਾ ਰੈਜਮੈਂਟ ਦਾ ਐਡਜੂਟੈਂਟ ਤਾਰਾ ਸਿੰਘ ਇਕ ਸਮੇਂ ਕਸ਼ਮੀਰ ਦੇ ਗਵਰਨਰ ਰਹੇ ਅਤੇ ਸਿੱਖ ਸੈਨਾ ਦੇ ਸਵਰਗੀ ਕਰਨਲ ਮੀਹਾਂ ਸਿੰਘ ਦਾ ਭਤੀਜਾ ਅਤੇ ਚਤਰ ਸਿੰਘ ਦਾ ਪੁੱਤਰ ਸੀ। ਅੰਗਰੇਜ਼ਾਂ ਦੇ ਰਾਜ ਵਿਚ ਤਾਰਾ ਸਿੰਘ ਸੱਤਵੀਂ ਪੁਲਿਸ ਬਟਾਲੀਅਨ (ਅੰਮ੍ਰਿਤਸਰ ਰੈਜਮੈਂਟ) ਵਿਚ ਸੀ। ਗ਼ਦਰ ਦੌਰਾਨ ਉਸ ਦੇ ਅਤਿਅੰਤ ਸ਼ੱਕੀ ਵਿਵਹਾਰ ਕਾਰਨ 1858 ਵਿਚ ਅੰਗਰੇਜ਼ਾਂ ਨੇ ਉਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਸੀ।[5]

ਅੰਗਰੇਜ਼ਾਂ ਨੂੰ ਇਹ ਜਾਣਨ ਦੀ ਬੜੀ ਉਤਸੁਕਤਾ ਸੀ ਕਿ ਨਾਮਧਾਰੀ ਗੁਰੂ ਦਾ ਜੱਥੇ ਲੈ ਕੇ ਇਕ ਥਾਂ ਤੋਂ ਦੂਜੀ ਥਾਂ ਜਾਣ ਮਗਰ ਕੀ ਮੰਤਵ ਕੰਮ ਕਰ ਰਿਹਾ ਸੀ। ਉਨ੍ਹਾਂ ਇਨ੍ਹਾਂ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ, ਖ਼ੁਫੀਆ ਏਜੰਟ ਕੰਮ ਤੇ ਲਾਏ ਤਾਂ ਪਤਾ ਚੱਲਿਆ ਕਿ ਇਨ੍ਹਾਂ ਦੇ ਭੈਣੀ ਸਾਹਿਬ ਦੇ ਡੇਰੇ ਅੰਦਰ ਕੁਝ ਸਮੂਹਿਕ ਕਾਰਵਾਈਆਂ ਹੋ ਰਹੀਆਂ ਸਨ। ਇਕ ਏਜੰਟ ਜਲੰਧਰ ਦਾ ਬ੍ਰਾਹਮਣ ਮਨੀ ਰਾਮ ਸੀ, ਜਿਸ ਨੇ ਖ਼ਬਰ ਦਿੱਤੀ ਕਿ:-

ਰਾਮ ਸਿੰਘ ਪਾਸ ਜਾਦੂਈ ਸ਼ਕਤੀ ਦੀ ਬਖਸ਼ਿਸ਼ ਹੈ, ਜੋ ਲੋਕਾਂ ਨੂੰ ਮੁਗਧ ਕਰ ਦਿੰਦੀ ਹੈ . . . ਨਿਰਸੰਦੇਹ ਹੋਰਨਾਂ ਸਾਰੇ ਸਿੱਖਾਂ



Namdhari Elibrary NamdhariElibrary@gmail.com

ਵਾਂਗ ਰਾਮ ਸਿੰਘ ਵੀ ਉਨ੍ਹਾਂ ਦੇ ਰਾਜ ਦੀ ਵਾਪਸੀ ਚਾਹੁੰਦਾ ਹੈ ਪਰ ਉਹ ਇਸ ਦਾ ਪ੍ਰਚਾਰ ਨਹੀਂ ਕਰਦਾ। ਉਹ ਆਪਣੇ ਆਪ ਨੂੰ ਨਿਰਸੰਸੇ ਪੈਗੰਬਰ ਸਮਝਦਾ ਹੈ ਅਤੇ ਉਸ ਨੂੰ ਵਿਸ਼ਵਾਸ ਹੈ ਕਿ ਉਸ ਦਾ ਪ੍ਰਚਾਰ ਨਿਰੋਲ ਧਾਰਮਿਕ ਪ੍ਰਚਾਰ ਹੈ।[6]

ਇਸ ਤਰ੍ਹਾਂ ਦੀ ਇਕ ਹੋਰ ਰਿਪੋਰਟ ਏਜੰਟ ਗੰਡਾ ਸਿੰਘ ਨੇ ਗੁਰੂ ਰਾਮ ਸਿੰਘ ਦੇ ਡੇਰੇ ਭੈਣੀ ਸਾਹਿਬ ਵਿਖੇ ਗਤੀਵਿਧੀਆਂ ਬਾਰੇ ਲਿਖੀ। ਭਾਵੇਂ ਇਸ ਰਿਪੋਰਟ ਦੀ ਪ੍ਰਮਾਣਿਕਤਾ ਬਾਰੇ ਸ਼ੰਕੇ ਕੀਤੇ ਗਏ ਹਨ ਪਰ ਇਸ ਨੂੰ ਗੰਡਾ ਸਿੰਘ ਦੀ ਨਰੋਲ ਕਲਪਨਾ ਨਹੀਂ ਕਿਹਾ ਜਾ ਸਕਦਾ। ਇਹ ਚਿੱਠੀਆਂ ਜਾਂ ਰਿਪੋਰਟਾਂ ਸਮਕਾਲੀ ਖਾਲਸੇ ਦੀਆਂ ਲੁਕੀਆਂ ਰਾਜਨੀਤਕ ਇਛਾਵਾਂ ਜ਼ਰੂਰ ਪ੍ਰਗਟ ਕਰਦੀਆਂ ਹਨ। ਕਈ ਅਜੇ ਵੀ ਸਿੱਖ ਸਰਦਾਰਾਂ ਦੇ ਘਰਾਣੇ ਸਨ ਜਿਹੜੇ ਖਾਲਸਾ ਰਾਜ ਦੀ ਬਹਾਲੀ ਲਈ ਲੋਚਦੇ ਸਨ। 1857 ਦੇ ਗ਼ਦਰ ਤੋਂ ਬਾਅਦ ਅਟਾਰੀਵਾਲੇ, ਮਜੀਠੀਏ, ਆਹਲੂਵਾਲੀਏ ਅਤੇ ਰਾਮਗੜ੍ਹੀਏ ਸਰਦਾਰਾਂ ਨੇ ਅੰਗਰੇਜ਼-ਪ੍ਰਸਤ ਹੋਣ ਦਾ ਐਲਾਨ ਕਰ ਦਿੱਤਾ ਸੀ। ਸਿੱਖਾਂ ਦੇ ਰਵਾਇਤੀ ਧਾਰਮਿਕ ਨੇਤਾਵਾਂ ਜਿਹਾ ਕਿ ਰਾਵਲਪਿੰਡੀ ਅਤੇ ਊਨੇ ਦੇ ਬੇਦੀ ਪਰਿਵਾਰ, ਅਨੰਦਪੁਰ ਸਾਹਿਬ, ਕਰਤਾਰਪੁਰ ਅਤੇ ਗੁਰੂ ਹਰਸਹਾਏ ਦੇ ਸੋਢੀਆਂ ਨੇ ਵੀ ਅੰਗਰੇਜ਼-ਪ੍ਰਸਤੀ ਦਾ ਐਲਾਨ ਕਰ ਦਿੱਤਾ ਸੀ। ਅੰਗਰੇਜ਼ ਹਕੂਮਤ ਨੇ ਇਨ੍ਹਾਂ ਧਾਰਮਿਕ ਨੇਤਾਵਾਂ ਨੂੰ ਰਈਸ ਅਤੇ ਰਾਜਿਆਂ ਦੇ ਬਰਾਬਰ ਦੇ ਭਾਈਵਾਲ ਮੰਨ ਲਿਆ ਸੀ।

ਉਨ੍ਹੀਵੀਂ ਸ਼ਤਾਬਦੀ ਦੇ ਦੂਸਰੇ ਅੱਧ ਵਿਚ ਕੇਵਲ ਅਤੇ ਕੇਵਲ ਨਾਮਧਾਰੀ ਸੰਪ੍ਰਦਾਇ ਹੀ ਸੀ ਜਿਸ ਨੇ ਅੰਗਰੇਜ਼-ਪ੍ਰਸਤ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਗ਼ਦਰ ਦੇ ਸਮੇਂ ਅਤੇ ਉਸ ਤੋਂ ਬਾਅਦ ਖਾਲਸਾ ਰਾਜ ਦੀ ਇਛਾ-ਪੂਰਤੀ ਲਈ ਸਾਖੀ-ਸਾਹਿਤ ਦਾ ਪੁਨਰ ਨਿਰਮਾਣ ਕੀਤਾ। 'ਭਾਈ ਮਹਾਰਾਜ ਸਿੰਘ ਮਗਰੋਂ ਇਹ ਨਾਮਧਾਰੀ ਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਸ਼ਰਧਾਲੂ ਹੀ ਸਨ, ਜਿਨ੍ਹਾਂ ਖਾਲਸੇ ਦੀ ਗੁਆਚਿਆ ਰਾਜ ਬਹਾਲ ਕਰਨ ਦੀ ਅਧੂਰੀ ਇੱਛਾ ਨੂੰ ਬਲ ਦਿੱਤਾ ਸੀ। ਇਸ ਤੋਂ ਇਲਾਵਾ ਸੌ-ਸਾਖੀਆਂ ਅੰਗਰੇਜ਼ਾਂ ਦੇ ਰਾਜ ਦਾ ਵਿਕਲਪੀ ਢਾਂਚਾ ਪੇਸ਼ ਕਰ ਰਹੀਆਂ ਸਨ। ਕੂਕਿਆਂ ਦੀ ਨਜ਼ਰ ਵਿਚ ਅੰਗਰੇਜ਼ੀ ਰਾਜ ਨੇ ਗਊ-ਹੱਤਿਆ ਦੀ ਆਗਿਆ ਦੇ ਕੇ ਸੰਪ੍ਰਦਾਇਕ ਘਿਰਣਾ ਨੂੰ ਹਵਾ ਦਿੱਤੀ ਸੀ, ਜਿਸ ਤੋਂ ਹਿੰਦੂ ਅਤੇ ਸਿੱਖ ਸਮਾਨ ਰੂਪ ਵਿਚ ਆਪਣੀਆਂ ਧਾਰਮਿਕ ਭਾਵਨਾਵਾਂ ਜ਼ਖ਼ਮੀ ਹੋਈਆਂ ਮਹਿਸੂਸ ਕਰ ਰਹੇ ਸਨ। ਫੇਰੀ ਵਾਲਿਆਂ ਨੂੰ ਹਿੰਦੂਆਂ ਅਤੇ ਸਿੱਖਾਂ ਦੀ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿਚ ਗਊ-ਮਾਸ ਵੇਚਣ ਦੀ ਆਗਿਆ ਦੇ ਦਿੱਤੀ ਗਈ ਸੀ। ਇਸ ਤੋਂ ਇਲਾਵਾ ਸਾਖੀਆਂ 'ਸ਼ਹੀਦ' ਦੇ ਸੰਕਲਪ ਦਾ ਵਾਸਤਾ ਪਾ ਕੇ ਖ਼ਾਲਸੇ (ਸੰਤ) ਅੰਦਰ ਮੁੜ ਤੋਂ ਕੁਰਬਾਨੀ ਦਾ ਜਜ਼ਬਾ ਜਗਾ ਰਹੀਆਂ ਸਨ। ਸਾਖੀਆਂ ਅੰਦਰ ਸ਼ਹੀਦ ਦਾ ਸੰਕਲਪ ਇਕ ਮਿਥਿਹਾਸਕ ਚਰਿੱਤਰ ਦੁਆਰਾ ਕਲਪਿਤ ਕੀਤਾ ਗਿਆ ਹੈ, ਜਿਸ ਦਾ ਪਰਮਾਤਮਾ ਨਾਲ ਸਿੱਧਾ ਸੰਵਾਦ ਸੀ ਅਤੇ ਜੋ ਪਰਾ-ਭੌਤਿਕ ਸ਼ਕਤੀਆਂ ਦਾ ਧਾਰਨੀ ਸੀ। ਉਨ੍ਹੀਵੀਂ ਸਦੀ ਦੇ ਮੱਧ ਵਿਚ ਲੋਕ ਇਸ ਚਰਿੱਤਰ ਦੀ ਪੂਜਾ ਕਰਦੇ ਸਨ ਅਤੇ ਉਸ ਦਾ ਹੁਕਮ ਮੰਨਦੇ ਸਨ। ਪਰ ਸਿੱਖ ਪਰੰਪਰਾ ਵਿਚ ਅਜਿਹਾ ਚਰਿੱਤਰ ਬਾਬਾ ਦੀਪ ਸਿੰਘ ਹੈ। ਸਾਖੀ-ਸਾਹਿਤ ਸੰਤ ਖ਼ਾਲਸਾ ਵਿਚਕਾਰ ਵੰਡਣ ਲਈ ਸੀ, ਜਿਸ ਤੋਂ ਆਸ ਕੀਤੀ ਜਾ ਰਹੀ ਸੀ ਕਿ ਉਹ ਸ਼ਹੀਦ ਦੇ ਪਰਾ-ਭੌਤਿਕ ਚਰਿੱਤਰ ਦੀ ਰੀਸ ਕਰੇਗਾ ਅਤੇ ਦੁਸ਼ਮਨ ਉਪਰ ਫਤਹਿ ਪ੍ਰਾਪਤ ਕਰੇਗਾ। ਅੰਤਮ ਜਿੱਤ ਵਿਚ ਖ਼ਾਲਸੇ ਦੇ ਵਿਸ਼ਵਾਸ ਨੇ ਸਥਾਪਿਤ ਪ੍ਰਭੂਸੱਤਾ (ਅੰਗਰੇਜ਼) ਦੇ ਸਾਮ੍ਹਣੇ ਇੱਕ ਖ਼ਤਰਾ ਲਿਆ ਖੜ੍ਹਾ ਕਰ ਦਿੱਤਾ।

ਫਰਵਰੀ 1869 ਈਸਵੀ ਦੀ ਥਰਾਜ ਵਾਲੀ ਘਟਨਾ ਨੇ ਇਹ ਵਿਖਾ ਦਿੱਤਾ ਸੀ ਕਿ ਹੁਣ ਸੰਤ ਖਾਲਸਾ ਅੰਗਰੇਜ਼ਾਂ ਉਪਰ ਫਤਹਿ ਪਾਉਣ ਦਾ ਇਛੁੱਕ ਸੀ। 44 ਕੂਕੇ ਸਿੱਖ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਭੈਣੀ ਸਾਹਿਬ ਰਹਿਣ ਲਈ ਆ ਗਏ ਸਨ। ਕੁਝ ਸਮੇਂ ਮਗਰੋਂ ਉਹ ਖਾਲਸਾ ਰਾਜ ਦੀ ਬਹਾਲੀ ਦੇ ਵਿਚਾਰ ਤੋਂ ਅਤਿਅੰਤ ਪ੍ਰਭਾਵਿਤ ਹੋ ਗਏ ਸਨ। ਮਸਤਾਨ ਸਿੰਘ ਉਨ੍ਹਾਂ ਦਾ ਲੀਡਰ ਬਣ ਗਿਆ ਸੀ। ਨਾਮਧਾਰੀ ਗੁਰੂ ਵੱਲੋਂ ਗੁਆਂਢੀ ਦੇਸੀ ਰਿਆਸਤਾਂ ਨਾਲ ਰਾਜਨੀਤਕ ਸਬੰਧ ਜੋੜਨ ਦੀ ਕੋਸ਼ਿਸ਼ ਹੋ ਰਹੀ ਸੀ। ਕੂਕੇ ਸਿੱਖਾਂ ਨੂੰ ਕੁਝ ਫੌਜੀ ਸਿਖਲਾਈ ਦੇਣ ਬਾਰੇ ਵੀ ਸੋਚਿਆ ਜਾ ਰਿਹਾ ਸੀ। ਇਸ ਪਰਿਪੇਖ ਵਿਚ ਰਿਆਸਤ ਜੰਮੂ-ਕਸ਼ਮੀਰ ਵਿਚ ਕੂਕਾ ਰੈਜਮੈਂਟ ਸਥਾਪਿਤ ਕਰਨ ਦਾ ਯਤਨ ਕੀਤਾ। ਨਾਮਧਾਰੀ ਗੁਰੂ ਨੇ ਨੇਪਾਲ ਦੇ ਹੁਕਮਰਾਨ ਅਤੇ ਅੰਗਰੇਜ਼ਾਂ ਵਿਚਕਾਰ ਪੈਦਾ ਹੋਏ ਤਨਾਅ ਤੋਂ ਲਾਹਾ ਲੈਣ ਦੀ ਸੋਚੀ ਪਰ 1871-72 ਦੀਆਂ ਘਟਨਾਵਾਂ ਨੇ ਇਨ੍ਹਾਂ ਯੋਜਨਾਵਾਂ ਤੇ ਪਾਣੀ ਫੇਰ ਦਿੱਤਾ।

ਅੰਗਰੇਜ਼ ਅਫਸਰਾਂ ਦਾ ਨਾਮਧਾਰੀ ਸਿੱਖਾਂ ਦੀਆਂ ਰਾਜਨੀਤਕ ਗਤੀਵਿਧੀਆਂ ਬਾਰੇ ਸ਼ੱਕ ਹੋਰ ਪੱਕਾ ਹੋ ਗਿਆ ਜਦੋਂ ਉਨ੍ਹਾਂ ਨੇ ਇਨ੍ਹਾਂ ਗਤੀਵਿਧੀਆਂ ਬਾਰੇ ਖੁਫੀਆ ਰਿਪੋਰਟ ਤਿਆਰ ਕਰਵਾਈ। ਕਮਿਸ਼ਨਰ ਮੈਕੇਨਬ ਨੇ 4 ਨਵੰਬਰ ਅਤੇ ਲੈਫਟੀਨੈਂਟ ਜਨਰਲ ਜੀ ਮੈਕ ਐਂਡਰੀਊ ਨੇ 20 ਨਵੰਬਰ 1871 ਈਸਵੀ ਨੂੰ ਆਪਣੀਆਂ ਖੁਫੀਆ ਰਿਪੋਰਟਾਂ ਸਰਕਾਰ ਨੂੰ ਸੌਂਪੀਆਂ। ਦੋਨੋਂ



Namdhari Elibrary NamdhariElibrary@gmail.com

ਅਫਸਰ ਇਸ ਨਤੀਜੇ ਤੇ ਪਹੁੰਚੇ ਕਿ ਰਾਮ ਸਿੰਘ ਅਧੀਨ ਨਾਮਧਾਰੀ ਸੰਪ੍ਰਦਾਇ ਰਾਜਨੀਤਕ ਮੰਜ਼ਿਲ ਵੱਲ ਤੇਜ਼ੀ ਨਾਲ ਵੱਧ ਰਹੀ ਸੀ। ਉਨ੍ਹਾਂ ਨੇ ਇਹ ਵੀ ਰਾਏ ਪ੍ਰਗਟ ਕੀਤੀ ਕਿ ਜੇ ਇਨ੍ਹਾਂ ਗਤੀਵਿਧੀਆਂ ਤੇ ਰੋਕ ਲਾਉਣੀ ਹੈ ਤਾਂ ਗੁਰੂ ਰਾਮ ਸਿੰਘ ਨੂੰ ਦੇਸ਼-ਨਿਕਾਲਾ ਦੇਣਾ ਜ਼ਰੂਰੀ ਸੀ। ਅਫਸਰਾਂ ਨੇ ਇਹ ਵੀ ਆਖਿਆ ਕਿ ਇਸ ਕੇਸ ਵਿਚ ਕਾਨੂੰਨ ਦੀ ਅਣਦੇਖੀ ਕੀਤੀ ਜਾ ਸਕਦੀ ਸੀ।

ਦਰਅਸਲ ਅੰਗਰੇਜ਼ ਨਾਮਧਾਰੀ ਗਤੀਵਿਧੀਆਂ ਨੂੰ 1857 ਦੇ ਗ਼ਦਰ ਦੇ ਸੰਦਰਭ ਵਿਚ ਵੇਖਦੇ ਸਨ। 1863 ਈਸਵੀ ਵਿਚ ਇਕ ਸੂਹੀਏ ਨੇ ਜਲੰਧਰ ਛਾਉਣੀ ਦੇ ਮੈਜਿਸਟ੍ਰੇਟ ਕੈਪਟਨ ਮਿਲਰ ਨੂੰ ਖ਼ਬਰ ਦਿੱਤੀ ਕਿ ਗੁਰੂ ਰਾਮ ਸਿੰਘ ਨੂੰ ਪਤਾ ਸੀ ਕਿ 1857 ਵਿਚ ਬਣਾਏ ਗਏ ਕਾਰਤੂਸਾਂ ਨੂੰ ਮੁੜ ਵੰਡਿਆ ਜਾ ਸਕਦਾ ਸੀ। ਗੁਰੂ ਨੂੰ ਇਹ ਵੀ ਪਤਾ ਸੀ ਕਿ ਹਿੰਦੂ-ਮੁਸਲਮਾਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਮੁੜ ਪੁਰਾਣੀ ਰਾਜਨੀਤੀ ਨਾਲ ਭੜਕਾਇਆ ਨਹੀਂ ਜਾ ਸਕਦਾ ਸੀ। ਜਾਣੇ-ਅਜਾਣੇ ਅੰਗਰੇਜ਼ਾਂ ਨੇ ਪਵਿੱਤਰ ਅੰਮ੍ਰਿਤਸਰ ਸ਼ਹਿਰ ਵਿਚ ਗਊ-ਬਧ ਅਤੇ ਬੀਫ ਦੀ ਵਿਕਰੀ ਨੂੰ ਖੁੱਲੀ ਛੋਟ ਦੇ ਕੇ ਹਿੰਦੂ-ਸਿੱਖਾਂ ਦਾ ਸਾਂਝਾ ਮੁੱਦਾ ਬਣਾ ਦਿੱਤਾ ਸੀ। ਅੱਠ ਨਾਮਧਾਰੀ ਸਿੱਖਾਂ ਨੇ ਅੰਮ੍ਰਿਤਸਰ ਵਿਖੇ ਗਊ-ਬਧ ਰੋਕਣ ਲਈ 15 ਜੂਨ ਨੂੰ ਬੁੱਚੜਾਂ ਤੇ ਹਮਲਾ ਕਰਕੇ ਤਿੰਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੁਲਿਸ ਨੇ 12 ਨਿਰਦੋਸ਼ ਹਿੰਦੂ-ਸਿੱਖਾਂ ਨੂੰ ਫੜ ਲਿਆ। ਜਦੋਂ ਗੁਰੂ ਰਾਮ ਸਿੰਘ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਕਤਲ ਕਰਨ ਵਾਲੇ ਨਾਮਧਾਰੀ ਸਿੱਖਾਂ ਨੂੰ ਆਪਣੇ ਆਪ ਪੁਲਿਸ ਦੇ ਹਵਾਲੇ ਕਰਨ ਲਈ ਆਦੇਸ਼ ਦਿੱਤਾ। ਅਦਾਲਤੀ ਕਾਰਵਾਈ ਤੋਂ ਬਾਅਦ 4 ਨਾਮਧਾਰੀ ਸਿੱਖਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਇਸ ਘਟਨਾ ਨੇ ਗੁਰੂ ਰਾਮ ਸਿੰਘ ਅਤੇ ਉਸ ਦੇ ਸ਼ਰਧਾਲੂਆਂ ਨੂੰ ਹਿੰਦੂ-ਸਿੱਖਾਂ ਦੀ ਨਜ਼ਰਾਂ ਵਿਚ ਨਾਇਕ ਬਣਾ ਦਿੱਤਾ। ਇਸੇ ਤਰ੍ਹਾਂ ਨਾਮਧਾਰੀ ਸਿੱਖਾਂ ਨੇ 15 ਜੁਲਾਈ 1871 ਨੂੰ ਲੁਧਿਆਣੇ ਜ਼ਿਲ੍ਹੇ ਦੇ ਰਾਏਕੋਟ ਦੇ ਬੁੱਚੜਾਂ ਦਾ ਕਤਲ ਕੀਤਾ। 4 ਬੁੱਚੜ ਮੌਕੇ ਤੇ ਹੀ ਮਾਰੇ ਗਏ ਅਤੇ 7 ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਨਾਭਾ ਅਤੇ ਪਟਿਆਲੇ ਦੀਆਂ ਰਿਆਸਤਾਂ ਦੀਆਂ ਮਦਦ ਨਾਲ ਅੰਗਰੇਜ਼ਾਂ ਨੇ ਦੋਸ਼ੀਆਂ ਨੂੰ ਗਿਰਫਤਾਰ ਕਰਕੇ ਉਨ੍ਹਾਂ ਨੂੰ ਬੱਸੀਆਂ ਪਿੰਡ ਵਿਖੇ ਮੈਜਿਸਟ੍ਰੇਟ ਸਾਮ੍ਹਣੇ ਪੇਸ਼ ਕੀਤਾ। ਪੁਲਿਸ ਨੇ ਗੁਰੂ ਰਾਮ ਸਿੰਘ ਨੂੰ ਵੀ ਇਸ ਕੇਸ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ। 7 ਵਿਚੋਂ ਤਿੰਨਾਂ ਨੂੰ 5 ਅਗਸਤ 1871 ਨੂੰ ਲੋਕਾਂ ਦੇ ਵੱਡੇ ਇਕੱਠ ਸਾਮ੍ਹਣੇ ਫਾਂਸੀ ਦਿੱਤੀ ਗਈ। ਦੋ ਹੋਰ ਦੋਸ਼ੀਆਂ ਨੂੰ 26 ਨਵੰਬਰ 1871 ਲੁਧਿਆਣਾ ਜੇਲ੍ਹ ਦੇ ਬਾਹਰ ਸੂਲੀ ਤੇ ਚੜ੍ਹਾ ਦਿੱਤਾ।

13 ਜਨਵਰੀ 1872 ਨੂੰ ਨਾਮਧਾਰੀ ਮਰਜੀਵੜਿਆਂ ਨੇ ਮਲੌਦ ਦੇ ਕਿਲੇ ਤੇ ਧਾਵਾ ਬੋਲ ਦਿੱਤਾ ਅਤੇ ਮਲੇਰਕੋਟਲਾ ਸ਼ਹਿਰ ਵਿਚ ਦਾਖਲ ਹੋ ਗਏ। ਉਨ੍ਹਾਂ ਨੂੰ ਮਲੌਦ ਦੀ ਜਗੀਰ, ਮਲੇਰਕੋਟਲੇ ਦੇ ਹਥਿਆਰ ਅਤੇ ਘੋੜੇ ਮਿਲਣ ਦੀ ਆਸ ਸੀ। ਪਰ ਉਨ੍ਹਾਂ ਨੂੰ ਮਲੌਦ ਦੇ ਸਰਦਾਰ ਬਦਨ ਸਿੰਘ ਦੀ ਵਿਰੋਧਤਾ ਦਾ ਖ਼ਿਆਲ ਨਾ ਆਇਆ। ਲੜਾਈ ਵਿਚ ਦੋ ਕੂਕੇ ਮਾਰੇ ਗਏ ਪਰ ਉਹ ਤਿੰਨ ਤਲਵਾਰਾਂ, ਇਕ ਦੁਨਾਲੀ, ਦੋ ਘੋੜੇ ਅਤੇ ਇਕ ਘੋੜੀ ਹਥਿਆਉਣ ਵਿਚ ਕਾਮਯਾਬ ਹੋ ਗਏ। ਮਲੌਦ ਦੀ ਮੁਠਭੇੜ ਨੇ ਮਲੇਰਕੋਟਲੇ ਤੇ ਹਮਲਾ ਕਰਨ ਵਿਚ ਦੇਰ ਕਰ ਦਿੱਤੀ। ਨਾਮਧਾਰੀ ਸਿੱਖਾਂ ਦੇ 125 ਦੇ ਜੱਥੇ ਨੇ ਰਿਆਸਤੀ ਫੌਜਾਂ ਨਾਲ ਲੜਾਈ ਕੀਤੀ ਪਰ ਨੁਕਸਾਨ ਕਾਫ਼ੀ ਹੋਇਆ। ਮਲੇਰਕੋਟਲੇ ਤੋਂ ਹਟ ਕੇ ਇਹ ਸਿੱਖ ਪਟਿਆਲਾ ਰਿਆਸਤ ਦੇ ਪਿੰਡ ਰੜ ਵਿਚ ਆ ਵੜੇ। ਦੋ ਔਰਤਾਂ ਸਮੇਤ 68 ਕੂਕੇ ਫੜੇ ਗਏ। ਕਾਰਜਕਾਰੀ ਡਿਪਟੀ ਕਮਿਸ਼ਨਰ ਕਾਵਨ ਮਲੇਰਕੋਟਲਾ ਪੁੱਜ ਗਿਆ। ਬਿਨਾਂ ਮੁਕੱਦਮਾ ਚਲਾਇਆਂ ਉਸ ਨੇ 49 ਕੂਕਿਆਂ ਨੂੰ ਪਹਿਲੇ ਦਿਨ ਤੋਪਾਂ ਨਾਲ ਉਡਾ ਦਿੱਤਾ। ਕਾਵਨ ਨੇ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਫੋਰਸੀਅਥ ਦੇ ਲਿਖਤੀ ਹੁਕਮਾਂ ਦੀ ਉਲੰਘਣਾ ਕਰਕੇ ਬਾਕੀ ਦੇ ਕੂਕੇ ਕੈਦੀਆਂ ਨੂੰ ਵੀ ਤੋਪਾਂ ਨਾਲ ਉਡਾ ਦਿੱਤਾ।

ਮਲੇਰਕੋਟਲੇ ਦਾ ਇਹ ਸਾਕਾ ਵਹਿਸ਼ੀਆਨਾ ਕਤਲ ਦੀ ਅਨੋਖੀ ਮਿਸਾਲ ਸੀ। 1857 ਦੇ ਗ਼ਦਰ ਤੋਂ ਬਾਅਦ ਪੰਜਾਬ ਵਿਚ ਅੰਗਰੇਜ਼ ਹਕੂਮਤ ਦਾ ਦਬਦਬਾ ਬਹੁਤ ਵੱਧ ਗਿਆ ਸੀ। ਪੰਜਾਬ ਲੈਫਟੀਨੈਂਟ ਗਵਰਨਰ ਦਾ ਪ੍ਰਾਂਤ ਬਣ ਗਿਆ ਸੀ। ਅਰਥਾਤ ਇਸ ਗਵਰਨਰ ਕੋਲ ਕਾਰਜਕਾਰੀ ਅਤੇ ਨਿਆਂਕਾਰੀ ਅਥਾਹ ਸ਼ਕਤੀਆਂ ਸਨ। ਰਾਜ ਦੇ ਡਿਵੀਜ਼ਨਲ ਕਮਿਸ਼ਨਰਜ਼, ਕਮਿਸ਼ਨਰਜ਼, ਡਿਪਟੀ ਕਮਿਸ਼ਨਰ ਅਤੇ ਸੁਪਰਡੈਂਟ ਲੈਫਟੀਨੈਂਟ ਗਵਰਨਰ ਦੇ ਸਥਾਨਕ ਹੁਕਮਰਾਨ ਬਣ ਗਏ ਸਨ। ਇਸ ਅਫਸਰਸ਼ਾਹੀ ਨੂੰ ਰਾਜਿਆਂ-ਮਹਾਰਾਜਿਆਂ, ਸਰਦਾਰਾਂ, ਅਤੇ ਜ਼ਿਮੀਦਾਰਾਂ ਦੀ ਹਰ ਤਰ੍ਹਾਂ ਦੀ ਮਦਦ ਪ੍ਰਾਪਤ ਸੀ। ਪੰਜਾਬ ਦੇ ਵੱਡੇ ਛੋਟੇ ਪੀਰ, ਮਹੰਤ ਅਤੇ ਪੁਜਾਰੀ ਵੀ ਸਰਕਾਰਪ੍ਰਸਤ ਬਣ ਗਏ ਸਨ। ਪੰਜਾਬ ਵਿਚ ਅਜੇ ਕੋਈ ਵੀ ਸੰਸਥਾ ਜਾਂ ਵਿਅਕਤੀ ਨਹੀਂ ਸੀ ਜਿਹੜਾ ਕਿ ਅੰਗਰੇਜ਼ ਹਕੂਮਤ ਨੂੰ ਚੈਲੰਜ ਕਰ ਸਕੇ। ਪਰ ਇਸ ਅਣਗਿਣਤ ਅਤੇ



Namdhari Elibrary NamdhariElibrary@gmail.com

ਅਥਾਹ ਸ਼ਕਤੀਆਂ ਦੇ ਬਾਵਜੂਦ ਵੀ ਇਹ ਅਫਸਰਸ਼ਾਹੀ ਜਨ-ਬਗਾਵਤ ਦੇ ਡਰ ਤੋਂ ਮੁਕਤ ਨਹੀਂ ਸੀ। ਕੂਕਿਆਂ ਦੇ ਸਥਾਨਕ ਹਮਲਿਆਂ ਨੇ ਅਫਸਰਾਂ ਦੇ ਸਵੈ-ਵਿਸ਼ਵਾਸ ਨੂੰ ਅੰਦਰੋ-ਅੰਦਰੀ ਤੋੜ ਕੇ ਰੱਖ ਦਿੱਤਾ ਸੀ। ਕੂਕਿਆਂ ਦੀ ਬਗਾਵਤ ਦਾ ਸਰੂਪ ਰਵਾਇਤੀ ਅਤੇ ਧਾਰਮਿਕ ਸੀ। ਇਸ ਦਾ ਸਮਰਥਨ ਪੰਜਾਬ ਦੇ ਉਹ ਸਿੱਖ ਕਿਰਸਾਨ ਅਤੇ ਦਸਤਕਾਰ ਕਰ ਰਹੇ ਸਨ ਜਿਹੜੇ ਸਿੱਖਾਂ ਦੇ ਸਥਾਪਿਤ ਧਾਰਮਿਕ ਨੇਤਾਵਾਂ ਦੇ ਕੰਟਰੋਲ ਤੋਂ ਬਾਹਰ ਸਨ। ਕੂਕੇ ਉਹ ਸਿੱਖ ਸਨ ਜਿਹੜੇ ਸਵਾਏ ਸਰਵਸ਼ਕਤੀਮਾਨ ਪਰਮਾਤਮਾ ਅਤੇ ਇਸ ਦੇ ਦੂਤ ਗੁਰੂ ਰਾਮ ਸਿੰਘ ਨੂੰ ਹੀ ਮੰਨਦੇ ਸਨ। ਉਨ੍ਹਾਂ ਨੂੰ ਕਿਸੇ ਹੋਰ ਦੈਵੀ-ਸ਼ਕਤੀ ਦਾ ਭੈਅ ਨਹੀਂ ਸੀ। ਇਸ ਕਰਕੇ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਕਾਵਨ ਵਰਗੇ ਅਫਸਰ ਕੂਕਿਆਂ ਦੀ ਬਗਾਵਤ ਤੋਂ ਬੁਖਲਾ ਉਠੇ ਸਨ।

ਨਾਮਧਾਰੀ ਗੁਰੂ ਅਤੇ ਉਨ੍ਹਾਂ ਦੇ ਨੇੜੇ ਦੇ ਸਾਥੀਆਂ ਦਾ ਦੇਸ਼-ਨਿਕਾਲਾ ਸਰਕਾਰੀ ਦਮਨ ਦਾ ਪਹਿਲਾ ਦੌਰ ਸੀ। ਬਰਤਾਨਵੀ ਪੁਲਿਸ ਦਾ ਫੌਰੀ ਨਿਸ਼ਾਨਾ ਸੰਪ੍ਰਦਾਇ ਦਾ ਸਦਰ-ਮੁਕਾਮ ਭੈਣੀ ਸਾਹਿਬ ਸੀ। ਅਫਸਰ ਸਮਝਦੇ ਸਨ ਕਿ ਡੇਰੇ ਦਾ ਸਫਾਇਆ ਕਰਨ ਨਾਲ ਕੂਕੇ ਸਿੱਖ ਢਹਿੰਦੀ ਕਲਾ ਵਿਚ ਚਲੇ ਜਾਣਗੇ। ਲੈਫਟੀਨੈਂਟ ਕਰਨਲ ਬੇਲੀ ਨੇ ਪੁਲਿਸ ਪਾਰਟੀ ਅਤੇ 25 ਫੌਜੀ ਸਰਦਾਰਾਂ ਦੀ ਮੱਦਦ ਨਾਲ ਡੇਰੇ ਦੀ ਤਲਾਸ਼ੀ ਲਈ। 172 ਵਿਅਕਤੀਆਂ ਦੀ ਪੁਛ-ਪੜਤਾਲ ਕੀਤੀ ਗਈ। ਸਾਰੀ ਫੋਲਾ-ਫਰੋਲੀ ਦਾ ਸਿੱਟਾ ਇਹ ਨਿਕਲਿਆ ਕਿ 36 ਸਫਾਜੰਗ ਜਾਂ ਟਕੂਏ, 6 ਗੰਡਾਸੇ, 2 ਖੁਖਰੀਆਂ, ਕਈ ਲਾਠੀਆਂ ਅਤੇ ਲੋਹੇ ਦੇ ਚੱਕਰ ਅਤੇ ਕੁਝ ਕਾਗਜ਼ਾਤ, ਰੁਪਏ ਅਤੇ ਸੋਨੇ-ਚਾਂਦੀ ਦੇ ਗਹਿਣੇ ਅਤੇ ਕੱਪੜੇ ਜ਼ਬਤ ਕਰ ਲਏ ਗਏ। ਗੁਰਦੁਆਰਾ ਭੈਣੀ ਸਾਹਿਬ ਨੂੰ ਅਣਮਿਥੇ ਸਮੇਂ ਲਈ ਤਾਲਾ ਲਗਾ ਦਿੱਤਾ ਗਿਆ। ਪਰ ਗੁਰੂ ਰਾਮ ਸਿੰਘ ਦੇ ਪਰਿਵਾਰ ਦੇ ਮੈਂਬਰਾਂ, ਮੈਨੇਜਰ ਅਤੇ ਨਿੱਜੀ ਸਹਾਇਕਾਂ ਨੂੰ ਡੇਰੇ ਦੀ ਦੇਖਭਾਲ ਲਈ ਰਹਿਣ ਦਿੱਤਾ ਗਿਆ। ਡੇਰੇ ਦੇ ਮੁਖ ਦੁਆਰ ਉਤੇ ਪੁਲਿਸ ਚੌਕੀ ਬਿਠਾ ਦਿੱਤੀ ਗਈ। ਇਕ ਇੰਸਪੈਕਟਰ ਅਤੇ 20 ਸਿਪਾਹੀ ਤੈਨਾਤ ਕਰ ਦਿੱਤੇ ਗਏ। ਪੰਜਾਬ ਅਤੇ ਦੇਸੀ ਰਿਆਸਤਾਂ ਦੇ ਸੂਬਿਆਂ ਅਤੇ ਜਥੇਦਾਰਾਂ ਉਤੇ ਕਰੜੀ ਨਿਗਰਾਨੀ ਰੱਖੀ ਗਈ। ਇਹ ਰੀਪੋਰਟਾਂ ਦਿਹਾਤੀ ਮੰਡਲਾਂ ਦੇ ਜ਼ੈਲਦਾਰਾਂ ਅਤੇ ਪਿੰਡਾਂ ਦੇ ਮੁਖੀਆਂ ਪਾਸੋਂ ਤਲਬ ਕੀਤੀਆਂ ਗਈਆਂ ਕਿ ਕੂਕੇ ਸਿੱਖਾਂ ਨੂੰ ਕੀ ਜੁਰਮਾਨਾ ਲਾਇਆ ਗਿਆ ਹੈ ਜਾਂ ਕੀ ਸਜ਼ਾ ਦਿੱਤੀ ਗਈ ਹੈ? ਸਾਰੇ ਪ੍ਰਾਂਤ ਵਿਚ ਪੰਜ ਤੋਂ ਵੱਧ ਕੂਕਿਆਂ ਦੇ ਇੱਕਠੇ ਹੋਣ ਤੇ ਪਾਬੰਦੀ ਲਾ ਦਿੱਤੀ ਗਈ। ਇਸੇ ਤਰ੍ਹਾਂ ਕੁਹਾੜਾ, ਸੰਮਾਂ ਵਾਲੀ ਡਾਂਗ ਅਤੇ ਕਈ ਹੋਰ ਹਥਿਆਰ ਲੈ ਕੇ ਚੱਲਣ ਤੇ ਪਾਬੰਦੀ ਲਾ ਦਿੱਤੀ ਗਈ। ਸਰਕਾਰੀ ਦਮਨ ਦੇ ਬਾਵਜੂਦ ਨਾਮਧਾਰੀ ਸਿੱਖਾਂ ਨੇ ਸਤਿਗੁਰੂ ਹਰੀ ਸਿੰਘ ਦੀ ਅਗਵਾਈ ਅਧੀਨ ਆਪਣਾ ਸਰਕਾਰ ਵਿਰੋਧੀ ਸੰਘਰਸ਼ ਹੋਰ ਤੇਜ਼ ਕਰ ਦਿੱਤਾ।

**ਹਵਾਲੇ ਅਤੇ ਟਿੱਪਣੀਆਂ**

1. ਹਰਜੋਤ ਉਬਰਾਇ, ਦੀ ਕੰਸਟ੍ਰਕਸ਼ਨ ਆਫ਼ ਰਿਲੀਜਸ ਬਾਉਂਡਰੀਜ਼, ਆਕਸਫੋਰਡ ਇੰਡੀਆ ਪੇਪਰ ਬੈਕਸ, 2001 ਸਫਾ 118

2. ਉਹੀ, 'ਪੀਰ' ਆਖੇ ਜਾਂਦੇ ਮੁਸਲਮਾਨਾਂ ਦੇ ਧਾਰਮਿਕ ਆਗੂਆਂ ਨੂੰ ਵੀ ਦੀਖਿਆ ਦੇਣ ਦਾ ਅਧਿਕਾਰ ਪ੍ਰਾਪਤ ਸੀ। ਉਨੀਵੀਂ ਸਦੀ ਵਿਚ ਇਸਲਾਮ ਅਤੇ ਸਿੱਖ ਦੋਵਾਂ ਵਿਚ ਪੀਰੀ-ਮੁਰੀਦੀ ਅਤੇ ਗੁਰ-ਸਿੱਖੀ ਦੀ ਪਰੰਪਰਾ ਪ੍ਰਚੱਲਿਤ ਸੀ।

3. ਐਮ. ਐਮ. ਆਹਲੂਵਾਲੀਆ, ਕੂਕਾਜ਼ ਦੀ ਫ੍ਰੀਡਮ ਫਾਈਟਰਜ਼ ਆਫ਼ ਪੰਜਾਬ, ਏਲਾਈਡ ਪਬਲੀਸ਼ਰਜ਼, ਨਵੀਂ ਦਿੱਲੀ, 1965 , ਸਫਾ 54

4. ਨਾਹਰ ਸਿੰਘ, ਕ੍ਰਿਪਾਲ ਸਿੰਘ (ਸੰਪਾਦਕ) ਰੈਬਲਜ਼ ਅਗੇਂਸਟ ਦੀ ਬ੍ਰਿਟਿਸ਼ ਰੂਲ, ਐਟਲਾਂਟਿਕ ਪਬਲੀਸ਼ਰਜ਼ ਐਂਡ ਡਿਸਟ੍ਰੀਬਿਊਟਰਜ਼, ਨਵੀਂ ਦਿੱਲੀ, 1995, ਸਫੇ 158-65; ਐਮ. ਐਮ. ਆਹਲੂਵਾਲੀਆ, ਕੂਕਾਜ਼ ਦੀ ਫ੍ਰੀਡਮ ਫਾਈਟਰਜ਼ ਆਫ਼ ਪੰਜਾਬ, ਸਫੇ 135-38

5. ਐਮ. ਐਮ. ਆਹਲੂਵਾਲੀਆ, ਕੂਕਾਜ਼ ਦੀ ਫ੍ਰੀਡਮ ਫਾਈਟਰਜ਼ ਆਫ਼ ਪੰਜਾਬ ਸਫੇ 135-38

6. ਉਹੀ, ਸਫਾ 55

7. ਵਿਸਥਾਰ ਲਈ ਵੇਖੋ ਕੇ ਸੀ ਯਾਦਵ, ਇੰਟਰਪ੍ਰੈਟਿੰਗ 1857- ਏ ਕੇਸ ਸਟੱਡੀ (ਰੀਥਿੰਕਿੰਗ 1857 ਵਿਚ ਸ਼ਾਮਲ, ਸੰਪਾਦਕ ਸੱਬਯਾਸਾਚੀ ਭੱਟਾਚਾਰੀਆ, ਓਰੀਐਂਟਲ ਲੌਂਗਮੈਨ, 2007 ਸਫੇ 3-21: ਪਿਆਰਾ ਸਿੰਘ ਪਦਮ, ਪ੍ਰਾਚੀਨ ਸੌ ਸਾਖੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001 ਸਫਾ 11; ਲੁਈਸ. ਈ. ਫੀਨਿਕ, ਮਾਰਟੈਰੀਡਮ ਇਨ ਸਿੰਘ ਟ੍ਰੈਡੀਸ਼ਨ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, 2000, ਸਫੇ 167-68

ਮੁਖੀ, ਨਾਮਧਾਰੀ ਗੁਰੂ ਰਾਮ ਸਿੰਘ ਚੇਅਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ



Namdhari Elibrary NamdhariElibrary@gmail.com

# ਸਿਧਾਂਤ ਤੇ ਵਿਹਾਰ ਦਾ ਸੁੱਚਾ ਰਾਹ—ਨਾਮਧਾਰੀ ਲਹਿਰ

—ਡਾ. ਗੁਲਜ਼ਾਰ ਸਿੰਘ ਪੰਧੇਰ



ਨਾਮਧਾਰੀ ਲਹਿਰ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 1816 ਈ. ਨੂੰ ਜਨਮ ਹੋਇਆ। ਬਚਪਨ ਵਿਚ ਹੀ ਉਹ ਗੁਰਬਾਣੀ ਅਤੇ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਵਲ ਰੁਚਿਤ ਹੋ ਗਏ ਸਨ। ਇੱਕੀ ਬਾਈ ਸਾਲ ਦੀ ਉਮਰ ਵਿਚ ਉਹ ਫ਼ੌਜ ਦੀ ਨੌਨਿਹਾਲ ਸਿੰਘ ਵਾਲੀ ਪਲਟਨ ਵਿਚ ਭਰਤੀ ਹੋ ਗਏ ਸਨ। ਫ਼ੌਜ ਦੀ ਨੌਕਰੀ ਦੌਰਾਨ ਉਹਨਾਂ ਦੀ ਗੁਰਬਾਣੀ ਅਤੇ ਸਿੱਖ ਪਹੁੰਚ ਵਾਲੀਆਂ ਰੁਚੀਆਂ ਨੂੰ ਠੇਸ ਪਹੁੰਚਣ ਲੱਗੀ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਹਨਾਂ ਨੂੰ ਰਾਜ ਅਤੇ ਸਿੱਖੀ ਰਵਾਇਤਾਂ ਤਾ ਪਤਨ ਮਹਿਸੂਸ ਹੋਣ ਲੱਗਿਆ। ਉਹਨਾਂ ਦੀ ਸਮਝ ਅਨੁਸਾਰ 'ਖਾਲਸਾ ਕੁਬੁੱਧ' ਹੋ ਗਿਆ ਸੀ। ਫ਼ੌਜ ਵਿਚ ਵੀ ਉਹਨਾਂ ਆਪਣੇ ਵਿਚਾਰਾਂ ਦਾ ਇਕ ਗਰੁੱਪ ਬਣਾਇਆ ਜਿਹੜਾ ਭਗਤਾਂ ਦੀ ਫੌਜ ਅਖਵਾਉਂਦਾ ਸੀ। ਸਿੱਖ ਸੈਨਾ ਦੇ ਆਗੂਆਂ ਦਾ ਅੰਗਰੇਜ਼ ਸਰਕਾਰ ਨਾਲ ਰਲੇ ਹੋਣਾ ਸਤਿਗੁਰੂ ਜੀ ਨੇ ਭਾਂਪ ਲਿਆ ਸੀ। ਅਜਿਹੀ ਹਾਲਤ ਵਿਚ ਉਹ ਤੇ ਉਹਨਾਂ ਦੇ ਸਾਥੀਆਂ ਨੇ 18 ਦਸੰਬਰ 1845 ਈ. ਨੂੰ ਮੁਦਕੀ ਦੀ ਲੜਾਈ ਸਮੇਂ ਸਤਲੁਜ ਦਰਿਆ ਦਾ ਪੱਤਣ ਲੰਘਣ ਸਮੇਂ ਆਪਣੇ ਹਥਿਆਰ ਦਰਿਆ ਵਿਚ ਸੁੱਟ ਦਿੱਤੇ ਸਨ। ਜਦੋਂ ਵਾਪਸ ਸ੍ਰੀ ਭੈਣੀ ਸਾਹਿਬ ਪਹੁੰਚੇ ਤਾਂ ਆਪ ਜੀ ਦੇ ਸੁਪਤਨੀ ਬੀਬੀ ਜੱਸਾਂ ਜੀ ਦੀ ਕੁੱਖ ਤੋਂ ਸਪੁੱਤਰ ਪੈਦਾ ਹੋ ਕੇ ਅੱਠਾਂ ਦਿਨਾਂ ਬਾਅਦ ਚੜ੍ਹਾਈ ਕਰ ਗਿਆ ਸੀ। ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਧਾਰਮਿਕ ਬਿਰਤੀ ਨੂੰ ਵਿਹਾਰਕ ਰੂਪ ਵਿਚ ਹੋਰ ਵਧੇਰੇ ਅਮਲੀ ਰੂਪ ਵਿਚ ਲਾਗੂ ਕਰਨ ਲੱਗੇ। ਏਥੇ ਰਹਿੰਦਿਆਂ ਖੇਤੀਬਾੜੀ ਕਰਦਿਆਂ ਕਿਰਤ ਕਰਨ ਅਤੇ ਵੰਡ ਛਕਣ ਦੇ ਗੁਰਿਆਈ ਅਸੂਲ ਅਨੁਸਾਰ ਵਿਹਾਰ ਕੀਤਾ। ਫੇਰ ਫਿਰੋਜਪੁਰ ਛਾਉਣੀ ਵਿਖੇ ਜਿਥੇ ਸੜਕਾਂ ਦੀ ਉਸਾਰੀ ਦਾ ਕੰਮ ਚੱਲ ਰਿਹਾ ਸੀ ਕੁਝ ਚਿਰ ਚਿਣਾਈ ਦਾ ਕੰਮ ਕੀਤਾ। ਫੇਰ ਉਥੇ ਹੱਟੀ ਪਾ ਕੇ ਵਣਜ ਸ਼ੁਰੂ ਕਰ ਲਿਆ। ਹੱਟੀ ਵਿਚ ਆਈ ਸਾਧ ਸੰਗਤ ਦੇ ਲੰਗਰ ਪਾਣੀ ਜੋਗੀ ਕਮਾਈ ਕੀਤੀ ਜਾਂਦੀ ਰਹੀ 1855 ਈ. ਤੱਕ ਫਿਰੋਜ਼ਪੁਰ ਰਹੇ। ਫੇਰ ਭੈਣੀ ਸਾਹਿਬ ਆ ਗਏ।

1857 ਦੀ ਵਿਸਾਖੀ ਵਾਲੇ ਦਿਨ ਉਹਨਾਂ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਯਾਦਾ ਅਨੁਸਾਰ ਅੰਮ੍ਰਿਤ ਛਕਾਇਆ ਅਤੇ 'ਸੰਤ ਖ਼ਾਲਸਾ' ਦੀ ਸਾਜਨਾ ਕੀਤੀ। ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਲਗਾਤਾਰ ਚੱਲਣ ਵਾਲੀ ਰਵਾਇਤ ਚਾਲੂ ਕਰ ਦਿੱਤੀ। ਇਹ ਘਟਨਾਂ ਸਤਿਗੁਰੂ ਜੀ ਦੇ ਜੀਵਨ ਵਿਚ ਵਿਸ਼ੇਸ਼ ਮੋੜ ਸਾਬਤ ਹੁੰਦੀ ਹੈ। ਸਮਾਜ ਵਿਚ ਫੈਲੀਆਂ ਕੁਰੀਤੀਆਂ ਦੂਰ ਕਰਨ ਲਈ ਜਿੱਥੇ ਗੁਰਬਾਣੀ ਤੋਂ ਸੇਧ ਲੈਂਦੀ ਵਿਚਾਰਧਾਰਾ ਦਾ ਪ੍ਰਚਾਰ ਸ਼ੁਰੂ ਕੀਤਾ ਉਥੇ ਵਿਹਾਰ ਵਿਚ ਵੀ ਉੱਚ ਦਰਜੇ ਦੀ ਸੁਚਮਤਾ ਅਤੇ ਬੜੀ ਜ਼ਮੀਨੀ ਪੱਧਰ ਤੇ ਅਚਾਰ ਵਿਚਾਰ ਦੀ ਪਵਿਤਰਤਾ ਤੇ ਜ਼ੋਰ ਦੇਣ ਲੱਗੇ। ਗੁਰਬਾਣੀ ਦੇ ਆਸ਼ਿਆਂ ਅਨੁਸਾਰ ਸਮਾਜਿਕ ਸ਼ਖ਼ਸੀਅਤ ਦੀ ਉਸਾਰੀ ਦਾ ਮੰਤਵ ਉਸ ਸਮੇਂ ਦੇ ਅੰਗਰੇਜ ਹਾਕਮਾਂ ਦੀਆਂ ਕੁਟਿਲ ਅਤੇ ਜ਼ਾਲਮ ਨੀਤੀ ਨਾਲ ਟਕਰਾਉਂਦਾ ਸੀ। ਸੋ ਸਮੁੱਚੀ ਸੰਗਤ ਵਿਚ ਅੰਗਰੇਜੀ ਰਾਜ ਦੇ ਖਿਲਾਫ਼ ਰੋਸ ਪ੍ਰਗਟ ਹੋਣ ਲੱਗਿਆ। ਨਵੇਂ ਮਨੁੱਖ ਦੀ ਸਿਰਜਣਾ ਵਾਸਤੇ ਭਾਵੇਂ ਪੁਰਾਣਿਆਂ ਦੀ ਥਾਂ ਤੇ ਨਵੇਂ ਸੰਕਲਪਾਂ ਦੀ ਸਥਾਪਤੀ ਲਈ ਯਤਨ ਸ਼ੁਰੂ ਕੀਤੇ ਪਰ ਇਹ ਕਰਦਿਆਂ ਲੋਕ-ਵਿਸਵਾਸ਼ਾਂ ਦੀ ਧਾਰਮਿਕ ਪਵਿੱਤਰ ਪਿੱਠ ਭੂਮੀ ਖਿਸਕਣ ਨਾ ਦਿੱਤੀ। ਸ੍ਰੀ ਭੈਣੀ ਸਾਹਿਬ ਵਿਖੇ 1861 ਈ. ਵਿਚ ਉਥੇ ਬਣੇ ਸਰੋਵਰ 'ਰਾਮ ਸਰ' ਵਿਚ ਗੰਗਾ ਤੋਂ ਤੋਂ ਲਿਆ ਕੇ ਪਾਣੀ ਪਾਉਣ ਦੀ ਕ੍ਰਿਆ ਅਜਿਹੇ ਸੰਕਲਪਾਂ ਦੀ ਇਕ ਮਿਸਾਲ ਬਣਦੀ ਹੈ। 1861 ਈ. ਵਿਚ ਗੰਗਾ ਤੇ ਕੁੰਭੀ ਦੇ ਮੇਲੇ ਤੇ ਪੁੱਜ ਕੇ ਸੰਗਤ ਦੇ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ ਖ਼ੁਦ ਮੰਗ ਲਈ। ਨਾਲ ਦੇ ਸਿੰਘਾਂ ਦੁਆਰਾ ਕੱਢੇ ਪਾਣੀ ਦੇ ਗੜਵੇ ਨੂੰ ਡੋਲ੍ਹ ਕੇ ਦੁਬਾਰਾ ਆਪ ਪਾਣੀ ਭਰ ਕੇ ਇਸ਼ਨਾਨ ਕਰਨ ਦੀ ਮਿਸਾਲ ਆਪਣੇ ਹੱਥੀਂ ਕੰਮ ਕਰਨ ਦੀ ਮਿਸਾਲ ਪੈਦਾ ਕਰਦੀ ਹੈ। ਵਿਹਲੜਾ ਨਿਖੱਟੂਆਂ ਨਸ਼ੱਈਆਂ ਨੂੰ ਪੰਥ ਤੋਂ ਦੂਰ ਰੱਖਣ ਦੇ ਹਮੇਸ਼ਾ ਯਤਨ ਰਹੇ। ਇਕ ਮਿਸਾਲ ਹੋਰ ਦਿੱਤੀ ਜਾ ਸਕਦੀ ਹੈ ਕਿ ਸੂਬਾ ਪਹਾੜਾ ਸਿੰਘ ਨੇ ਖ਼ੂਹ ਤੇ ਇਸ਼ਨਾਨ ਕਰਦੇ ਸਮੇਂ ਆਪਣਾ ਗੜਵਾ ਸਾਥੀ ਸਿੰਘ ਨੂੰ ਪਾਣੀ ਪੀਣ ਲਈ ਨਾ ਦਿੱਤਾ ਕਿ ਮਾਜਣਾਂ ਪਵੇਗਾ। ਸਤਿਗੁਰੂ ਜੀ ਨੇ ਇਸ ਅਵੱਗਿਆ ਨੂੰ ਗੰਭੀਰਤਾ ਨਾਲ ਲਿਆ ਅਤੇ ਸੂਬਾ ਜੀ ਨੂੰ ਸਵਾ ਮਣ ਕਣਕ



Namdhari Elibrary NamdhariElibrary@gmail.com

ਪੀਹਣ ਦੀ ਸਜਾ ਦਿੱਤੀ।

ਸਮਾਜਿਕ ਕੁਰੀਤੀਆਂ ਖਿਲਾਫ਼ ਲੜਾਈ, ਅੰਗਰੇਜ ਸਰਕਾਰ ਦੀਆਂ ਲੁਟੇਰਾ ਨੀਤੀਆਂ ਦਾ ਵਿਰੋਧ ਤੇ ਫੇਰ ਦੇਸ਼ ਭਗਤੀ, ਦੇਸ਼ ਪ੍ਰੇਮ ਦੀ ਭਾਵਨਾ ਨਾਲ ਅੰਗਰੇਜਾਂ ਤੋਂ ਆਜ਼ਾਦ ਹੋਣ ਦਾ ਸਪੱਸ਼ਟ ਐਲਾਨ ਉਹਨਾਂ ਦੀ ਸਮਾਜਿਕ-ਰਾਜਨੀਤਕ ਪਹੁੰਚ ਦੀ ਇਕ ਵਿਲੱਖਣ ਮਿਸਾਲ ਪੈਦਾ ਕਰਦਾ ਹੈ। ਬਾਹਰੋਂ ਆਉਂਦੀਆਂ ਅੰਗਰੇਜੀ ਚੀਜ਼ਾਂ ਦੇ ਬਾਈਕਾਟ ਦੀ ਬੜੀ ਕਾਰਗਰ ਲਹਿਰ ਵਿਚੋਂ ਇਹ ਸਮਝ ਨਿਕਲੀ ਕਿ ਅੰਗਰੇਜ ਕੱਚਾ ਮਾਲ ਲੈ ਜਾਂਦੇ ਹਨ ਫੇਰ ਸਾਨੂੰ ਪੱਕਾ ਮਾਲ ਮਹਿੰਗੇ ਭਾਅ ਵੇਚ ਕੇ ਮੁਨਾਫ਼ਾ ਆਪ ਲੈ ਜਾਂਦੇ ਹਨ। ਇਸ ਨੀਤੀ ਨੂੰ ਵਿਦੇਸ਼ੀ ਦਾ ਬਾਈਕਾਟ ਅਤੇ ਸਵਦੇਸ਼ੀ ਦੀ ਵਰਤੋਂ ਨਾਲ ਕਰਾਰੀ ਸੱਟ ਮਾਰੀ ਗਈ। ਇਹੀ ਬਾਈਕਾਟ ਅਤੇ ਅਹਿੰਸਾ ਦੀ ਨੀਤੀ ਬਾਅਦ ਵਿਚ ਜਾ ਕੇ ਮਹਾਤਮਾ ਗਾਂਧੀ ਜੀ ਨੇ ਅਮਲ ਵਿਚ ਲਿਆਂਦੀ। ਗਊ ਗਰੀਬ ਦੀ ਰਾਖੀ ਅਤੇ ਸਹਾਇਤਾ ਦੀ ਧਾਰਮਿਕ ਰਵਾਇਤ ਦੀ ਦਿਲੋਂ ਮਨੋਂ ਪਾਲਣਾ ਨਾਮਧਾਰੀ ਲਹਿਰ ਦੀਆਂ ਸਮਾਜ ਵਿਚ ਜੜ੍ਹਾਂ ਮਜਬੂਤ ਕਰਦੀ ਹੈ। ਫੌਜ ਵਿਚਲਾ ਤਜਰਬਾ ਅਤੇ ਅੰਗਰੇਜ਼ਾਂ ਦੀ ਲੁਟੇਰਾ ਨੀਤੀ ਨਾਲ ਟਕਰਾਅ ਉਹਨਾਂ ਨੂੰ ਇਕ ਅੰਤਰਰਾਸ਼ਟਰੀ ਚਿੰਤਨ ਦਿਸ਼ਾ ਵੀ ਪ੍ਰਦਾਨ ਕਰਦਾ ਹੈ। ਸਤਿਗੁਰੂ ਜੀ ਮਸਤਾਨੀ ਬਿਰਤੀ ਵਿਚ 'ਡੱਬੂ ਕਾਲੂ' ਦਾ ਯੁਧ ਕਰਦੇ ਸਨ। ਡੱਬੂ ਫਰੰਗੀਆਂ ਨੂੰ ਆਖਦੇ ਸਨ ਅਤੇ ਕਾਲੂ ਰੂਸੀਆਂ ਨੂੰ ਆਖਦੇ ਸਨ। ਕਈ ਵਿਦੇਸ਼ੀ ਸਰਕਾਰਾਂ ਜੋ ਫਿਰੰਗੀ ਵਿਰੋਧੀ ਸਨ, ਨਾਲ ਸੰਬੰਧ ਬਣਾ ਲਏ ਸਨ। ਏਥੋਂ ਤੱਕ ਕਿ ਨੇਪਾਲ ਦੀ ਫੌਜ ਵਿਚ ਨਾਮਧਾਰੀ ਭਰਤੀ ਕਰਾਉਣੇ ਸ਼ੁਰੂ ਕਰ ਦਿੱਤੇ ਸਨ। ਅੰਗਰੇਜ਼ ਸਰਕਾਰ ਦੇ ਖਿਲਾਫ਼ ਹਿੰਸਕ ਟਕਰਾ ਬੜੀ ਜਲਦੀ ਫੇਲ੍ਹ ਹੋ ਸਕਦਾ ਹੈ। ਜਦੋਂ ਜਦੋਂ ਵੀ ਨਾਮਧਾਰੀ ਸਿੰਘਾਂ ਨੇ ਗੁੱਸੇ ਵਿਚ ਬੁਚੜਾਂ ਦਾ ਜਾਂ ਅੰਗਰੇਜ਼ਾਂ ਦਾ ਵਿਰੋਧ ਹਿੰਸਕ ਰੂਪ ਧਾਰ ਕੇ ਕੀਤਾ ਤਾਂ ਸਤਿਗੁਰੂ ਜੀ ਸਿੰਘਾਂ ਨੂੰ ਹਿੰਸਕ ਹੋਣ ਤੋਂ ਹਮੇਸ਼ਾ ਰੋਕਦੇ ਰਹੇ। ਸਿੰਘਾਂ ਨੂੰ ਫਾਂਸੀਆਂ ਹੋਣਾ ਅਤੇ ਮਾਲੇਰਕੋਟਲਾ ਵਿਖੇ ਤੋਪਾਂ ਨਾਲ ਉਡਾਏ ਜਾਣ ਵਾਲੀਆਂ ਦੰਦ ਜੋੜ ਦੇਣ ਵਾਲੀਆਂ ਕੁਰਬਾਨੀਆਂ ਹਿੰਸਕ ਟਕਰਾ ਦਾ ਨਹੀਂ ਸਗੋਂ ਮਿਸਾਲੀ ਸ਼ਹਾਦਤਾਂ ਦਾ ਇਤਿਹਾਸ ਹੈ। ਅਜਿਹੀਆਂ ਕੁਰਬਾਨੀਆਂ ਨੇ ਤਾਂ ਲੋਕਾਂ ਵਿਚ ਨਾਮਧਾਰੀ ਲਹਿਰ ਨੂੰ ਏਨਾ ਪੱਕੇ ਪੈਰੀਂ ਕਰ ਦਿੱਤਾ ਕਿ ਨਾਮਧਾਰੀਆਂ ਨੇ ਆਪਣਾ ਸਮਾਨ ਅੰਤਰ ਡਾਕ-ਪ੍ਰਬੰਧ ਚਲਾ ਲਿਆ। ਏਥੋਂ ਤੱਕ ਕਿ ਜਦੋਂ ਸਤਿਗੁਰੂ ਜੀ ਰੰਗੂਨ ਅਤੇ ਮਰਗੋਈ ਵਿਚ ਨਜ਼ਰਬੰਦ ਰਹੇ, ਸਿੰਘ ਬੜੇ ਸੰਕਟਾਂ ਵਿਚੋਂ ਲੰਘ ਕੇ ਉਨ੍ਹਾਂ ਪਾਸ ਪੁੱਜਦੇ ਰਹੇ। 1857 ਦੇ ਅੰਮ੍ਰਿਤ ਛਕਾਉਣ ਤੋਂ ਬਾਅਦ ਪੰਥ ਖਾਲਸੇ ਵਿਚ ਅੰਦਰੋਂ ਅੰਦਰੀਂ ਇਹ ਗੱਲ ਮਹਿਸੂਸ ਕੀਤੀ ਜਾਂਦੀ ਰਹੀ ਕਿ ਇਸ ਮਾਮਲੇ ਵਿਚ ਔਰਤਾਂ ਪਿੱਛੇ ਹਨ। 01 ਜੂਨ 1863 ਈ. ਵਿਚ ਉਹਨਾਂ ਪਿੰਡ ਸਿਆੜ੍ਹ (ਲੇਖ ਦੇ ਲੇਖਕ ਦਾ ਆਪਣਾ ਪਿੰਡ) ਵਿਖੇ ਬੀਬੀਆਂ ਨੂੰ ਅੰਮ੍ਰਿਤ ਛਕਾ ਕੇ ਉਹਨਾਂ ਨੂੰ ਮਰਦਾਂ ਦੇ ਬਰਾਬਰ ਖੜ੍ਹੇ ਹੋਣ ਦਾ ਮਾਣ ਬਖਸ਼ਿਆ। ਅੰਮ੍ਰਿਤ ਛਕ ਕੇ ਬੀਬੀਆਂ ਨੇ ਜੱਥੇ ਬਣਾ ਕੇ ਸਾਰੇ ਪੰਜਾਬ ਵਿਚ ਪ੍ਰਚਾਰ ਕੀਤਾ ਅਤੇ ਸਿੰਘਾਂ ਨਾਮਧਾਰੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਤਸੀਹੇ ਝੱਲਦਿਆਂ ਅੰਗਰੇਜ਼ਾਂ ਖ਼ਿਲਾਫ਼ ਲੜਾਈ ਲੜੀ। ਉਦੋਂ ਜਾਤ-ਪਾਤ ਦਾ ਲਾਭ ਲੈ ਕੇ ਅਤੇ ਖਰਚੀਲੀਆਂ ਰਸਮਾਂ ਰਾਹੀਂ ਲੋਕਾਈ ਨੂੰ ਗਰੀਬ ਰੱਖਕੇ ਪਾੜੋ ਤੇ ਰਾਜ ਕਰੋ ਵਰਗੀ ਨੀਤੀ ਰਾਹੀਂ ਲੋਕਾਂ ਦੇ ਏਕੇ ਵਿਚ ਤਰੇੜਾਂ ਪਾਈ ਰੱਖਣ ਦਾ ਹਾਕਮ ਹਮੇਸ਼ਾ ਯਤਨ ਕਰਦੇ ਸਨ। ਇਸੇ ਲਈ 03 ਜੂਨ 1863 ਵਿਚ ਪਿੰਡ ਖੋਟੇ ਵਿਖੇ ਗੁਰੂ ਮਰਿਯਾਦਾ ਅਨੁਸਾਰ ਛੇ ਜੋੜਿਆਂ ਦਾ ਸਿਰਫ਼ ਇਕ ਰੁਪਏ ਨਾਲ ਅਤੇ ਅੰਤਰ-ਜਾਤੀ ਆਨੰਦ ਕਾਰਜ ਕਰਕੇ ਸਮਾਜਿਕ ਏਕਤਾ ਦਾ ਇਕ ਹੋਰ ਵੱਡਾ ਮਸਲਾ ਸੁਲਝਾਉਣ ਦਾ ਕਾਰਗਰ ਯਤਨ ਕੀਤਾ। ਅਜਿਹੇ ਲੋਕਾਂ ਨੂੰ ਨਾਲ ਜੋੜਨ ਵਾਲੇ ਅਮਲਾਂ ਨਾਲ ਲਹਿਰ ਮਜਬੂਤ ਪ੍ਰਚੰਡ ਇਨਕਲਾਬੀ ਰੂਪ ਧਾਰਨ ਲੱਗੀ। ਸਮੁੱਚੇ ਨਾਮਧਾਰੀ ਪੰਥ ਤੇ ਸਖਤੀਆਂ ਦਾ ਦੌਰ ਸ਼ੁਰੂ ਹੋਇਆ। 1863 ਤੋਂ 1867 ਤਕ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕੀਤਾ ਗਿਆ। 1867 ਨੂੰ ਆਨੰਦਪੁਰ ਸਾਹਿਬ ਹੋਲੇ 'ਤੇ ਵੱਡੀ ਗਿਣਤੀ ਵਿਚ ਨਾਮਧਾਰੀ ਸੰਗਤ ਸਤਿਗੁਰਾਂ ਨਾਲ ਪੁੱਜੀ। ਅਕਤੂਬਰ 1867 ਵਿਚ ਅੰਮ੍ਰਿਤਸਰ ਦੀਪਮਾਲਾ ਲਈ ਸਤਿਗੁਰੂ ਜੀ ਸੰਗਤ ਸਮੇਤ ਅੰਮ੍ਰਿਤਸਰ ਪੁੱਜੇ ਉਥੇ ਅਕਾਲ ਬੁੰਗੇ ਦੇ ਪੁਜਾਰੀਆਂ ਨਾਲ ਵਿਰੋਧ ਹੋਇਆ ਪਰ ਬਾਅਦ ਵਿਚ ਸਤਿਗੁਰਾਂ ਦੀ ਭੇਟਾ ਸਵੀਕਾਰ ਕਰਕੇ ਸਿਰੋਪਾ ਵੀ ਭੇਟ ਕੀਤਾ। 1868 ਵਿਚ ਮੁਕਤਸਰ ਮਾਘੀ ਦੇ ਮੇਲੇ ਤੇ ਦੀਵਾਨ ਸਜਾਇਆ ਉਥੇ ਵੀ ਰਵਾਇਤੀ ਪੁਜਾਰੀਆਂ ਨਾਲ ਵਿਰੋਧ ਹੋਇਆ। ਸਤਿਗੁਰਾਂ ਨੇ ਪੁਜਾਰੀਆਂ ਨੂੰ ਸਾਫ਼ ਆਖ ਦਿੱਤਾ ਕਿ ਤੁਹਾਨੂੰ ਡੇਢ ਸੌ ਵਰਸ਼ ਪੂਜਾ ਖਾਂਦਿਆਂ ਨੂੰ ਹੋ ਗਿਆ ਪਰ ਹੁਣ ਤੱਕ ਸਰੋਵਰ ਨਹੀਂ ਬਣਿਆ। ਇਉਂ ਪੁਜਾਰੀਆਂ, ਅਕਾਲੀਆਂ ਅਤੇ ਹੋਰ ਨਾਨਕ ਨਾਮ ਲੇਵਾ ਸਿੱਖਾਂ ਨਾਲ ਉਹਨਾਂ ਦਾ ਕਈ ਗੱਲਾਂ ਤੇ ਅਸੂਲੀ ਵਿਰੋਧ ਵੀ ਹੋ ਜਾਂਦਾ ਸੀ। ਉਹ ਦਿਲੋਂ ਮਨੋਂ ਚਾਹੁੰਦੇ ਸੀ ਕਿ ਅਸੂਲਾਂ ਦੇ ਅਧਾਰ ਤੇ ਸਾਰੇ ਨਾਨਕ ਨਾਮ ਲੇਵਾ ਸਿੱਖ ਇਕੱਠੇ ਹੋ ਕਿ ਆਪਣੇ ਮੁੱਖ ਦੁਸ਼ਮਣ ਫਿਰੰਗੀ ਦੇ ਖ਼ਿਲਾਫ਼ ਸੰਘਰਸ਼ ਕਰਨ। ਆਨੰਦਪੁਰ ਸਾਹਿਬ ਹੋਲੇ ਮੁਹੱਲੇ ਸਮੇਂ ਜਦੋਂ ਸੋਢੀ ਹਾਥੀਆਂ ਤੇ ਸਵਾਰ ਸਨ ਅਤੇ ਸਤਿਗੁਰੂ ਜੀ ਨੇ ਚੀਨੀ ਘੋੜੀ ਤੇ ਸਵਾਰ ਹੋ ਕੇ ਮੁਹੱਲਾ ਖੇਡਣਾ ਸੀ। ਦੋਹਾਂ ਧਿਰਾਂ ਵਿਚ ਜਾਬਤਾ ਬਣਾਈ ਰੱਖਣ



Namdhari Elibrary NamdhariElibrary@gmail.com

ਲਈ ਪੰਜ ਫਿਰੰਗੀ ਘੋੜ ਸਵਾਰ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਤਾਂ ਪਾਤਸ਼ਾਹ ਜੀ ਨੇ ਸਿੱਖ ਪਰਿਵਾਰ ਦੀ ਏਕਤਾ ਦਰਸਾਉਣ ਲਈ ਫਿਰੰਗੀ ਅਧਿਕਾਰੀਆਂ ਨੂੰ ਵਿਚੋਂ ਹਟ ਜਾਣ ਲਈ ਆਖ ਦਿੱਤਾ ਸੀ। ਸਤਿਗੁਰੂ ਜੀ ਹੁਕਮਨਾਮਿਆਂ ਵਿਚ ਵੀ ਅਜਿਹੇ ਭਾਵ ਪ੍ਰਗਟ ਕਰਦੇ ਹਨ। ਹੁਕਮਨਾਮਾ-7 ਵਿਚ ਉਹ ਦੁਖੀ ਹਿਰਦੇ ਨਾਲ ਲਿਖਦੇ ਹਨ:

"ਐਸਾ ਪ੍ਰਮੇਸ਼ਰ ਦਾ ਭਾਣਾ ਵਰਤਿਆ, ਰਾਜੇ ਰਈਅਤ, ਭੇਖ, ਹੋਰ ਲੋਕ ਸਭੇ ਮਾਰ ਮਾਰ ਕਰਦੇ ਹੈ, ਅਰੁ ਬਹੁਤ ਨਿੰਦਾ ਸੁਣਦੇ ਹਾਂ ਹੋਇ ਰਹੀ ਹੈ . . . ਅੱਗੇ ਆਪਣੇ ਖ਼ਾਲਸੇ ਵਿਚ ਤਾਂ ਏਹੁ ਵਰਤਾਰਾ ਵਰਤ ਗਿਆ ਅੱਜ ਕੱਲ ਕੇ ਸਮੇਂ ਮੈਂ। ਪਹਿਲਾਂ ਸਿਖਾਂ ਦੀ ਕਿਰਪਾ ਬੀਰ ਸਿੰਘ ਤੇ ਹੋਈ, ਫੇਰ ਮਹਾਰਾਜ ਸਿੰਘ ਤੇ ਹੋਈ। ਹੁਣ ਮੇਰੇ ਉਤੇ ਸਿਖਾਂ ਕੀ ਕਿਰਪਾ ਹੋਈ।"

ਭਾਈ ਵੀਰ ਸਿੰਘ ਦਾ ਨੌਰੰਗਾਬਾਦ ਬਹੁਤ ਪ੍ਰਸਿੱਧ ਡੇਰਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਹਿਜ਼ਾਦੇ ਉਹਨਾਂ ਦੀ ਸ਼ਰਨ ਵਿਚ ਆ ਗਏ ਸਨ ਉਹਨਾਂ ਨੂੰ ਬਚਾਉਂਦਿਆਂ ਉਹ ਆਪ ਤੋਪ ਦੇ ਗੋਲੇ ਦਾ ਸ਼ਿਕਾਰ ਹੋ ਗਏ ਸਨ। ਭਾਈ ਵੀਰ ਸਿੰਘ ਤੋਂ ਬਾਅਦ ਡੇਰੇ ਦੇ ਮੁਖੀ ਭਾਈ ਮਹਾਰਾਜ ਸਿੰਘ ਥਾਪੇ ਗਏ। ਉਹਨਾਂ ਨੇ ਅੰਗਰੇਜ਼ਾਂ ਅੱਗੇ ਹਥਿਆਰ ਸੁਟਣ ਤੋਂ ਇਨਕਾਰ ਕਰ ਦਿੱਤਾ ਸੀ। ਰੂਹ ਪੋਸ਼ ਹੋ ਕੇ ਲੜਦੇ ਰਹੇ ਪਰ ਆਪਣੇ ਹੀ ਲੋਕਾਂ (ਸਿੱਖਾਂ) ਨੇ ਉਹਨਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਉਹ ਜ਼ੇਲ੍ਹ ਵਿਚ ਹੀ 1856 ਵਿਚ ਅਕਾਲ ਚਲਾਣਾ ਕਰ ਗਏ ਸਨ।

ਹੁਕਮਨਾਮਿਆਂ ਵਿਚ ਸਤਿਗੁਰੂ ਜੀ ਸਮਾਜਿਕ ਸ਼ਖ਼ਸੀਅਤ ਦੀ ਉਸਾਰੀ ਪ੍ਰਤੀ ਬੜੇ ਸੁਚੇਤ ਸਨ। ਆਦਰਸ਼ਕ ਜੀਵਨ ਵਿਧੀ ਜਿਸ ਦੀ ਸਫਲ ਜੀਵਨ ਅਤੇ ਸਮਾਜਿਕ ਸਤਿਕਾਰ ਲਈ ਅਣਸਰਦੀ ਲੋੜ ਪ੍ਰਤੀ ਉਹ ਬਹੁਤ ਜ਼ੋਰ ਦਿੰਦੇ ਸਨ। ਸੁੱਚਮ, ਸਾਦਗੀ, ਨਸ਼ੇ ਰਹਿਤ ਜੀਵਨ, ਗਊ ਗਰੀਬ ਦੀ ਰਾਖੀ, ਹੱਥੀਂ ਮਿਹਨਤ, ਬਾਣੀ ਅਤੇ ਸੱਚੀ ਧਾਰਮਿਕ ਆਸਥਾ ਆਦਿ ਨਾਮਧਾਰੀ ਲਹਿਰ ਦੇ ਵਿਲੱਖਣ ਗੁਣ ਸਨ। ਸਫੈਦ ਬਸਤਰਾਂ ਵਿਚ ਉਹ ਅੰਦਰੋਂ ਵੀ ਬੇਦਾਗ਼ ਰਹਿਣ ਦਾ ਸੁਨੇਹਾ ਉਹ ਬਾਰ-ਬਾਰ ਦਿੰਦੇ ਸਨ। ਜੇ ਕਿਸੇ ਸਿੰਘ ਦੀ ਕੁਰਹਿਤ ਦਾ ਪਤਾ ਲੱਗਦਾ ਤਾਂ ਉਸ ਦਾ ਬਾਈਕਾਟ ਕਰ ਦਿੱਤਾ ਜਾਂਦਾ ਤੇ ਢੁਕਵੀਂ ਸਜ਼ਾ ਵੀ ਦਿੱਤੀ ਜਾਂਦੀ। ਉਹ ਸੁੱਚਮ ਨੂੰ ਇਕ ਅਸੂਲ ਦੇ ਤੌਰ ਤੇ ਪ੍ਰਵਾਨ ਕਰਦੇ ਸਨ ਪਰ ਸੁਚਮ ਪ੍ਰਤੀ ਪਾਪੰਡੀ ਪਹੁੰਚ ਦੇ ਖਿਲਾਫ਼ ਸਨ। ਇਕ ਵਾਰ ਸੂਬਾ ਪਹਾੜਾ ਸਿੰਘ ਨੇ ਇਸ਼ਨਾਨ ਕਰਦਿਆਂ ਦੂਜੇ ਸਿੰਘ ਨੂੰ ਜਲ ਨਾ ਛਕਾਇਆ ਕਿ ਗੜਵਾ ਮਾਂਜਣਾ ਪਵੇਗਾ ਤਾਂ ਸਤਿਗੁਰੂ ਜੀ ਨੇ ਇਸ ਕਰਮ ਨੂੰ ਅਵੱਗਿਆ ਮੰਨਿਆ ਅਤੇ ਸੂਬਾ ਜੀ ਨੂੰ ਸਵਾ ਮਣ ਕਣਕ ਪੀਹਣ ਦੀ ਸਜ਼ਾ ਲਾਈ। ਆਦਰਸ਼ਕ ਜੀਵਨ ਦੀ ਮਿਸਾਲ ਪੈਦਾ ਕਰਨ ਤੇ ਯਤਨ ਵਜੋਂ ਉਹ ਹੁਕਮਨਾਮਿਆਂ ਵਿਚ ਬਹੁਤ ਬਾਰੀਕੀ ਨਾਲ ਜੀਵਨ ਜਾਚ ਦੇ ਨੁਕਤਿਆਂ ਤੇ ਜ਼ੋਰ ਦਿੰਦੇ ਹਨ:

'ਗੁਰੂ ਜੀ ਕਾ ਬਚਨ ਹੈ ਛੇਤੀ ਕਰਨੀ ਮਨੁਖਾਂ ਦਾ ਕੰਮ ਨਹੀਂ ਭੂਤਾਂ ਦਾ ਕੰਮ ਹੈ।' (ਹੁਕਮਨਾਮਾ-60)

'ਹੋਰ ਭਾਈ ਦਰਬਾਰਾ ਸਿੰਘ ਹੁਣ ਵਾਲਾ ਕਰੜਾ ਸੁਭਾਉ ਨਹੀਂ ਰੱਖਣਾ।' (ਹੁਕਮਨਾਮਾ-56)

'ਮਨ ਮਤਿ ਏਸ ਦਾ ਨਾਉਂ ਹੈ ਜੋ ਬਾਣੀ ਪੜੀ ਪਰ ਬਾਣੀ ਦਾ ਆਖਿਆ ਨਾ ਕੀਤਾ।'

'ਰੰਡੀ, ਮੁੰਡੇ ਤੇ ਬਹੁਤ ਕਰਕੇ ਬਚਣਾ। ਏਹੁ ਤਾਂ ਨਿਰਾ ਘਾਟੇ ਦਾ ਹੀ ਧਾਉ ਹੈ, ਨਫਾ ਕੋਈ ਬੀ ਨਹੀਂ"

(ਹੁਕਮਨਾਮਾ-49)

'ਹੋਰ ਬਗਾਨੀ ਅੰਸ ਕਿਸੇ ਤਰਾਂ ਬੀ ਨਾ ਲੈਣੀ, ਨਾ ਚੁਰਾ ਕੇ, ਨਾ ਠੱਗੀ ਕਰਕੇ। ਜੇ ਡਿਗੀ ਪਈ ਬੀ ਲੱਭੇ ਤਾਂ ਜਿਸ ਦੀ ਹੋਵੇ ਉਸ ਕੋ ਦੇ ਦੇਣੀ। ਅਰਿ ਕਰਿਜਾ ਲੈ ਕੇ ਨਾ ਦੇਣਾ ਏਹੁ ਚੋਰੀ ਧਾੜੇ ਤੇ ਵੀ ਬੜਾ ਪਾਪੁ ਹੈ।' (ਹੁਕਮਨਾਮਾ-28)

ਇਉਂ ਆਜ਼ਾਦੀ ਸੰਗਰਾਮ ਦੇ ਮਹਾਂ ਬਿਰਤਾਂਤ ਵਿਚ ਨਾਮਧਾਰੀ ਲਹਿਰ ਦੇ ਉਹ ਸੁਨਹਿਰੀ ਪੰਨੇ ਹਨ ਜੋ ਅੱਜ ਵੀ ਸਾਡਾ ਰਾਹ ਰੁਸ਼ਨਾਉਂਦੇ ਹਨ। ਆਜ਼ਾਦੀ ਦੀ ਲਹਿਰ ਵਿਚ ਫਿਰੰਗੀਆਂ ਨੂੰ ਦੇਸ਼ ਵਿਚੋਂ ਬਾਹਰ ਭੇਜਣ ਤੋਂ ਇਲਾਵਾ ਅੱਜ ਵੀ ਸਮਾਜ ਵਿਚ ਸਾਦਗੀ ਸਵੱਛਤਾ ਅਤੇ ਅਸੂਲੀ ਜ਼ਿੰਦਗੀ ਲਈ ਨਾਮਧਾਰੀ ਲਹਿਰ ਦਾ ਗੌਲਿਆ ਜਾਣ ਵਾਲਾ ਯੋਗਦਾਨ ਹੈ। ਅਜੋਕੇ ਸਮਿਆਂ ਵਿਚ ਵੀ ਨਾਮਧਾਰੀ ਲਹਿਰ ਆਪਣੇ ਗੌਰਵਸ਼ਾਲੀ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਵਿਸ਼ਵ-ਸ਼ਾਂਤੀ, ਆਪਸੀ ਭਾਈਚਾਰਾ, ਜੈਵਿਕ ਖੇਤੀ, ਬੀਜ ਉਤਪਾਦਨ, ਖੇਡਾਂ (ਵਿਸ਼ੇਸ਼ ਕਰ ਹਾਕੀ) ਮਾਤ ਭਾਸ਼ਾ ਦੇ ਹੱਕ ਦੀ ਆਵਾਜ਼ ਉਠਾਉਣ ਆਦਿ ਗੰਭੀਰ ਮਸਲਿਆਂ ਤੇ ਨਿੱਗਰ ਯੋਗਦਾਨ ਪਾ ਰਹੀ ਹੈ। ਦੋ ਸੌ ਸਾਲ ਬਾਅਦ ਅੱਜ ਜਦੋਂ ਅਸੀਂ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾ ਰਹੇ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਜਿਹੜੀਆਂ ਚੁਣੌਤੀਆਂ ਅੱਜ ਸਾਡੇ ਸਾਹਮਣੇ ਕਾਰਪੋਰੇਟ ਜਗਤ ਨੇ ਪਰੋਸ ਦਿੱਤੀਆਂ ਹਨ ਉਹਨਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਦੱਸੇ ਰਾਹ 'ਤੇ ਪਹਿਰਾ ਦਿੰਦਿਆਂ ਨਾਜ਼ਾਤ ਪਾਈ ਜਾ ਸਕਦੀ ਹੈ। ਅਸੀਂ ਇਸ ਰਸਤੇ 'ਤੇ ਚੱਲ ਕੇ ਦੁਨੀਆਂ ਲਈ ਇਕ ਸੁੱਚਾ ਅਤੇ ਵਿਹਾਰਕ ਸਿਧਾਂਤ ਪੇਸ਼ ਕਰ ਸਕਦੇ ਹਾਂ।

ਮੋਬਾਇਲ : 94647-62825



Namdhari Elibrary NamdhariElibrary@gmail.com

# ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ



*-ਸੁਵਰਨ ਸਿੰਘ ਵਿਰਕ*

ਆਪਣੇ ਸਮੇਂ ਦੀ ਦਸ਼ਾ ਅਤੇ ਦਿਸ਼ਾ ਬਦਲਣੀ, ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਧਾਰਾ ਪ੍ਰਵਾਹ ਤੋਂ ਉਲਟ ਚੱਲਣਾ ਵੀ ਵਿਰਲਿਆਂ ਦੇ ਹਿੱਸੇ ਆਉਂਦਾ ਹੈ। ਜਦੋਂ ਵੀ ਕੋਈ ਲੀਕ ਤੋਂ ਹਟ ਕੇ ਤੁਰਦਾ ਹੈ ਤਾਂ ਪਹਿਲਾਂ ਪਹਿਲੇ ਤਾਂ ਉਹ ਲੀਕਾਂ ਲਾਉਣ ਵਾਲਿਆਂ ਦੀ ਭੀੜ ਵਿਚ, ਖ਼ੁਦ ਨੂੰ ਘਿਰਿਆ ਪਾਉਂਦਾ ਹੈ। ਪਰ ਉਸਦੇ ਨੈਣਾਂ ਵਿੱਚ ਲਟਕਦੇ ਸੁਪਨੇ, ਉਸਦੇ ਕਦਮਾਂ ਵਿਚ ਬਿਜਲੀਆਂ ਦੀ ਅਜੇਹੀ ਗਤੀ ਭਰ ਦਿੰਦੇ ਹਨ ਕਿ ਵਸਲੋਂ ਉਰੇ ਮੁਕਾਮ ਨਾ ਕੋਈ ਉਹ ਰਾਤ ਦਿਨੇ ਪਏ ਵਹਿੰਦੇ। ਅਬੁੱਝ ਲਗਨ, ਅਣਥੱਕ ਹੌਂਸਲੇ, ਅਣਕਿਆਸੀਆਂ ਤਾਕਤਾਂ ਵਿਚ ਵਟਦੇ ਜਾਂਦੇ ਹਨ। ਦ੍ਰਿੜ ਇੱਛਾ ਸ਼ਕਤੀ ਅਸੰਭਵ ਨੂੰ ਸੰਭਵ ਵਿਚ ਬਦਲਣ ਦੇ ਸਮਰੱਥ ਹੋ ਜਾਂਦੀ ਹੈ। ਹਨੇਰੀਆਂ ਰਾਤਾਂ ਵਿਚ ਜਗਦੇ ਬੁਝਦੇ ਜੁਗਨੂਆਂ ਤੋਂ ਲੋਅ ਉਧਾਰੀ ਲੈ ਕੇ, ਉਹ ਜੀਵਨ ਪੰਧ ਦੇ ਪਾਂਧੀਆਂ ਦੇ ਰਾਹ ਰੁਸ਼ਨਾਉਣ ਦੇ ਆਹਰ ਵਿਚ ਰੁੱਝੇ ਰਹਿੰਦੇ ਹਨ। ਪਹਾੜੀ ਚਸ਼ਮੇ ਜਿਉਂ ਜਲ ਦੀਆਂ ਕੁਝ ਬੂੰਦਾਂ, ਪਰਬਤ ਦੀ ਤਿੱਕੜੀ ਵਿਚੋਂ ਪ੍ਰਸਫੁੱਟਤ ਹੁੰਦੀਆਂ ਹਨ ਤੇ ਫਿਰ ਪਤਾ ਨਹੀਂ ਕਿਤਨੇ ਚਸ਼ਮਿਆਂ ਦਾ ਜਲ ਇਸ ਵਿਚ ਮਿਲਦਾ ਹੈ, ਛੋਟੇ-ਛੋਟੇ ਵਹਿਣ, ਨਦੀਆਂ ਨਾਲਿਆਂ ਵਿਚੋਂ ਆਪਣਾ ਆਕਾਰ ਗ੍ਰਹਿਣ ਕਰਦੇ, ਮਹਾਂ ਨਦੀ ਵਿਚ ਵਟਦੇ ਹਨ ਅਤੇ ਫਿਰ ਵਿਸ਼ਾਲ ਸਮੁੰਦਰ ਵਿਚ ਸਮਾ ਕੇ ਕਾਲ ਦੀ ਅਨੰਤ ਲੀਲ੍ਹਾ ਦਾ ਭਾਗ ਬਣ ਜਾਂਦੇ ਹਨ। ਪਰ ਜਿਹਨਾਂ ਦੇ ਕਾਰਜਾਂ ਦਾ ਪੁਨਰ ਨਿਰੀਖਣ ਕਰਨ ਲਈ ਇਤਿਹਾਸਕਾਰਾਂ ਨੂੰ ਵੀ ਕਈ ਕਈ ਜਨਮ ਲੈਣੇ ਪੈਂਦੇ ਹੋਣ, ਜਿਹਨਾਂ ਦੇ ਕਾਰਨਾਮੇ ਜੀਵਨ ਸਫਰ ਦੀਆਂ ਬਿਖੜੀਆਂ ਰਾਹਾਂ ਤੇ ਹਨੇਰੀਆਂ ਰਾਤਾਂ ਵਿਚ ਧਰੂ ਤਾਰੇ ਜਿਉਂ ਮਾਰਗ ਦਰਸ਼ਨ ਕਰਨ ਵਾਲੇ ਹੋਣ, ਉਹ ਸਮੇਂ ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੋ ਕੇ, ਅਕਾਲ ਪੁਰਖ ਹੋ ਜਾਂਦੇ ਹਨ। ਦੋ ਸਦੀਆਂ ਪਹਿਲਾਂ ਪੰਜਾਬ ਦੀ ਧਰਤੀ ਨੂੰ ਆਪਣੀ ਜਨਮ ਭੂਮੀ ਹੋਣ ਦਾ ਮਾਣ ਬਖਸ਼ਣ ਵਾਲੇ ਅਜਿਹੇ ਹੀ ਹਨ, ਨਾਮਧਾਰੀ ਸੰਤ ਖਾਲਸਾ ਦੇ ਸੰਸਥਾਪਕ, ਲੋਕ ਚੇਤਿਆਂ ਵਿਚ 'ਕੂਕਾ ਲਹਿਰ' ਦੇ ਨਾਮ ਨਾਲ ਜਾਣੀ ਜਾਂਦੀ ਪੰਜਾਬ ਦੇ ਕੌਮੀ ਮੁਕਤੀ ਸੰਗਰਾਮ ਦੀ ਪਰਮੁੱਖ ਲਹਿਰ ਦੇ ਮਹਾਂਨਾਇਕ, 'ਅਕਾਲ ਪੁਰਖ' ਸ੍ਰੀ ਸਤਿਗੁਰੂ ਰਾਮ ਸਿੰਘ ਜੀ।

ਆਪਣੇ ਨਿਸ਼ਾਨੇ ਪ੍ਰਤੀ ਸਮਰਪਿਤ ਕਠੋਰ ਸਾਧਨਾ ਅਤੇ ਤਪ ਤਿਆਗ ਵਾਲੀ ਜੀਵਨ ਸ਼ੈਲੀ ਗ੍ਰਹਿਣ ਕਰਨ ਵਾਲੀਆਂ ਹਸਤੀਆਂ, ਲੋਕ ਮਨਾਂ ਵਿਚ ਅਵਤਾਰੀ ਪੁਰਖ ਜਿਉਂ ਆਪਣਾ ਸਥਾਨ ਸੁਰੱਖਿਅਤ ਕਰ ਜਾਂਦੀਆਂ ਹਨ। ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜ ਦਰਿਆਵਾਂ ਦੇ ਇਸ ਦੇਸ਼ ਵਿਚ, ਮੁਕਤ ਜੀਵਨ ਦੇ ਕੁੱਲ ਛਿਪੰਜਾ ਵਰ੍ਹੇ ਪ੍ਰਾਪਤ ਹੋਏ। ਇਹਨਾਂ ਛਿਪੰਜਾਂ ਸਾਲਾਂ ਵਿੱਚੋਂ ਵੀ ਆਜ਼ਾਦ ਦੇਸ਼ ਦੇ ਨਾਗਰਿਕ ਜਿਉਂ ਉਹਨਾਂ ਨੇ ਪਹਿਲੇ ਤੀਹ ਕੁ ਵਰ੍ਹੇ ਹੀ ਬਿਤਾਏ ਸਨ। ਮਗਰਲੇ ਜੀਵਨ ਦੇ 26 ਸਾਲ, ਗੁਲਾਮ ਪੰਜਾਬ ਦੀ ਧਰਤੀ ਤੇ ਕੱਟੇ। 17 ਜਨਵਰੀ 1872 ਤੋਂ 29 ਨਵੰਬਰ 1885 ਈ. ਤੱਕ ਕੋਈ 14 ਕੁ ਸਾਲ, ਉਹ ਅੰਗਰੇਜ਼ ਸਰਕਾਰ ਦੇ ਜਿਹਲਖਾਨਿਆਂ ਵਿਚ ਕੈਦ ਕੱਟਦੇ ਹਨ। ਸਤਿਗੁਰੂ ਜੀ ਨੇ ਆਪਣੇ ਲੋਕਾਂ ਨਾਲ, ਸੰਗਤ ਨਾਲ, ਆਪਣਾ ਨਾਤਾ ਏਨਾ ਪੀਡਾ ਪੱਕਾ ਜੋੜਿਆ ਸੀ ਕਿ ਅੰਗਰੇਜ਼ ਸਰਕਾਰ ਵਲੋਂ ਉਹਨਾਂ ਦੇ 29 ਨਵੰਬਰ 1885 ਨੂੰ, ਅਕਾਲ ਚਲਾਣੇ ਦੀ ਪਰਚਾਰੀ ਗ਼ਲਤ ਖ਼ਬਰ ਨੂੰ, ਉਹਨਾਂ ਦੇ ਛੋਟੇ ਭਾਈ, ਨਾਮਧਾਰੀ ਮੁਖੀ, ਗੁਰੂ ਹਰੀ ਸਿੰਘ ਜੀ ਅਤੇ ਸੰਬੂਹ ਨਾਮਧਾਰੀ ਸੰਗਤ ਨੇ, ਅਕੱਟ ਦਲੀਲਾਂ ਨਾਲ ਉਦੋਂ ਹੀ ਰੱਦ ਕਰ ਦਿੱਤਾ ਸੀ। ਸਤਿਗੁਰੂ ਜੀ ਦੇ ਇਸ 'ਅਕਾਲ ਪੁਰਖ' ਵਾਲੇ ਰੂਪ ਵਿਚ, ਨਾਮਧਾਰੀ ਭਾਈਚਾਰਾ ਪਿਛਲੇ 130 ਸਾਲ ਤੋਂ, ਉਹਨਾਂ ਦੇ ਦਰਸ਼ਨਾਂ ਲਈ ਲਗਾਤਾਰ ਆਸਵੰਦ ਰਿਹਾ ਹੈ। ਇਸ ਆਸ ਦਾ ਪੱਲਾ ਘੁੱਟ ਕੇ ਫੜੀ ਰੱਖਣ ਲਈ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਉਪਦੇਸ਼ ਵਿਚ, ਵਿਛੋੜੇ ਦੀ ਖਿਜ਼ਾਂ ਰੁਤ ਮੁੱਕਣ ਅਤੇ ਸੁੱਕੇ ਬੂਟਿਆਂ ਤੇ ਫੁੱਲ ਪੱਤੇ ਆਉਣ ਦੀ ਬਹਾਰ ਰੁੱਤ ਦੀ ਆਮਦ ਦਾ ਭਰੋਸਾ, ਹੀਰ ਨੂੰ ਲੈ ਗਏ ਖੇੜੇ ਭਾਬੀਆਂ ਨੇ ਰਾਂਝੇ ਨੂੰ ਕਿਹਾ, ਹੁਣ ਤੇ ਸਾਡੇ ਪਾਸ ਆ ਜਾ, ਰਾਂਝੇ ਦੇ ਜੁਆਬ ਦੇ ਹਵਾਲੇ ਨਾਲ, ਪੰਜਾਬੀ ਕਵੀ ਸੱਯਦ ਵਾਰਿਸ ਸ਼ਾਹ ਦੀਆਂ ਇਹਨਾਂ ਤੁਕਾਂ ਦੁਆਰਾ ਕਰਿਆ ਕਰਦੇ ਸਨ—

ਭਾਬੀ ਖ਼ਿਜ਼ਾਂ ਦੀ ਰੁੱਤ ਜਾਂ ਆਣ ਪਹੁੰਚੀ,



Namdhari Elibrary NamdhariElibrary@gmail.com

ਭੌਰ ਆਸਰੇ ਤੇ ਜ਼ਫ਼ਰ ਜਾਲਦੇ ਨੀ।
ਸੇਵਣ ਬੁਲਬੁਲਾਂ ਬੂਟਿਆਂ ਸੁੱਕਿਆਂ ਨੂੰ,
ਰੱਬਾ ਫੁੱਲ ਲੱਗਣ ਨਾਲ ਡਾਲਦੇ ਨੀ।
ਅਸਾਂ ਜਦੋਂ ਕਦੋਂ ਉਹਨਾਂ ਪਾਸ ਜਾਣਾ,
ਜਿਹਨਾਂ ਮਹਿਰਮ ਅਸਾਡੜੇ ਹਾਲ ਦੇ ਨੀ।
ਜਿਹਨਾਂ ਸੂਲੀਆਂ ਦੇ ਉਤੇ ਲਏ ਝੂਟੇ,
ਉਹ ਮਨਸੂਰ ਹੋਰੀਂ ਸਾਡੇ ਨਾਲ ਦੇ ਨੀ।

ਸਤਿਗੁਰੂ ਜੀ ਦੇ ਸੈਨਿਕ ਜੀਵਨ ਸਮੇਂ, ਹਜਰੋਂ ਵਿਚ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਸਿੱਖੀ ਦੀ ਜੋਤ ਨੂੰ ਜਗਦੇ ਰੱਖਣ ਵਾਲੇ, ਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ ਨੇ, ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਗੁਰੂ ਬਾਲਕ ਸਿੰਘ ਜੀ ਵੀ ਵਿਦੇਸ਼ੀ ਆਕਰਮਣਕਾਰੀਆਂ ਦੇ, ਪੰਜਾਬ ਪ੍ਰਤੀ ਮਾਰੂ ਮਨਸੂਬਿਆਂ ਤੋਂ ਚਿੰਤਾਤੁਰ ਰਹਿੰਦੇ ਸਨ। ਇਸ ਲਈ ਉਹਨਾਂ ਨੇ ਆਪ ਜੀ ਨੂੰ ਸਿਖ ਪੁਨਰ ਸੁਰਜੀਤੀ ਅਤੇ ਛੇਤੀ ਹੀ ਆਉਣ ਵਾਲੀ ਫਰੰਗੀ ਸਰਕਾਰ ਨਾਲ ਲੋਹਾ ਲੈਣ ਵਾਲਾ, ਦੂਹਰਾ ਕਾਰਜ ਸਉਂਪਿਆ। ਕਿਸਾਨੀ, ਦਸਤਕਾਰੀ, ਸੈਨਿਕ ਅਤੇ ਕਾਰੋਬਾਰੀ ਜੀਵਨ ਬਿਤਾਉਂਦਿਆਂ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਹਾਕਮਾਂ ਦੀਆਂ ਭਾਰਤੀ ਲੋਕਾਂ ਪ੍ਰਤੀ, ਅਨਿਸ਼ਟਕਾਰੀ ਨੀਤੀਆਂ ਦਾ ਸਹਿਜ ਗਿਆਨ ਸੀ, ਇਸੇ ਲਈ 12 ਅਪ੍ਰੈਲ 1857 ਈ. ਦੀ ਵੈਸਾਖੀ ਨੂੰ, ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਦੇ ਨਾਲ ਹੀ ਉਹਨਾਂ ਨੇ ਸੁਦੇਸ਼ੀ ਅਤੇ ਸਵਰਾਜ ਦੀ ਮੁਹਿੰਮ ਵੀ ਅਰੰਭ ਦਿਤੀ। ਮੁੱਦਕੀ ਦੀ ਜੰਗ ਸਮੇਂ, ਸਤਿਲੁਜ ਵਿਚ ਬੰਦੂਕ ਸਿੱਟਦਿਆਂ ਹੀ ਵਪਾਰਕ ਸਰਮਾਏਦਾਰੀ ਦੇ ਨੁਮਾਇੰਦਿਆਂ ਨਾਲ, ਉਹਨਾਂ ਨੇ ਬਾਈਕਾਟ ਅਤੇ ਅਸਹਿਯੋਗ ਦੇ ਨਵੇਂ ਸਿਰਜੇ ਹਥਿਆਰ ਨਾਲ, ਟਾਕਰਾ ਕਰਨ ਲਈ, ਆਪਣੀ ਸ਼ਾਂਤਮਈ ਜੰਗ ਦਾ ਸਫ਼ੈਦ ਪਰਚਮ ਵੀ ਲਹਿਰਾ ਦਿੱਤਾ। ਜਦੋਂ ਬਾਕੀ ਸਿਖ ਸਮੁਦਾਇ, ਸੁਬਹਾ ਸ਼ਾਮ ਆਪਣੇ ਧਰਮ ਸਥਾਨਾਂ ਵਿਚ, ਹਰ ਅਰਦਾਸ ਬਾਅਦ, "ਜੁੱਗ-ਜੁੱਗ ਰਾਜ ਸਵਾਇਆ ਟੋਪੀ ਵਾਲੇ ਦਾ" ਅਤੇ "ਨਿਮਕ ਹਲਾਲ ਨਾਥ ਕੇ ਰਹੀਏ" ਜਿਹੇ ਟੋਟਕੇ ਪੜ੍ਹਿਆ ਕਰਦਾ ਸੀ, ਕੂਕਾ ਦੀਵਾਨਾਂ ਵਿਚੋਂ, ਇਹੋ ਜਿਹੇ ਸ਼ਬਦਾਂ ਦੀ ਲਲਕਾਰ ਸੁਣੀ ਜਾਂਦੀ ਸੀ—

"ਹੁਣ ਚੁੱਕ ਲੈ ਫਰੰਗੀਆਂ ਡੇਰਾ
ਤੈਂ ਕਰ ਲਿਆ ਰਾਜ ਬਥੇਰਾ"
"ਰਾਜ ਮੁੱਕ ਜਾਊ ਫਰੰਗੀਆਂ ਤੇਰਾ
ਕੂਕੇ ਤੈਥੋਂ ਨਹੀਂ ਮੁੱਕਣੇ"
"ਭੱਜੇ ਜਾਣ ਫਰੰਗੀ, ਵੱਜੇ ਘੁੰਗਰੂ"

ਮਹਾਨ ਹਸਤੀ ਦੀ ਮਹਾਨਤਾ ਇਸ ਗੱਲ ਵਿਚ ਛੁਪੀ ਹੁੰਦੀ ਹੈ ਕਿ ਉਹ ਆਪਣੀ ਮਹਾਨਤਾ ਦੇ ਪਰਛਾਵੇਂ ਵਿਚ ਵਿਚਰਨ ਵਾਲਿਆਂ ਨੂੰ, ਅੱਠੋ ਪਹਿਰ ਆਪਣੀ ਪ੍ਰਭੁਤਾ ਦੇ ਭਾਰ ਹੇਠ ਨਹੀਂ ਦੱਬੀ ਰੱਖਦੇ, ਸਗੋਂ ਉਹਨਾਂ ਦੇ ਅੰਦਰ ਛਿਪੀਆਂ ਆਤਮਿਕ ਸ਼ਕਤੀਆਂ ਨੂੰ ਜਾਗ੍ਰਿਤ ਕਰਕੇ ਅਤੇ ਉਹਨਾਂ ਨੂੰ ਕਰਤਾਰੀ ਸਿਰਜਣਾਤਮਕ ਰੰਗਤ ਦੇ ਕੇ, ਇਤਿਹਾਸ ਦੇ ਮਹਾਨ ਕਾਰਨਾਮੇ ਕਰਨ ਦੇ ਸਮਰੱਥ ਬਣਾ ਦਿੰਦੇ ਹਨ। ਪੰਜਾਬ ਵਿਚ ਸ਼ੇਰ ਦਿਲ ਕੂਕਿਆਂ ਨੇ, ਜਿਸ ਦਲੇਰੀ ਨਾਲ, ਬਰਤਾਨਵੀ ਬਸਤੀਵਾਦੀਆਂ ਦੀ ਪ੍ਰਭੂਸੱਤਾ ਨੂੰ ਵੰਗਾਰਦਿਆਂ, ਆਪਣੇ ਜੀਵਨ ਨੂੰ ਕਠੋਰ ਅਨੁਸ਼ਾਸਨ ਵਿਚ ਢਾਲਦਿਆਂ, ਆਪਣੇ ਦੁਸ਼ਮਨ ਦੀਆਂ ਅੱਖਾਂ ਵਿਚ ਅੱਖ ਪਾ ਕੇ ਗੱਲ ਕੀਤੀ, ਉਹ ਵਿਰਲੇ ਲੋਕਾਂ ਦੇ ਹਿੱਸੇ ਆਉਂਦੀ ਹੈ। ਡਾ. ਰਜਿੰਦਰ ਪਰਸ਼ਾਦ ਸਾਡਾ ਪਹਿਲਾ ਰਾਸ਼ਟਰਪਤੀ, 1939 ਈ. ਵਿੱਚ ਹੀ ਲਿਖ ਗਿਆ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਸੁਤੰਤਰਤਾ ਨੂੰ ਵੀ ਧਰਮ ਦਾ ਇਕ ਜ਼ਰੂਰੀ ਅੰਗ ਸਮਝਦੇ ਸਨ। ਗੁਲਾਮਾਂ ਦਾ ਕੋਈ ਧਰਮ ਨਹੀਂ ਹੁੰਦਾ, ਉਹ ਆਮ ਆਦਮੀ ਜਿਉਂ ਗੰਗਾ ਗਏ ਤਾਂ ਗੰਗਾ ਰਾਮ, ਜਮਨਾ ਗਏ ਤਾਂ ਜਮਨਾ ਦਾਸ ਬਣ ਜਾਂਦੇ ਹਨ। ਸਤਿਗੁਰੂ ਜੀ ਵਿਦਰੋਹੀ ਸਨ। ਉਹਨਾਂ ਨੇ ਆਪਣੇ ਵੇਲੇ ਦੀਆਂ ਪਰਚਲਿਤ ਸੰਸਥਾਵਾਂ ਰਾਜ, ਸਮਾਜ, ਧਰਮ ਦੇ ਤਦੋਕੇ ਸਰੂਪ ਅਤੇ ਇੱਥੋਂ ਤੱਕ ਕੇ ਪਰਿਵਾਰ ਤੋਂ ਵੀ ਵਿਦਰੋਹੀ ਸੁਰ ਅਖ਼ਤਿਆਰ ਕੀਤੀ ਸੀ। ਉੱਚੇ ਜੀਵਨ ਆਦਰਸ਼ਾਂ ਨੂੰ ਪਰਣਾਏ ਮਹਾਂ ਮਾਨਵ, ਸੌੜਿਆਂ ਬੰਧਨਾਂ ਵਿਚ ਬੱਝਣਾ ਨਹੀਂ ਸਵੀਕਾਰ ਕਰਦੇ। ਬਾਬਾ ਜੱਸਾ ਸਿੰਘ ਜੀ ਨੂੰ ਕਹਿਣਾ ਕਿ ਤੁਸੀਂ ਸਮਝਦੇ ਹੋ ਕਿ ਪੁੱਤਰ ਬਣਕੇ ਸਾਡੇ ਘਰ ਜਨਮਿਆ ਹੈ, ਨਹੀਂ ਬਾਬਾ ਜੀ ਅਸੀਂ ਤਾਂ ਆਪਣੀ ਮੌਜ ਨਾਲ ਆਏ ਹਾਂ, ਆਪਣੀ ਮੌਜ ਨਾਲ ਜਾਣਾ ਹੈ ਜਿੱਧਰ ਮਰਜ਼ੀ ਜਾਈਏ।

ਜੇ ਆਪਦੇ ਮਹਿਲ ਮਾਤਾ ਜੱਸਾਂ ਜੀ ਨੇ ਆਪਣੇ ਵਿਹੜੇ ਵਿੱਚ ਪੁੱਤਰ ਖਿਡਾਉਣ ਦੀ ਰੀਝ ਪ੍ਰਗਟ ਕੀਤੀ ਤਾਂ ਉਸ ਨੂੰ, ਸਰਬੱਤ ਨਾਮਧਾਰੀ ਸੰਤ ਖਾਲਸੇ ਨੂੰ ਆਪਣਾ ਪੁੱਤਰ ਸਮਝਣ ਦੀ ਸਲਾਹ ਦਿੱਤੀ। ਇਹ ਵੀ ਫੁਰਮਾਇਆ ਕਿ ਇਹ ਪੁੱਤਰਾਂ ਨਾਲੋਂ ਵੱਧ ਸੁਖ ਦੇਣਗੇ ਵੱਧ ਵਫਾਦਾਰ ਸਿੱਧ ਹੋਣਗੇ। ਸਿੰਘਾਂ ਨਾਲ ਰਿਸ਼ਤਾ ਐਸਾ ਜੋੜਿਆ ਜੋ ਪੁੱਤਰਾਂ ਤੋਂ ਵੀ ਵੱਧ ਪਿਆਰਾ ਸਾਬਤ ਹੋਇਆ। ਸਮਕਾਲੀ ਕਵੀ ਅਗਵਾਹੀ ਦਿੰਦੇ ਹਨ—

"ਸੰਗਤਾਂ ਬਣਾਈਆਂ ਗੁਰੂ ਰਾਮ ਸਿੰਘ ਚਾਰ ਚੱਕ....
ਸਾਹਿਬ ਸਿੰਘ ਲਾਡਲਾ ਸਪੂਤ ਜਾ ਕੋ ਸੁੱਤ ਜੀ।"



Namdhari Elibrary NamdhariElibrary@gmail.com

ਮਲੇਰ ਕੋਟਲਾ ਦੇ ਸ਼ਹੀਦੀ ਜਥੇ ਦੇ ਜਥੇਦਾਰਾਂ, ਭਾਈ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਨੂੰ ਜਦੋਂ ਉਹ ਦੁਨਿਆਵੀ ਰਸਮ ਰਿਵਾਜ ਅਤੇ ਅਦਬ ਅਦਾਬ ਦੀ ਬਿਰਤੀ ਤੋਂ ਉੱਪਰ ਉਠ ਕੇ ਵਿਚਰਦੇ ਹਨ, ਪਹਿਲਾਂ ਨੰਗਲੇ ਦੀ ਢਾਬ ਤੇ ਉਹਨਾਂ ਨੂੰ ਡਾਂਗ ਪਰਸ਼ਾਦ ਵਰਤਾਉਂਦੇ ਹਨ ਫਿਰ ਉਹਨਾਂ ਦਾ ਲੰਗਰ ਪਾਣੀ ਬੰਦ ਕਰਨ ਦਾ ਹੁਕਮ ਦਿੰਦੇ ਹਨ। ਤਿੰਨ ਦਿਨ ਨਾ ਮਸਤਾਨੇ ਸਿੰਘ ਕੁਝ ਛਕਦੇ ਹਨ ਅਤੇ ਨਾ ਹੀ ਸਤਿਗੁਰੂ ਜੀ। ਅਖੀਰ ਇਕ ਗੁਰੂ ਪਿਆਰੇ ਵੱਲੋਂ ਜਦੋਂ ਮਸਤਾਨਿਆਂ ਦੀ ਬਖਸ਼ਬੰਦੀ ਦੀ ਅਰਜ਼ ਪਰਵਾਨ ਹੋਈ ਤਾਂ ਫਿਰ 'ਪਿਉ ਪੁੱਤਰਾਂ' ਨੇ ਇਕੱਠਿਆਂ ਹੀ ਆਪਣਾ ਵਰਤ ਖੋਹਲਿਆ। ਉੱਘਾ ਪੰਜਾਬੀ ਕਵੀ ਵਿਧਾਤਾ ਸਿੰਘ ਤੀਰ ਇਸ ਪਰਸੰਗ ਨੂੰ ਇਕ ਬੜੀ ਪਿਆਰੀ ਕਵਿਤਾ ਵਿਚ, ਕਾਨੀ ਬੰਦ ਕਰ ਗਿਆ ਹੈ—

'ਤੀਰ' ਇਹ ਹੈ ਪਿਆਰ ਦੀ ਉੱਚ ਝਾਕੀ,  
ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ।  
ਸਿੱਖ ਅੰਨ ਬਿਨਾਂ ਜੇ ਰਹੇ ਭੁੱਖਾ,  
ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ।"

ਪਹਿਲਾਂ ਡਾਂਗਾ ਵਰ੍ਹਾਈਆਂ ਫਿਰ ਭਾਈ ਬਖਤੌਰ ਜਾ ਕੇ, ਸੱਜੇ ਪੱਟ ਤੇ ਹੀਰਾ ਸਿੰਘ ਨੂੰ ਅਤੇ ਖੱਬੇ ਪੱਟ ਤੇ ਲਹਿਣਾ ਸਿੰਘ ਨੂੰ ਬਿਠਾ ਕੇ ਉਹ ਪਰਮ ਅਨੰਦ ਬਖਸ਼ਿਆ ਜੋ ਦੁਨੀਆਂ ਦੇ ਵੱਡੇ ਰਾਠਾਂ ਅਤੇ ਸ਼ਾਹਾਂ, ਸੁਲਤਾਨਾਂ ਦੇ ਹਿੱਸੇ ਵੀ ਨਹੀਂ ਆਉਂਦਾ ਹੈ। ਲਾਡ ਮਲ੍ਹਾਰ ਕਰਦਿਆਂ ਦੋਹਾਂ ਨੂੰ ਪੁੱਛਦੇ ਹਨ ਕਿ ਦੱਸੋ ਹੀਰਾ ਸਿੰਘ, ਲਹਿਣਾ ਸਿੰਘ, ਮੈਂ ਤੁਹਾਨੂੰ ਕਿਸ ਗੁਨਾਹ ਬਦਲੇ ਕੁੱਟਿਆ ਸੀ। "ਬਾਪੂ ਜੀ, ਸਾਡੇ ਗੁਨਾਹਾਂ ਦੇ ਤਾਂ ਵੱਗਾਂ ਦੇ ਵੱਗ ਫਿਰਦੇ ਹਨ, ਕੀ ਪਤਾ ਹੈ ਕਿ ਆਪ ਨੂੰ ਕਿਹੜਾ ਗੁਨਾਹ ਪਸੰਦ ਆ ਗਿਆ ਸੀ।" ਇਹ ਹੈ ਉਹ ਉੱਚਾ ਪ੍ਰੇਮ, ਸਿਦਕ ਅਤੇ ਭਰੋਸਾ, ਜੋ ਸਤਿਗੁਰੂ ਰਾਮ ਸਿੰਘ ਜੀ ਨੇ ਹਰ ਕੂਕਾ ਹਿਰਦੇ ਵਿਚ ਭਰਕੇ, ਉਸ ਨੂੰ ਇਤਿਹਾਸ ਦੀ ਧਾਰਾ ਦੇ ਉਲਟ ਠਿੱਲ੍ਹਣ ਦੇ ਯੋਗ ਬਣਾ ਦਿੱਤਾ ਸੀ। ਇਹ ਮਸਤਾਨੇ ਹੀ ਬਾਪੂ ਦੇ ਉਹ ਲਾਡਲੇ ਪੁੱਤਰ, ਸੁਯੋਗ ਵਾਰਿਸ ਸਿੱਧ ਹੋਏ ਜਿਹਨਾਂ ਸਾਕਾ ਰਾਇਕੋਟ ਵਿਚ, ਅੰਗਰੇਜ਼ ਸਰਕਾਰ ਵੱਲੋਂ ਸਤਿਗੁਰੂ ਜੀ ਨੂੰ ਫਾਹੁਣ ਦੀਆਂ ਕੋਸ਼ਿਸ਼ਾਂ, ਬੇਦੋਸ਼ ਸੂਬਾ ਗਿਆਨੀ ਰਤਨ ਸਿੰਘ ਮੰਡੀ ਕਲਾਂ ਨੂੰ, ਜਿਸ ਦੀ ਸ਼ਕਾਇਤ ਤੇ ਮਸਤਾਨਿਆਂ ਨੂੰ ਸੋਧਾ ਲੱਗਾ ਸੀ, ਲੁਧਿਆਣੇ ਰਤਨ ਸਿੰਘ ਨਾਈ ਵਾਲੇ ਨਾਲ ਸ਼ਹੀਦ ਕਰਨਾ, ਨਾਮਧਾਰੀ ਦੀਵਾਨਾਂ ਅਤੇ ਸਤਿਗੁਰੂ ਜੀ ਦੇ ਪਰਚਾਰ ਦੌਰਿਆਂ ਤੇ ਰੋਕਾਂ ਲਾਉਣ ਦੇ ਪ੍ਰਤੀਕਰਮ ਵਜੋਂ, ਪਹਿਲੇ ਸ਼ਹੀਦੀ ਸਾਕਿਆਂ ਦੇ ਵਿਪਰੀਤ ਚੜ੍ਹਦੇ ਦਿਨ ਦੀ ਰੋਸ਼ਨੀ ਵਿਚ ਅੰਗਰੇਜ਼ੀ ਛਤਰ ਛਾਇਆ ਹੇਠਲੀ ਮਲੇਰਕੋਟਲਾ ਰਿਆਸਤ ਤੇ ਹਮਲਾ ਕਰਕੇ, ਵਿਦੇਸ਼ੀ ਸਰਕਾਰ ਦੇ ਪੈਰਾਂ ਹੇਠੋਂ ਧਰਤੀ ਖਿਸਕਾਉਣ ਦਾ ਕਾਰਜ ਅਰੰਭ ਦਿਤਾ ਸੀ। ਲਾਟ ਪੰਜਾਬ ਨੇ, ਜੋ ਉਦੋਂ ਦਿੱਲੀ ਦੇ ਸ਼ਾਹੀ ਦਰਬਾਰ ਵਿਚ ਜਸ਼ਨ ਮਨਾ ਰਿਹਾ ਸੀ, ਹਿੰਦ ਸਰਕਾਰ ਨੂੰ ਲਿਖਿਆ ਜਦੋਂ ਤੱਕ ਕੂਕਾ ਲਹਿਰ ਦੇ ਮੁਖੀ, ਸਤਿਗੁਰੂ ਰਾਮ ਸਿੰਘ ਅਤੇ ਹੋਰ ਆਗੂ ਖੁੱਲ੍ਹੇ ਫਿਰਦੇ ਹਨ। ਪੰਜਾਬ ਸਾਡੇ ਲਈ ਸੁਰੱਖਿਅਤ ਖਿੱਤਾ ਨਹੀਂ ਰਿਹਾ ਤੇ ਬਾਪੂ ਜੀ ਦੇ ਇਹ ਲਾਡਲੇ ਪੁੱਤਰ, ਕਾਰਾ ਕਰਕੇ, ਰੜ ਪਿੰਡ ਦੇ ਥੇਹ ਤੇ ਬਰਛੀ ਗੱਡ ਕੇ, ਬਾਣੀਆਂ ਪੜ੍ਹਦੇ, ਦੇਗਾਂ ਸਾਜਦੇ, 'ਸਿੰਘਾਂ ਦੀ ਗੀਤੀ ਵਰਨ ਵਾਲੇ' ਖੂੰਖਾਰ ਸਮੇਂ ਦਾ, ਹਾਸੇ ਠੱਠੇ ਨਾਲ ਇੰਤਜ਼ਾਰ ਕਰਦੇ ਹਨ। ਤੋਪਾਂ ਨਾਲ ਉਡਾਉਣ ਤੋਂ ਪਹਿਲਾਂ ਲੁਧਿਆਣਾ ਦਾ ਡੀ.ਸੀ. ਕਾਵਨ, ਜੋ ਰਿਆਸਤ ਦਾ ਕੰਮ ਇਸ ਸਮੇਂ ਵੇਖਦਾ ਸੀ ਕਹਿੰਦਾ ਹੈ "ਹੀਰਾ ਸਿੰਘ ਤੁਮਨੇ ਦੰਗਾ ਕੀਆ।" ਹੀਰਾ ਸਿੰਘ ਕਹਿੰਦੇ ਹਨ— "ਅਸੀਂ ਤੁਹਾਡਾ ਰਾਜ ਨਹੀਂ ਚਾਹੁੰਦੇ ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ।" ਬੇਸ਼ਕ ਸ੍ਰੀ ਸਤਿਗੁਰੂ ਜੀ ਅਹਿੰਸਾ ਦੇ ਅਵਤਾਰ ਹਨ ਅਤੇ ਧਰਤੀ ਦੇ ਹਰ ਜੀਵ ਜੰਤੂ ਦੀ ਸੁਖ ਮੰਗਣ ਵਾਲੇ ਪਰ ਜਦੋਂ ਰਾਇਕੋਟ ਵਿਚ, ਉਹਨਾਂ ਦੇ ਕੌਮੀ ਪਰਵਾਨਿਆਂ ਦੀ, ਗਊ ਘਾਤੀਆਂ ਦੇ ਸਫਾਏ ਦੀ ਘਟਨਾ ਦੀ ਨਖੇਧੀ ਕਰਨ ਲਈ, ਅੰਬਾਲੇ ਦੇ ਕਮਿਸ਼ਨਰ ਨੇ ਕਿਹਾ ਤਾਂ ਇਸ ਤੋਂ ਇਨਕਾਰ ਕਰਕੇ, ਆਪ ਦਾ ਅਸ਼ੀਰਵਾਦ ਪਰਾਪਤ ਸੀ। ਆਪਣੇ ਸਿਰਾਂ ਤੋਂ ਪਾਰ ਲੰਘ ਜਾਣ ਵਾਲੇ ਸਿੰਘਾਂ ਜਿਹਨਾਂ ਦੀ ਹੋਣੀ ਬਾਰੇ ਹੁਣ ਕੋਈ ਭੁਲੇਖਾ ਨਹੀਂ ਸੀ, ਉਹਨਾਂ ਦੀ ਕਾਰਵਾਈ ਦੀ ਅਲੋਚਨਾ ਕਰਕੇ, ਸਤਿਗੁਰੂ ਜੀ 'ਪਿਉ-ਪੁੱਤਰਾਂ' ਜਾਂ 'ਗੁਰੂ ਅਤੇ ਸੰਗਤ' ਦੇ ਰਿਸ਼ਤੇ ਵਿਚਾਲੇ ਕੋਈ ਲਕੀਰ ਨਹੀਂ ਖਿੱਚਣੀ ਚਾਹੁੰਦੇ ਸਨ। ਇਸੇ ਪਰਸੰਗ ਵਿਚ ਆਪ ਦੀ ਮਹਾਨਤਾ ਝਲਕਦੀ ਹੈ।

ਸਤਿਗੁਰੂ ਜੀ ਸਿਆਹੜ ਬੈਠੇ ਹਨ। ਤੋਪ ਸਾਕੇ ਦੇ ਪਹਿਲੇ ਦਿਨ ਪਿਛਲੇ ਪਹਿਰ ਤੋਪਾਂ ਦੇ ਫ਼ਾਇਰ ਦੀ ਆਵਾਜ਼ ਪੁੱਜਦੀ ਹੈ। ਸੂਬਾ ਕਾਹਨ ਸਿੰਘ ਜੀ ਨੂੰ ਹੁਕਮ ਕੀਤਾ— 'ਕਾਹਨ ਸਿੰਘ ਦੇਖ ਤਾਂ ਤੋਪ ਭਰਮਾਰ ਹੈ।' ਆਪ ਬੇਲਾ ਸਿੰਘ ਨਾਮਧਾਰੀ ਦੇ ਘਰ ਠਹਿਰੇ ਸਨ 16 ਜਨਵਰੀ 1872 ਦੀ ਰਾਤ ਅਤੇ 17 ਜਨਵਰੀ ਬਾਦ ਦੋਪਹਿਰ ਤੱਕ। ਸਿੰਘਾਂ ਤੇ ਤੋਪਾਂ ਚੱਲਣੀਆਂ ਸ਼ੁਰੂ ਹੋਈਆਂ। ਕਾਹਨ ਸਿੰਘ ਦੇ ਕਹਿਣ ਤੇ ਕਿ 'ਭਰਮਾਰ ਹੈ' ਫ਼ੁਰਮਾਇਆ ਇਹ ਮੇਰੇ ਲਾਡਲਿਆਂ ਤੇ ਹੀ ਚੱਲਦੀਆਂ ਹਨ। "ਸਤਿਗੁਰੂ ਜੀ ਬਚਨ ਕੀਤਾ ਸਿੰਘ ਚੜ੍ਹ ਗਏ ਹੈਂ, ਨਹੀਂ ਤਾਂ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ। ਬਚਨ ਹੋਇਆ ਦੋਇ ਸ਼ਸ਼ਤਰ ਹੈਂ— ਇਕ ਤਾਂ



Namdhari Elibrary NamdhariElibrary@gmail.com

ਨੀਵਾਂ ਹੋਇ ਜਾਣਾ, ਦੂਜਾ ਏਹੁ ਹੈ ਜੋ ਹਾਥ ਮੈਂ ਆਇ ਜਾਏ ਭਾਂਵੇਂ ਛਿੱਤਰ ਹੀ ਤਾਂ ਅੱਗੇ ਨੂੰ ਜਾਏ ਪਿਛੇ ਨਾ ਮੁੜੇ। ਅੱਗੇ ਨੂੰ ਜਾਣਾ ਸੂਰਮੇ ਦਾ ਧਰਮ ਹੈ ਪਰ ਨਿਮਖੀ ਕਾ ਸ਼ਾਸ਼ਤਰ ਬੱਡਾ ਹੈ"।

ਉਸੇ ਸ਼ਾਮ ਖਾਉ ਪੀਏ ਨੂੰ, ਸ੍ਰੀ ਭੈਣੀ ਸਾਹਿਬ ਪੁੱਜ ਕੇ ਅਜੇ ਘੋੜਿਆਂ ਤੋਂ ਉੱਤਰ ਹੀ ਰਹੇ ਹਨ ਕਿ ਦੋ ਪੁਲਿਸ ਇੰਸਪੈਕਟਰ, ਸਰਕਾਰੀ ਅਮਲਾ ਫੈਲਾ ਲੈ ਕੇ, ਆਉਣ ਤੋਂ ਪਹਿਲਾਂ, ਕੁਹਾੜਾ ਨਾਂ ਦੇ ਸਥਾਨ ਤੇ ਫੌਜ ਦਾ ਤੋਪਖਾਨਾ ਤਾਈਨਾਤ ਕਰਕੇ, ਸੁਨੇਹਾ ਦਿੰਦੇ ਹਨ ਕਿ ਲੁਧਿਆਣੇ ਆਪ ਨੂੰ ਯਾਦ ਕੀਤਾ ਹੈ ਵੱਡੇ ਗੋਰੇ ਨੇ। ਸਤਿਗੁਰੂ ਜੀ ਜਿਸ ਵਕਤ ਬਾਰੇ, ਸੈਨਿਕ ਜੀਵਨ ਸਮੇਂ ਤੋਂ ਅਤੇ ਹੋਰ ਅਨੇਕ ਵੇਰ, ਆਪਣੇ ਕਾਰਜ ਪ੍ਰਤੀ ਅੰਗਰੇਜ਼ ਸਰਕਾਰ ਦੇ ਰਵੱਈਏ ਨੂੰ ਭਾਂਪਦੇ ਹੋਏ, ਕਿਹਾ ਕਰਦੇ ਸਨ ਕਿ ਸਾਨੂੰ ਬਿੱਲੇ ਲੈ ਜਾਣਗੇ, ਉਸ ਵਕਤ ਨੂੰ ਆਇਆ ਜਾਣ ਕੇ ਫੁਰਮਾਉਂਦੇ ਹਨ "ਏਨੇ ਤਾਮ ਝਾਮ ਦੀ ਕੀ ਲੋੜ ਸੀ ਸਾਨੂੰ ਤਾਂ ਤੁਸੀਂ ਕਿਸੇ ਸਫਾਈ ਸੇਵਕ ਦੇ ਹੱਥ ਵੀ ਸੁਨੇਹਾ ਭੇਜਦੇ ਅਸੀਂ ਆ ਜਾਣਾ ਸੀ। "ਸਤਿਗੁਰੂ ਜੀ ਬਚਨ ਕੀਤਾ ਅਸੀਂ ਬੈਠ ਤਾਂ ਨਹੀਂ ਰਹਿਣਾ ਹੈ। ਅਸੀਂ ਤੇ ਖੇਡ ਕਰਨ ਆਏ ਹੈ। ਅਸਾਂ ਤਾਂ ਜਾਣਾ ਈ ਸੀ। ਕਦਕ ਤਾਈਂ ਬੈਠਣਾ ਸੀ। ਸਾਡੇ ਤੁਰੇ ਬਗੈਰ ਕਾਰ ਨਹੀਂ ਤੁਰਨੀ ਹੈ। ਅਸੀਂ ਤੁਰਾਂਗੇ ਤਾਂ ਕਾਰ ਤੁਰਨੀ ਹੈ। ਹੈ ਬੀ ਠੀਕ ਜੋ ਜਿਸ ਕੰਮ ਨੂੰ ਆਉਂਦਾ ਹੈ ਜ਼ਰੂਰ ਕਰਨਾ ਪੈਂਦਾ ਹੈ। ਅਸੀਂ ਏਸੇ ਕੰਮ ਨੂੰ ਆਏ ਹੈਂ।" ਕੌਮੀ ਮੁਕਤੀ ਅਤੇ ਆਮ ਜਨ ਦੀ ਬੰਦ ਖਲਾਸੀ ਨੂੰ, ਆਪ ਜੀ ਨੇ ਆਪਣੇ ਜੀਵਨ ਦਾ ਉਚੇਰਾ ਲਕਸ਼ ਮਿਥ ਲਿਆ ਸੀ। ਇਸ ਰਾਹ ਦੇ ਪਾਂਧੀਆਂ ਨੂੰ ਜੋ ਜੋ ਮੁਸੀਬਤਾਂ ਆਉਂਦੀਆਂ ਹਨ, ਉਹਨਾਂ ਤੋਂ ਆਪ ਭਲੀ ਭਾਂਤ ਪਰਿਚਿਤ ਸਨ। ਕੁਠਾਲੀ ਵਿਚ ਪਏ ਸੋਨੇ ਜਿਉਂ ਹਰ ਰੋਕਾਂ ਰੁਕਾਵਟਾਂ ਵਿਚੋਂ, ਆਪ ਦੀ ਮਹਿਮਾ, ਹੋਰ ਦੂਣ ਸਵਾਈ ਹੋ ਕੇ ਨਿਕਲੀ। ਅਲਾਹਬਾਦ ਕਿਲੇ ਤੋਂ ਜਦੋਂ ਰੰਗੂਨ ਭੇਜਣ ਲਈ, ਕਲਕੱਤੇ ਦੀ ਬੰਦਰਗਾਹ ਤੇ ਪੁੱਜੇ ਤਾਂ ਲਾਟ ਬੰਗਾਲ ਜਹਾਜ਼ ਤੇ ਚੜ੍ਹਨ ਸਮੇਂ, ਆਪ ਦੀ ਅਗਵਾਨੀ ਲਈ ਆਇਆ ਅਤੇ ਕਹਿਣ ਲੱਗਾ— "ਬਾਬਾ ਰਾਮ ਸਿੰਘ, ਕੈਸੇ ਹੋ?" ਆਪ ਨੇ ਬੜੀ ਚੜ੍ਹਦੀ ਕਲਾ ਵਿਚ ਉੱਤਰ ਦਿਤਾ—"ਸਾਹਿਬ ਗੁਰੂ ਨਾਨਕ ਮਿਹਰ ਕਰੇ, ਕਦੇ ਉਹ ਸਮਾਂ ਆਵੇ ਜਦੋਂ ਤੁਹਾਨੂੰ ਵੀ ਤੁਹਾਡੇ ਆਪਣਿਆਂ ਤੋਂ ਨਖੇੜ ਕੇ, ਅੱਗੇ ਪਿਛੇ ਤਾਇਨਾਤ ਗਾਰਦਾਂ ਦੀਆਂ ਸੰਗੀਨਾਂ ਦੇ ਸਾਏ ਵਿਚੋਂ, ਗੁਜ਼ਾਰਿਆ ਜਾਏ ਤਾਂ ਫਿਰ ਅਸੀਂ ਪੁੱਛੀਏ, "ਸਾਹਿਬ! ਸੁਣਾਉ ਕੈਸੇ ਹੋ।"

ਘੋਰ ਅਮਲੀਆਂ ਅਤੇ ਪਤਿਤ ਹੋ ਚੁੱਕੇ ਲੋਕਾਂ ਨੇ ਜਦੋਂ ਆਪ ਦੀ ਛੋਹ ਪਾਈ ਤਾਂ ਉਹਨਾਂ ਦੇ ਜੀਵਨ ਦੀ ਦਸ਼ਾ ਅਤੇ ਦਿਸ਼ਾ ਬਦਲ ਗਈ। ਭਾਈ ਦਰਬਾਰਾ ਸਿੰਘ ਜੋ ਸਭਰਾਵਾਂ ਦੀ ਜੰਗ ਵਿਚ, ਅਨੇਕ ਡੁੱਬਦੇ ਸਿੱਖ ਸੈਨਿਕਾਂ ਨੂੰ, ਆਪਣੇ ਘੋੜੇ ਦੁਆਰਾ ਬਚਾਉਣ ਵਿਚ ਸਫਲ ਹੋਏ, ਘਰ ਆ ਕੇ ਰਾਜ ਭਾਗ ਖੁੱਸਣ ਦੀ ਨਿਰਾਸ਼ਤਾ ਵਿਚ, ਅਫੀਮ ਦੇ ਘੋਰ ਅਮਲੀ ਹੋ ਗਏ ਸਨ। ਸਤਿਗੁਰੂ ਜੀ ਨੇ ਜਦੋਂ ਇਕ ਵੇਰ ਇਤਨਾ ਹੀ ਕਿਹਾ ਕਿ ਸਿੱਟ ਦੇ ਦਰਬਾਰਿਆ ਡੱਬੀ ਤਾਂ ਮੁੜਕੇ ਸਾਰੀ ਉਮਰ ਅਫੀਮ ਨੂੰ ਜੀਭ ਤੇ ਨਹੀਂ ਧਰਿਆ। ਸਤਿਗੁਰੂ ਜੀ ਦੇ ਰੰਗੂਨ ਜਾ ਕੇ ਦਰਸ਼ਨ ਕਰਨ ਵਾਲੇ ਅਤੇ ਗੁਰੂ ਹਰੀ ਸਿੰਘ ਨੂੰ ਪੰਥ ਦੀ ਵਾਗਡੋਰ ਸੰਭਾਲਣ ਵਾਲਾ ਹੁਕਮਨਾਮਾ ਲੈ ਕੇ ਆਉਣ ਵਾਲੇ, ਉਹ ਪਹਿਲੇ ਨਾਮਧਾਰੀ ਸਿੰਘ ਸਨ। ਇਸੇ ਪਿੰਡ ਦਾ ਹੀ ਧੌਂਕਲ ਸਿੰਘ ਵੀ ਪਹਿਲੇ ਜੀਵਨ ਵਿਚ ਹਰ ਪਰਕਾਰ ਦਾ ਨਸ਼ਾ ਕਰਦਾ ਸੀ, ਕੂਕਾ ਬਣਦਿਆਂ ਹੀ ਨਸ਼ਾ ਮੁਕਤ ਹੋ ਕੇ, ਇਤਨੇ ਵੱਡੇ ਕਾਰਨਾਮੇ ਕੀਤੇ ਕਿ ਅੰਗਰੇਜ਼ ਸਰਕਾਰ ਨੇ ਇਸ ਨੂੰ ਫੜਨ ਸਾਰ ਹੀ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ ਸੀ ਅਤੇ ਮੁੜ ਕੇ ਉਹਨਾਂ ਨੂੰ ਕਾਲੇ ਪਾਣੀ ਭੇਜ ਦਿੱਤਾ। ਨਸ਼ਾ ਮੁਕਤੀ ਦੇ ਨਾਲ-ਨਾਲ, ਕਰਜ਼ਾ ਮੁਕਤੀ ਮੁਹਿੰਮ ਵੀ ਸਤਿਗੁਰੂ ਜੀ ਨੇ ਵਿੱਢੀ। ਉਹਨਾਂ ਸਮਰੱਥਾਵਾਨ ਸਿੱਖਾਂ ਸੇਵਕਾਂ ਨੂੰ ਕਿਹਾ ਕਿ ਉਹ ਗਰੀਬਾਂ ਤੋਂ ਨਾ ਤਾਂ ਵਿਆਜ ਲੈਣ ਅਤੇ ਨਾ ਹੀ ਲੋੜਵੰਦਾਂ ਨੂੰ ਡੂਢੀ ਸਵਾਈ ਜਿਨਸ ਦੇ ਹਿਸਾਬ ਦਾਣੇ ਦੇਣ। ਉਹਨਾਂ ਦੇ ਸਮਾਜਿਕ ਆਰਥਿਕ ਸੁਧਾਰਾਂ ਦੇ ਏਜੰਡੇ ਬਾਰੇ 'ਇਤਿਹਾਸਕਾਰ' ਨਾਹਰ ਸਿੰਘ ਇਸ ਤਰ੍ਹਾਂ ਲਿਖਦੇ ਹਨ—

"ਆਪ ਜੀ ਦਾ ਇਹ ਪੱਕਾ ਨਿਸ਼ਚਾ ਸੀ, ਕਿ ਕੋਈ ਭੀ ਦੇਸ਼ ਜਾਂ ਕੌਮ ਸਿਆਸੀ ਤੌਰ ਤੇ ਪਰਾਧੀਨ ਰਹਿ ਕੇ ਆਤਮਿਕ, ਸਮਾਜਿਕ ਅਤੇ ਆਰਥਿਕ ਤਰੱਕੀ ਨਹੀਂ ਕਰ ਸਕਦੀ। ਕੌਮੀ ਤਰੱਕੀ ਲਈ ਸਭ ਤੋਂ ਪਹਿਲੋਂ ਇਹ ਜ਼ਰੂਰੀ ਹੈ ਕਿ ਸਮਾਜ ਦਾ ਹਰ ਇਕ ਇਨਸਾਨ, ਆਪਣੀ ਰੋਜ਼ੀ ਕਮਾਉਣ ਦੇ ਵਸੀਲਿਆਂ ਵਿਚ ਕਿਸੇ ਹੋਰ ਦਾ ਦਾਸ ਨਾ ਹੋਵੇ। ਉਸ ਪਾਸ ਸ਼ਰੀਰਕ ਬਲ, ਅਕਲ, ਸਾਹਸ, ਨਰੋਆ ਸ਼ਰੀਰ, ਮਿਹਨਤ ਕਰਨ ਦੀ ਆਦਤ ਹੁੰਦਿਆਂ ਹੋਇਆਂ, ਉਹ ਉਪਜੀਵਿਕਾ ਹਾਸਲ ਕਰਨ ਲਈ ਕਿਸੇ ਧਨਾਢ ਅਤੇ ਸ਼ਾਹੂਕਾਰ ਦਾ ਮੁਥਾਜ ਨਾ ਹੋਵੇ। ਆਪ ਜੀ ਦਾ ਉਪਦੇਸ਼ ਸੀ ਕਿ ਹਰ ਇਕ ਆਦਮੀ ਹੱਥੀਂ ਮਿਹਨਤ ਕਰਕੇ ਜੀਵਨ ਬਿਤਾਵੇ। ਕੋਈ ਵੇਹਲਾ ਨਾ ਰਹੇ। ਨਾ ਹੀ ਧਰਮ ਦੇ ਨਾਮ ਤੇ ਅਤੇ ਨਾ ਹੀ ਧਨੀ ਹੋਵਣ ਦੀ ਹੈਸੀਅਤ ਵਿਚ। ਧੋਖੇ ਨਾਲ ਧਨ ਇੱਕਠਾ ਕਰਕੇ ਇਤਨੇ ਉੱਚੇ ਬਣਨ ਦੀ ਕੋਸ਼ਿਸ਼ ਨਾ ਕਰੋ ਕਿ ਨਾਲ ਰਹਿਣ ਵਾਲੇ ਹਜ਼ਾਰਾਂ ਗ਼ਰੀਬਾਂ ਦੀਆਂ ਟੁੱਟੀਆਂ ਛੰਨਾਂ ਦੇ ਕੋਲ, ਤੁਹਾਡਾ ਹੀ ਇਕੋ ਇਕ ਮਹਿਲ ਹੋਵੇ। ਇਸ ਕੋਸ਼ਿਸ਼ ਵਿਚ ਜੀਵਨ ਬਤੀਤ ਨਾ



Namdhari Elibrary NamdhariElibrary@gmail.com

ਕਰੋ ਕਿ ਸਭ ਦਾ ਧਨ ਇੱਕਠਾ ਕਰਕੇ, ਧਜਾਂ ਲਾ ਕੇ, ਉਸ ਉਪਰ ਜੋਤਾਂ ਜਗਾਈਆਂ ਜਾਣ। ਸਗੋਂ ਇਹ ਉੱਦਮ ਕਰੋ ਕਿ ਗ਼ਰੀਬ ਬੰਦੇ ਦਰਿੱਦਰਤਾ ਦੇ ਚਿੱਕੜ ਵਿਚੋਂ ਨਿਕਲ ਕੇ, ਇਨਸਾਨੀ ਭਾਈਚਾਰੇ ਵਿਚ ਤੁਹਾਡੇ ਨਾਲ ਇਕ ਸਨਮਾਨ ਵਾਲੀ ਥਾਂ ਤੇ ਖਲੋ ਸਕਣ। ਧਨ, ਜਾਇਦਾਦ, ਵਿਦਿਆ, ਜਪ, ਤਪ, ਭਜਨ ਬੰਦਗੀ ਆਦਿ ਤੋਂ ਪ੍ਰਾਪਤ ਫੋਕੀ ਵਡਿਆਈ ਨੂੰ ਤੋੜਨ ਲਈ, ਇਹ ਰਿਵਾਜ ਚਲਾਇਆ ਕਿ ਮਿਲਣ ਸਮੇਂ ਇਕ ਨਾਮਧਾਰੀ, ਦੂਸਰੇ ਨਾਮਧਾਰੀ ਦੇ ਚਰਨਾਂ ਨੂੰ ਜ਼ਰੂਰ ਹੱਥ ਲਾਵੇ। ਆਪ ਜੀ ਦੇ ਖਿਆਲਾਂ ਅਨੁਸਾਰ ਸਮਾਜ ਸਮਾਨਤਾ ਦਾ ਯੁੱਗ ਲਿਆਉਣ ਲਈ ਇਹ ਜ਼ਰੂਰੀ ਹੈ ਕਿ ਵੱਡਿਆਂ ਨੂੰ ਨੀਵੀਂ ਪੱਧਰ ਤੇ ਲਿਆਂਦਾ ਜਾਵੇ ਅਤੇ ਨੀਵਿਆਂ ਨੂੰ ਚੁੱਕ ਕੇ ਉੱਚੀ ਥਾਂ ਤੇ ਲਿਆ ਖੜ੍ਹਾ ਕੀਤਾ ਜਾਵੇ।

ਸ੍ਰ. ਕਪੂਰ ਸਿੰਘ ਆਈ. ਸੀ. ਐਸ ਲਿਖਦਾ ਹੈ— "ਜਾਤੀ ਤੇ ਜਨਤਾ ਦੇ ਆਤਮਿਕ ਤੌਰ ਤੇ ਸਾਰੇ ਕਰਮਾਂ ਤੇ ਬੰਧਨਾਂ ਨੂੰ ਤੋੜ ਕੇ, ਉਸ ਨੂੰ ਉਨਤੀ ਦੀ ਸਿਖਰ ਤੇ ਲੈ ਜਾਣ ਵਾਲਾ", "ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ ਵਿਚ", "ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼, ਬਾਬਾ ਰਾਮ ਸਿੰਘ ਹੀ ਹੋਇਆ ਹੈ।"…. "ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ, ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ ਜਿਹਨਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ, ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ, ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜ੍ਹਾ ਕਰ ਦੇਂਦਾ ਹੈ।"

ਇਕ ਗ਼ਰੀਬ ਸਿੱਖ ਸਤਿਗੁਰੂ ਜੀ ਨੂੰ ਅਰਜ਼ ਕਰਦਾ ਹੈ, ਜੀ ਮੇਰਾ ਵੀ ਬੜਾ ਜੀਅ ਕਰਦਾ ਹੈ ਘਰ ਵਿਚ ਸਾਧ ਸੰਗਤ ਦੇ ਚਰਨ ਪੁਆਉਣ ਨੂੰ ਪਰ ਤੌਫੀਕ ਨਹੀਂ, ਮਾੜਾ ਸਿੱਖ ਹਾਂ। ਆਪ ਨੇ ਫੁਰਮਾਇਆ, "ਭਾਈ ਘਰ ਆਏ ਸਿਖ ਨੂੰ ਜਲ ਦਾ ਛੰਨਾ ਛਕਣ ਲਈ ਦੇ ਕੇ, ਬਹਿਣ ਲਈ ਜਗ੍ਹਾ ਦੇ ਦਿਉ। ਤੁਹਾਡੀ ਸੇਵਾ ਪਰਵਾਨ ਹੋ ਜਾਏਗੀ।" ਸਰਦਾਰ ਮੰਗਲ ਸਿੰਘ ਬਿਸ਼ਨਪੁਰੀਏ ਨੇ ਇਕ ਵੇਰ ਪੰਜ ਸੌ ਰੁਪੈ ਮੱਥਾ ਟੇਕਿਆ ਤਾਂ ਆਪ ਨੇ ਕਿਹਾ— "ਮੰਗਲ ਸਿੰਘ, ਗੁਰੂ ਧਨ ਨਾਲ ਨਹੀਂ ਰੀਝਦਾ, ਸਿਦਕ ਸੰਤੋਖ ਨਾਲ ਰੀਝਦਾ ਹੈ।" ਇਸੇ ਸਰਦਾਰ ਦੀ ਭੂਆ ਭਰਤਪੁਰ ਦੇ ਰਾਜ ਘਰਾਣੇ ਵਿਚ ਵਿਆਹੀ ਸੀ। ਮੰਗਲ ਸਿੰਘ ਨੂੰ ਉਸ ਪਾਸੋਂ ਇਕ ਵੇਰ ਬਹੁਤ ਧਨ ਪਦਾਰਥ ਮਿਲਿਆ ਜਿਸ ਵਿਚੋਂ ਇਕ ਲੱਖ ਰੁਪੈ, ਸਤਿਗੁਰੂ ਜੀ ਨੂੰ ਮੱਥਾ ਟੇਕ ਦਿੱਤਾ। ਆਪ ਜੀ ਨੇ ਇਹ ਕਹਿਕੇ ਪਰਵਾਨ ਨਾ ਕੀਤਾ ਕਿ ਰਾਜਿਆਂ ਦਾ ਧਨ ਗ਼ਰੀਬਾਂ ਦਾ ਨਚੋੜਿਆ ਖ਼ੂਨ ਹੁੰਦਾ ਹੈ ਇਹ ਸੰਗਤ ਦੇ ਵਰਤਣ ਲਾਇਕ ਨਹੀਂ। ਪਰਦੇਸ ਗਵਨ ਵਾਲੇ ਸਾਕੇ ਤੋਂ ਪਹਿਲਾਂ ਜਿਹਨਾਂ ਸਿੰਘਾਂ ਨੇ ਆਵੇ ਲਾਏ ਸਨ ਹਵੇਲੀਆਂ ਛੱਤਣ ਲਈ, ਦਰਵਾਜੇ ਪਾਉਣ ਲਈ ਉਹਨਾਂ ਨੂੰ ਰੋਕ ਦਿਤਾ ਕਿ ਹੁਣ ਭਾਣੇ ਦਾ ਸਮਾਂ ਨੇੜੇ ਹੈ। ਇਹ ਕੰਮ ਨਹੀਂ ਕਰਨੇ ਮਿਲਣੇ। ਮੰਗਲ ਸਿੰਘ ਸਰਦਾਰ ਬਿਸ਼ਨਪੁਰੇ ਨੇ ਵੀ ਆਵੀ ਲਾਈ ਸੀ ਨਵੀਂ ਉਸਾਰੀ ਲਈ। ਉਸਨੂੰ ਸ੍ਰੀ ਭੈਣੀ ਸਾਹਿਬ ਮੰਗਵਾ ਕੇ ਪਰਦੇਸ ਗਵਨ ਤੋਂ ਪਹਿਲਾਂ ਉਹ ਵੱਡਾ ਖੂਹ ਜੋ ਲੰਗਰ ਦੇ ਪੁਰਾਣੇ ਦਰਵਾਜ਼ੇ ਪਾਸ ਸੀ ਲੁਆ ਦਿਤਾ ਜਿੱਥੋਂ ਬਿਪਤਾ ਕਾਲ ਵਿਚ, ਸੰਗਤ ਲੋੜਾਂ ਪੂਰੀਆਂ ਕਰਦੀ ਹੀ ਰਹੀ, ਅੱਜ ਵੀ ਉਸਦਾ ਜਲ ਛਕਿਆ ਜਾਂਦਾ ਹੈ। ਉਤਮ ਸਿੰਘ ਲੰਬੜਦਾਰ ਰਾਇਸਰ ਅਤੇ ਕਾਹਨ ਸਿੰਘ ਬਾਜਾਖਾਨਾ ਨੂੰ ਵੀ ਆਉਣ ਵਾਲੇ ਭਾਣੇ ਦੇ ਮੱਦੇ ਨਜ਼ਰ, ਉਸਾਰੀ ਕਰਨ ਤੋਂ ਰੋਕ ਦਿਤਾ। ਉਸ ਸਮੇਂ ਸਤਿਗੁਰੂ ਜੀ ਦੇ ਪ੍ਰੇਮ ਵਿਚ ਅਤੇ ਵੈਰਾਗ ਵਿਚ ਬਹੁਤ ਸਾਰੇ ਕੂਕਿਆਂ ਨੇ ਜ਼ਮੀਨਾਂ ਜਾਇਦਾਦਾਂ ਵੇਚ ਕੇ, ਮਾਇਆ ਸ੍ਰੀ ਭੈਣੀ ਸਾਹਿਬ ਦੇ ਲੰਗਰ ਵਿਚ ਪਾ ਦਿਤੀ ਅਤੇ ਆਪਣੇ ਆਪ ਨੂੰ ਮੁਕੰਮਲ ਤੌਰ ਤੇ ਕੂਕਾ ਕਾਜ ਲਈ ਸਮਰਪਿਤ ਕਰ ਦਿੱਤਾ। ਇਸ ਤਰ੍ਹਾਂ ਨਾਮਧਾਰੀ ਆਪਣੀ ਭਾਈਚਾਰਕ ਸਾਂਝ ਵੀ ਮਜ਼ਬੂਤ ਕਰ ਰਹੇ ਸਨ ਅਤੇ ਗੁਰੂਆਂ ਦੇ ਸੰਗਤ ਪੰਗਤ ਦੇ ਸਿਧਾਂਤ ਨੂੰ ਵੀ ਲਾਗੂ ਕਰ ਰਹੇ ਸਨ। ਉਂਜ ਸਤਿਗੁਰੂ ਜੀ ਵੱਲੋਂ ਗੁਰੂ ਹਰੀ ਸਿੰਘ ਜੀ ਨੂੰ ਅਤੇ ਸਮੁੱਚੀ ਨਾਮਧਾਰੀ ਸੰਗਤ ਨੂੰ ਅਜੇਹੇ ਸਿੰਘਾਂ ਦੀ ਪਰਵਰਸ਼ ਕਰਨ ਦਾ ਧਿਆਨ ਰੱਖਣ ਲਈ ਵੀ ਕਿਹਾ ਜਾਂਦਾ ਸੀ। ਹੁਕਮਨਾਮਾ ਨੰ: ੩੧ ਵਿਚ ਆਪ ਦਾ ਫਰਮਾਨ ਹੈ—

ਹੋਰ ਭਾਈ ਲਾਲ ਸਿੰਘ ਗੁਮਟੀ ਬਾਲੇ ਦੀ ਪ੍ਰਵਸਤੀ (ਭਾਵ ਪਰਵਰਿਸ਼) ਰੱਖਣੀ ਸਾਰੀ ਸੰਗਤਿ ਨੇ। ਲਾਲ ਸਿੰਘ ਨੇ ਮਸਤਾਨੇ ਹੋ ਕੇ ਜਮੀਨ ਬੇਚਕੇ ਸਾਧ ਸੰਗਤਿ ਨੂੰ ਛਕਾਇ ਦਿਤੀ। ਪਟਿਆਲੇ ਬਾਲਿਆ ਨੇ ਨਾਮਾ ਕਟ ਦਿਤਾ, ਕੋਈ ਰੁਜ਼ਗਾਰ ਰਹਿਆ ਨਹੀਂ। ਭਾਈ ਲਾਲ ਸਿੰਘ ਕੋ ਕੇ ਤਾ ਸੰਗਤ ਦਾ ਆਸਰਾ ਹੈ ਕੇ ਗੁਰੂ ਜੀ ਦਾ ਆਸਰਾ ਹੈ। ਅਰ ਸਿੰਘ ਬਹੁਤ ਚੰਗਾ ਹੈ ਭਾਈ ਲਾਲ ਸਿੰਘ।

ਜਿਹੋ ਜਿਹੀਆਂ ਕੁਰਬਾਨੀਆਂ ਸੰਨ 1870-72 ਤੋਂ ਲੈ ਕੇ ਵੀਹਵੀਂ ਸਦੀ ਦੇ ਪਹਿਲੇ ਤਿੰਨ ਚਾਰ ਦਹਾਕਿਆਂ ਵਿਚ,



Namdhari Elibrary NamdhariElibrary@gmail.com

ਕੂਕਿਆਂ ਨੇ ਦਿਤੀਆਂ ਸਨ, ਉਹੋ ਜਹੀਆਂ ਕੁਰਬਾਨੀਆਂ ਕੂਕਾ ਲਹਿਰ ਤੋਂ ਹੀ ਪ੍ਰੇਰਿਤ ਗ਼ਦਰ ਲਹਿਰ ਦੇ ਸਮੇਂ, 1914-15 ਤੋਂ ਲੈਕੇ 1947 ਤੱਕ ਗਦਰੀ ਸੂਰਬੀਰਾਂ ਨੇ ਕੀਤੀਆਂ। ਉਹ ਵੀ ਉਮਰਾਂ ਲਈ ਕੀਤੀ ਕਮਾਈ ਨੂੰ, ਠੋਕਰ ਮਾਰ ਕੇ, ਕੌਮੀ ਮੁਕਤੀ ਲਈ ਵਿਦੇਸ਼ਾਂ ਤੋਂ ਦੇਸ਼ ਪਰਤੇ ਸਨ। ਗ਼ਦਰ ਲਹਿਰ ਦੇ ਲੇਖਕ, ਇਸ ਸ਼ਾਨਦਾਰ ਮਨੁੱਖੀ ਮਸਾਲੇ ਦਾ ਉੱਚ ਮੁਲੰਕਣ ਕਰਦੇ ਹਨ। ਇਹੋ ਜਿਹਾ ਸ਼ਾਨਦਾਰ ਮਨੁੱਖੀ ਮਸਾਲਾ, ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਭਾ-ਮੰਡਲ ਦੇ ਇਰਦ-ਗਿਰਦ ਆਉਣ ਵਾਲੇ, ਕੂਕੇ ਸੂਰਬੀਰਾਂ ਦਾ ਵੀ ਸੀ। ਕੂਕਿਆਂ ਅਤੇ ਗ਼ਦਰੀਆਂ ਦੋਹਾਂ ਦੇ ਮੁਆਮਲੇ ਵਿੱਚ, ਸਰਕਾਰੀ ਛਤਰ-ਛਾਇਆ ਹੇਠ ਚੱਲਣ ਵਾਲੇ, ਸਿੱਖ ਤਖ਼ਤਾਂ ਦੇ ਸਰਬਰਾਹਾਂ/ਪੁਜਾਰੀਆਂ ਨੇ ਅਸਿੱਖ ਹੋਣ ਦੇ ਫ਼ਤਵੇ ਜਾਰੀ ਕੀਤੇ ਸਨ। ਉਹਨਾਂ ਮੁਤਾਬਿਕ ਸਿੱਖ ਹੋਣ ਦੀ ਪਹਿਲੀ ਸ਼ਰਤ ਤਾਜ ਬਰਤਾਨੀਆ ਦੀ ਵਫਾਦਾਰੀ ਸੀ।

ਸਤਿਗੁਰੂ ਜੀ ਦੇ ਉਚੇ ਸੁੱਚੇ ਆਚਰਣ ਤੋਂ, ਉਹਨਾਂ ਦੇ ਵਿਰੋਧੀ ਵੀ ਪ੍ਰਭਾਵਿਤ ਸਨ। ਅਨੰਦਪੁਰ ਸਾਹਿਬ ਦੇ ਪਹਿਲੇ ਹੋਲੇ ਮਹੱਲੇ ਸਮੇਂ, ਤੀਹ ਹਜ਼ਾਰ ਕੂਕਿਆਂ ਦਾ ਆਪ ਦੀ ਹਾਜਰੀ ਵਿਚ ਅਨੁਸ਼ਾਸਨਬੱਧ ਰਹਿਣਾ ਅਤੇ ਆਪ ਦੇ ਇਕ ਭੁਜਾ ਖੜ੍ਹੀ ਕਰਨ ਤੇ ਸਾਰੀ ਸੰਗਤ ਦਾ ਥਾਏਂ ਹੀ ਰੁਕ ਜਾਣਾ ਅਤੇ ਇਸ ਵਿਸ਼ਾਲ ਇੱਕਠ ਵਿਚ ਸ਼ਾਂਤੀ ਅਤੇ ਖਾਮੋਸ਼ੀ ਦਾ ਇਹ ਆਲਮ ਕਿ ਸੂਈ ਸੁੱਟਿਆਂ ਵੀ ਆਵਾਜ਼ ਸੁਣੇ, ਇਹਨਾਂ ਗੱਲਾਂ ਨੇ ਮੌਕੇ ਤੇ ਮੌਜੂਦ ਬਰਤਾਨਵੀ ਸੱਤਾ ਦੇ ਨੁਮਾਇੰਦਿਆਂ ਦੇ ਮਨਾਂ ਵਿਚ, ਆਪ ਦਾ ਇਕ ਪਰਕਾਰ ਦਾ ਭੈਅ ਉਤਪੰਨ ਕਰ ਦਿਤਾ ਸੀ। ਸਰਕਾਰੀ ਰੀਕਾਰਡ ਵਿਚ ਦਰਜ ਹੈ ਕਿ ਬਸਤੀਵਾਦੀ ਸਰਕਾਰ ਲਈ ਬਰਤਾਨਵੀ ਹਿੰਦੁਸਤਾਨ ਵਿਚ ਗੁਰੂ ਰਾਮ ਸਿੰਘ ਉਸਦਾ ਸਭ ਤੋਂ ਖ਼ਤਰਨਾਕ ਸ਼ੱਤਰੂ ਹੈ। ਇਹੋ ਗੱਲ ਸਤਿਗੁਰੂ ਜੀ ਆਪਣੇ ਹੁਕਮਨਾਮਿਆਂ ਵਿਚ ਇਸ ਤਰ੍ਹਾਂ ਲਿਖਦੇ ਹਨ ਕਿ ਮੇਰੇ ਸਰੀਰ ਦਾ ਇਹਨਾਂ ਨੂੰ ਕਾਲ ਬਰਗਾ ਭੈ ਹੈ। ਉਹ ਆਪਣੀ ਜਲਾਵਤਨੀ ਦੇ ਕਾਰਨਾਂ ਦਾ ਖੁਲਾਸਾ ਕਰਦੇ ਹੋਏ ਲਿਖਦੇ ਹਨ—

ਪਿਛੋ ਤਾ ਲਿਆਏ ਹੈ ਜੋ ਏਥੇ ਰਤਾ ਤਾ ਚੌਧੇ ਬਰਗਾ (1914 ਬਿ. ਮੁਤਾਬਿਕ 1857 ਈ.) ਕੰਮ ਕਰਾਇ ਦੇਊਗਾ। ਅਰੁ ਹੁਣ ਡਰ ਹੈ ਭਾਈ ਚਿਠੀ ਭੇਜਕੇ ਪਿਛੇ ਸੂੜ ਕਰਾ ਦੇਊ। ਏਹ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂੰ, ਏਸ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦਿੰਦੇ। ਏਥੇ ਸਾਨੂੰ ਸੁਖ ਵਡਾ ਹੈ, ਅਛੀ ਜਾਗਾ ਹੈ, ਵਿਚ ਖੂਹੀ ਹੈ। ਹਵਾ ਬਡੀ ਲਗਦੀ ਹੈ। ਭਜਨ ਬਾਣੀ ਗੁਰੂ ਅਛਾ ਕਰੌਂਦਾ ਹੈ। ਨਾਉਣ ਦਾ ਬਡਾ ਸੁਖ ਹੈ। ਇਕ ਦੁਖ ਵਡਾ ਹੈ ਸੰਗਤਿ ਦੇ ਵਿਛੋੜੇ ਦਾ । ਸੋ ਦੁਖ ਗੁਰੂ ਸਾਹਿਬ ਦੇ ਦੂਰਿ ਕਰਨ ਦਾ ਹੈ। ਗੁਰੂ ਚਾਹੂ ਤਾ ਤੁਰਤ ਦੂਰਿ ਕਰ ਦੇਊ। ਸੰਗਤ ਨੇ ਬੀ ਬਡੀ ਮਿਹਰਮਾਨੀ ਕੀਤੀ ਹੈ ਜੋ ਏਨੇ ਭੋਗ ਪਾਠ ਕੀਤੇ ਹੈ ਮੇਰੇ ਵਾਸਤੇ।

(ਭਾਈ ਸ਼ੁਬੇਗ ਸਿੰਘ ਮਰਹਾਣਾ ਤੇ ਜਿਊਣ ਸਿੰਘ ਸਰਹਾਲੀ ਦੇ ਨਾਮ, ਹੁਕਮਨਾਮਾ ਨੰ: ੬)

ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੀ ਸੰਗਤ, ਕਿਸ ਪਰਸਪਰ ਸਨੇਹ ਦੀਆਂ ਮਜ਼ਬੂਤ ਤੰਦਾਂ ਵਿਚ ਜਕੜੇ ਹੋਏ ਸਨ ਇਹਨਾਂ ਦਾ ਆਭਾਸ, ਆਪ ਜੀ ਦੇ ਹਰ ਕਿਰਪਾ ਪੱਤਰ ਵਿਚੋਂ ਮਿਲਦਾ ਹੈ ਕਿ ਆਏ ਸਿੰਘਾਂ ਨਾਲ ਆਪ ਖੁੱਲ੍ਹ ਕੇ ਬਚਨ ਬਿਲਾਸ ਨਹੀਂ ਕਰ ਸਕਦੇ। ਸੁੱਖ ਸਾਂਦ ਨਹੀਂ ਪੁੱਛ ਦੱਸ ਸਕਦੇ। ਜਲ ਪਰਸ਼ਾਦੇ ਦੀ ਉਹਨਾਂ ਦੀ ਟਹਿਲ ਸੇਵਾ ਨਹੀਂ ਕਰ ਸਕਦੇ। ਆਏ ਸਿੰਘਾਂ ਨਾਲ "ਮੇਲਾ ਬੀ ਜੇ ਕੁਛ ਹੁੰਦਾ ਹੈ ਤਾਂ ਸੁਪਨੇ ਜੈਸਾ ਈ ਹੁੰਦਾ ਹੈ। ਕੁਛ ਮੇਲੇ ਦੀ ਤ੍ਰਿਪਤੀ ਨਹੀਂ ਹੁੰਦੀ।" (ਹੁਕਮਨਾਮਾ ਨੰ: ੯) ਪੰਜਾਬ ਉਹਨਾਂ ਦੇ ਰੋਮ ਰੋਮ ਵਿਚ ਵੱਸ ਰਿਹਾ ਹੈ। ਇਕ ਵੇਰ ਲਾਟ ਬਰਮਾ ਨੇ ਕਿਹਾ ਬਾਬਾ ਸਾਹਿਬ ਕੋਈ ਇੱਛਾ ਹੈ ਤਾਂ ਨਿਸ਼ੰਗ ਦੱਸੋ। ਆਪ ਨੇ ਫੁਰਮਾਇਆ ਇਕ ਵੇਰ ਪੰਜਾਬ ਦੇ ਦਰਸ਼ਨ ਕਰਵਾ ਲਿਆਉ। ਗੋਰਾ ਸਾਹਿਬ ਕਹਿੰਦਾ 'ਬਾਬਾ ਸਾਹਿਬ ਇਹ ਮੇਰੇ ਵੱਸ ਨਹੀਂ ਕੋਈ ਹੋਰ ਦੱਸੋ।" ਆਪ ਨੇ ਜੁਆਬ ਦਿਤਾ 'ਸਾਡਾ ਸਮਾਂ ਨਾ ਖੋਟਾ ਕਰ ਜੇ ਇਹੋ ਤੇਰੇ ਵੱਸ ਨਹੀਂ ਤਾਂ।" ਉਪਰੋਕਤ ਹੁਕਮਨਾਮਾ ਜੋ ਭਾਈ ਲਾਲ ਸਿੰਘ ਗੁਮਟੀ ਤੇ ਨਰਾਇਣ ਸਿੰਘ ਰੋਡੇ ਦੇ ਨਾਮ ਹੈ ਵਿਚ, ਉਹਨਾਂ ਦਾ ਪੰਜਾਬ ਪਿਆਰ ਇਉਂ ਝਲਕਦਾ ਹੈ—

ਭਾਈ ਤੁਸੀ ਤਾਂ ਸਾਡੀ ਦੇਹ ਪ੍ਰਾਨ ਹੋ। ਸਾਨੂੰ ਤਾ ਪੰਜਾਬ ਦਾ ਜੇ ਭੰਗੀ ਮਿਲਦਾ ਹੈ ਤਾ ਉਸਨੂੰ ਬੀ ਬਡੀ ਚਾਹਿ ਨਾਲ ਮਿਲਦੇ ਹਾ। ਸਾਨੂ ਤਾ ਪੰਜਾਬ ਦੇ ਮਾਨੁਖ ਦਾ ਦੀਦਾਰ ਹੋਣਾ ਭੀ ਬਡਾ ਦੁਰਲੰਭ ਹੈ।

ਇਹ ਆਪ ਦਾ ਉਹ ਉੱਚਾ ਸੁੱਚਾ ਪ੍ਰੇਮ ਸੀ ਜਿਸ ਦੀ ਡੋਰ ਵਿਚ ਬੱਧੇ ਹੋਏ ਇਕ ਸੌ ਦੇ ਲਗਪਗ ਨਾਮਧਾਰੀ ਸਿਖ, ਹਰ ਤਰ੍ਹਾਂ ਦੀਆ ਤੰਗੀਆਂ ਤੁਰਸ਼ੀਆਂ ਝੱਲ ਕੇ ਲੰਮੇ ਸਫਰ ਦਾ ਖਰਚ ਖੇਚਲ ਸਹਾਰ ਕੇ, ਨਾਮਧਾਰੀ ਭੇਸ ਬਦਲ ਕੇ, 1875 ਤੋਂ 1881 ਈ. ਤੱਕ, ਸਰਕਾਰ ਦੀਆ ਅੱਖਾਂ ਵਿਚ ਘੱਟਾ ਪਾ ਕੇ ਰੰਗੂਨ ਅਤੇ ਮਰਗੋਈ ਪੁੱਜਦੇ ਰਹੇ ਸਨ- ਆਪ ਦੀ ਨਿਗਰਾਨੀ ਉਪਰ ਦਿਨੇ ਹਿੰਦੁਸਤਾਨੀ ਅਤੇ ਰਾਤ ਨੂੰ ਗੋਰੇ ਸਿਪਾਹੀਆਂ ਦਾ ਪਹਿਰਾ ਹੁੰਦਾ ਸੀ। ਆਪ ਦੇ ਰਹਾਇਸ਼ੀ ਬੰਗਲੇ ਦੇ ਬਾਹਰ ਲਿਖ ਕੇ ਲਾਇਆ ਸੀ— ਇਸ ਪਾਸ ਆ ਕੇ ਗੱਲ ਕਰਨ ਵਾਲੇ, ਇਹਨਾਂ ਨੂੰ ਕੋਈ ਸ਼ੈ (ਪੱਤਰ ਆਦਿ) ਪਕੜਾਉਣ ਵਾਲੇ, ਇਹਨਾਂ ਪਾਸੋਂ ਪਕੜਨ ਵਾਲੇ ਨੂੰ, ਤੁਰੰਤ ਗਿਰਫਤਾਰ ਕੀਤਾ ਜਾਏਗਾ। ਬੰਗਲੇ ਵਿਚ



Namdhari Elibrary NamdhariElibrary@gmail.com

ਮਿਲਣ ਦੀ ਕੋਸ਼ਿਸ਼ ਕਰਨ ਵਾਲੇ ਨੂੰ ਗੋਲੀ ਵੀ ਮਾਰੀ ਜਾ ਸਕਦੀ ਸੀ। ਉਸ ਸਮੇਂ ਆਪ ਦੇ ਪਾਸ ਜਾਣਾ ਸਿਰ ਤਲੀ ਤੇ ਰੱਖਣ ਵਾਲੀ ਖੇਡ ਸੀ। ਜਦੋਂ ਮਰਗੋਈ ਪੁੱਜੇ ਤਾਂ ਕਈ ਚਿਰ, ਪੰਜਾਬ ਵਿਚ ਪਤਾ ਨਾ ਲੱਗਾ ਕਿ ਆਪ ਕਿੱਥੇ ਹਨ। ਹਰਨਾਮ ਸਿੰਘ ਬਗੁਲੀ ਦੇ ਸ਼ਬਦਾਂ ਵਿਚ—

"ਟੋਲ ਲਏ ਸਤਿਗੁਰ ਓਸ ਦੇਸ਼ ਵਿਚੋਂ,
ਮੀਹਾਂ ਸਿੰਘ ਢੂੰਡ ਢੂੰਡਾ ਓਥੇ।
ਕੰਧਾਂ ਜੰਗਲੇ ਟੱਪ ਕੇ ਜਾ ਮਿਲਿਆ,
ਸਿਰ ਤਲੀ ਤੇ ਲਿਆ ਟਿਕਾ ਓਥੇ।
ਮਿਲਦੇ ਹੋਰ ਵੀ ਰਹੇ ਹਰਨਾਮ ਸਿੰਘਾ,
ਪ੍ਰੇਮੀ ਮੌਤ ਨੂੰ ਜੱਫੀਆਂ ਪਾ ਓਥੇ।"

ਆਪ ਜੀ ਦੇ ਹੁਕਮਨਾਮਿਆਂ ਵਿਚ ਇੱਕ, ਇੱਕ, ਮਾਈ, ਭਾਈ ਨਾਲ, ਪ੍ਰੇਮ ਦੇ ਅੰਤਰੰਗ ਸਬੰਧਾਂ ਦੀ ਝਲਕਾਰ ਮਿਲਦੀ ਹੈ। ਮਾਝਾ ਦੁਆਬਾ, ਮਾਲਵਾ, ਪੁਆਧ, ਮੈਨ ਦੁਆਬ, ਦੜਪ, ਗੱਲ ਕੀ ਪੰਜਾਬ ਦੇ ਹਰ ਖਿੱਤੇ ਦੇ ਸਿੰਘਾਂ ਦੀ ਸੁੱਖ ਸਾਂਦ, ਉਹਨਾਂ ਦੇ ਵਿਹਾਰ ਕਾਰ ਦੀ ਖ਼ਬਰ ਬੱਚਿਆਂ ਦੇ ਰਿਸ਼ਤੇ ਨਾਤਿਆਂ ਬਾਰੇ ਜਾਣਕਾਰੀ ਲੈਂਦੇ ਦਿੰਦੇ ਹਨ। ਕਿਹੜੇ ਘਰ ਦਾ ਕਿਹੜੇ ਘਰ ਨਾਲ ਨਾਤਾ ਜੁੜ ਸਕਦਾ ਹੈ, ਕਿਸ ਸਿੰਘ ਨੂੰ ਕਿਹੜੇ ਗੁਰਦੁਆਰੇ ਵਿਚ ਗਰੰਥੀ ਤਾਇਨਾਤ ਕੀਤਾ ਜਾ ਸਕਦਾ ਹੈ, ਕਿਹੜੇ ਕਿਹੜੇ ਸਿੰਘਾਂ ਦੀਆਂ ਲੋੜਾਂ ਪ੍ਰਤੀ ਆਪ ਫ਼ਿਕਰਮੰਦ ਹਨ, ਹੁਕਮਨਾਮਿਆਂ ਦੇ ਪਾਠ ਵਿਚੋਂ, ਇਹਨਾਂ ਬਾਰੀਕੀਆਂ ਨੂੰ ਲੱਭਿਆ ਜਾ ਸਕਦਾ ਹੈ, ਮਾਂ ਬੋਲੀ ਦੀ ਸਿੱਖਿਆ ਪ੍ਰਤੀ ਵੀ ਆਦੇਸ਼ ਹਨ—

ਹੋਰ, ਭਾਈ ਸਿਆਮ ਸਿੰਘ ਜੀ ਸਾਰੀ ਸੰਗਤ ਨੂੰ ਏਹੁ ਹੁਕਮ ਦੇਣਾ ਭੋਗ ਗਰੰਥ ਸਾਹਿਬਾ ਦੇ ਪਾਉਣ ਤੇ ਬਾਣੀ ਕੰਠ ਕਰਨੀ ਸਰਬ ਬੁੱਢੇ ਬਾਲੇ ਮਾਈ ਬੀਬੀ। ਪਿਛਾ ਰਾਤ ਇਸਨਾਨ ਤੇ ਲੜਕੇ ਲੜਕੀਆ ਨੂੰ ਅਖਰ ਪੜਾ ਦੇਣੇ ਅਰ ਜਥਾ ਸਕਤ ਸੇਵਾ ਬੀ ਕਰਨੀ ਅੰਨ ਬਸਤ੍ਰ ਦੀ, ਚਾਹੇ ਕਿਸੇ ਭੇਖ ਦਾ ਹੋਵੇ, ਚਾਹੇ ਨਿੰਦਕ ਬੀ ਹੋਵੇ। ਹੋਰ ਭਾਈ ਲੜਕੀਆਂ ਦੇ ਅਨੰਦ ਪੜਾਇ ਦੇਓ ਕੋਈ ਸਿੰਘ ਬੀ ਹੋਣ, ਰਿਜਕ ਪਾਣੀ ਬੀ ਚੰਗਾ ਹੋਵੇ, ਸਤਿਸੰਗੀ ਹੋਣ। ਕੋਈ ਲਟਕਾ ਜੇ ਹੋਵੇ ਤਾਂ ਸਿੰਘਪੁਰੀਆ ਦੇ ਦੇਖ ਲੈਣਾ। ਬਡੇ ਅਸੀਲ ਹੈਨ, ਓਨਾ ਦਾ ਬਾਪ ਜੈਲਦਾਰ ਹੈ। ਹੋਰ ਕੋਈ ਆਪਣੀ ਮਰਜ਼ੀ ਦੇ ਸਿੰਘ ਦੇਖ ਕੇ ਬੀਬੀ ਦੇ ਅਨੰਦ ਕਰ ਦਿਓ। ਹੁਕਮਨਾਮਾ ਨੰ: ੧੬)

ਅਗੇ ਮੈ ਲਿਖਾ ਥਾ ਸਰੂਪ ਸਿੰਘ ਭਾਦਲੇ ਵਾਲੇ ਨੂੰ, ਸੋ ਤੁਸੀ ਲਿਖਿਆ ਨਹੀਂ ਦਿਤੀ ਹੈ ਕਿ ਨਹੀਂ ਦਿਤੀ। ਨਹੀਂ ਤਾਂ ਦੇ ਦੇਨੀ ਘੋੜੀ। (ਗੁਰੂ ਹਰੀ ਸਿੰਘ ਜੀ ਦੇ ਨਾਮ ਹੁਕਮਨਾਮਾ ਨੰ:੧੭)

ਹੋਰੁ ਤੁਸੀ ਭਾਈ ਨਰੈਣ ਸਿੰਘ ਬਿਜਲੀਪੁਰੀਏ ਨੂੰ ਸਭੇ ਸਿੰਘ ਮਿਲਕੇ ਲਲੀ ਲੈ ਆਵੋ, ਜਾਗਾ ਬਨਾ ਦਿਓ ਬਹੁਤ ਚੰਗੀ ਬਾਤ ਹੈ। ਜੋ ਬਣਿ ਆਵੈ ਸੇਵਾ ਟਹਿਲ ਕਰਨ। ਅਰ ਲਟਕੇ ਲਟਕੀਆ ਨੂੰ ਅਖਰ ਪੜਾ ਦੇਓ। ਸਭੇ ਸਿੰਘ ਰਾਤ ਨੂੰ ਇਕੱਠੇ ਹੋ ਕੇ ਬਾਣੀ ਕੰਠ ਕੀਤਾ ਕਰੋ ਹਮੇਸਾ। ਮਾਈ ਬੀਬੀ ਸਭ ਨੇ ਬਾਣੀ ਜ਼ਰੂਰ ਕੰਠ ਕਰਨੀ।

(ਹੁਕਮਨਾਮਾ ਨੰ: ੩੪)

ਹਜ਼ੂਰੀ ਸੇਵਕ ਨਾਨੂ ਸਿੰਘ ਦੇ ਰੁੜਕੀ ਰਹਿੰਦੇ ਭਰਾਵਾਂ (ਇਕ ਸਕਾ ਇਕ ਚਾਚੇ ਦਾ ਪੁੱਤਰ) ਦੈਆ ਸਿੰਘ ਤੇ ਮਿਹਰ ਸਿੰਘ ਨੂੰ, ਖੇਤੀ ਬਾੜੀ ਕਰਨ ਦੇ ਢੰਗ ਦੱਸਦਿਆਂ, ਥੋੜੇ ਕੱਖ ਪੱਠੇ ਤੋਂ ਸੀਰੀ ਦੇ ਗਲ ਨਾ ਪੈਣ ਦੀ ਹਦਾਇਤ ਕਰਦੇ ਹਨ। ਤਾਏ ਨੱਥਾ ਸਿੰਘ ਦੇ ਪੁੱਤਰ ਦਰਬਾਰਾ ਸਿੰਘ ਨੂੰ ਬਦਲੇ ਸਮੇਂ ਮੁਤਾਬਿਕ ਪਿਛੇ ਵਾਲਾ ਕਰੜਾ ਸੁਭਾਉ ਤਿਆਗਣ ਬਾਰੇ ਕਹਿੰਦੇ ਹਨ।

ਅੱਜ ਵਿਸ਼ਵ ਭਰ ਦੀ ਨਾਮਧਾਰੀ ਸੰਗਤ, ਸਤਿਗੁਰੂ ਰਾਮ ਸਿੰਘ ਜੀ ਦੇ ਦੋ ਸੌ ਸਾਲਾ ਪਰਕਾਸ਼ ਪੁਰਬ ਦੇ ਅਵਸਰ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਉਹਨਾਂ ਦੀ ਮਹਾਨ ਕੀਰਤੀ ਨੂੰ ਨਤਮਸਕ ਹੋ ਰਹੀ ਹੈ। ਨਾਮਧਾਰੀ ਸਿੰਘ ਅਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਉਦਾਤ ਜੀਵਨ ਮੁੱਲਾਂ ਪ੍ਰਤੀ ਸਮਰਪਿਤ ਹੋ ਕੇ, ਸਤਿਗੁਰੂ ਰਾਮ ਸਿੰਘ ਜੀ ਦੇ ਸੁਪਨਿਆਂ ਦਾ ਦੇਸ, ਦੁਨੀਆ ਸਿਰਜਣ ਲਈ ਯਤਨਸ਼ੀਲ ਹਨ। ਉਹ ਸਤਿਗੁਰੂ ਜੀ ਦੀ ਉਡੀਕ ਕੂਕਿਆਂ ਦੀਆਂ ਪਿਛਲੀਆਂ ਪੰਜਾਂ ਛੇਆਂ ਪੀਹੜੀਆਂ ਜਿਉਂ, ਇਸੇ ਲਈ ਕਰ ਰਹੇ ਹਨ ਕਿ ਆਪ ਦੇ ਆਇਆਂ ਧਰਤੀ ਤੇ ਧਰਮ ਵਰਤੇਗਾ, ਬੰਦੀਖਾਨੇ ਦੀ ਬੰਦ ਖਲਾਸ ਹੋਏਗੀ ਅਤੇ ਕੋਈ ਦੁਖੀਆ ਰਹੇਗਾ ਨਹੀਂ। ਸਤਿਗੁਰੂ ਰਾਮ ਸਿੰਘ ਗੌਰਵਸ਼ਾਲੀ ਗੁਰੂ ਸਿੱਖ ਪਰੰਪਰਾ ਅਤੇ ਮਨੁੱਖੀ ਮੁਕਤੀ ਅਤੇ ਦੁਫੇੜਬਾਜ਼ ਸ਼ਕਤੀਆਂ ਵਿਰੁੱਧ, ਜੱਦੋ ਜਹਿਦ ਕਰਕੇ, ਹੱਕ, ਸਚ ਅਤੇ ਨਿਆਂ ਦੀ ਆਵਾਜ਼ ਬੁਲੰਦ ਕਰਕੇ, ਅਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਵਿਚਾਰਾਂ ਦੀ ਦੇਸ਼ ਵਾਪਸੀ ਦਾ ਰਾਹ ਪੱਧਰਾ ਕਰ ਸਕਦੇ ਹਾਂ। ਉਂਜ ਉਹ ਆਪਣੇ ਲੋਕਾਂ, ਆਪਣੀ ਸੰਗਤ ਦੇ ਹਮੇਸ਼ਾਂ ਅੰਗ ਸੰਗ ਹਨ।

ਮੋ. 099963-71716



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ ਵੇਂ ਪ੍ਰਕਾਸ਼-ਪੁਰਬ ਦੀ ਲੱਖ-ਲੱਖ ਵਧਾਈ





## ਟ੍ਰਸਟੀ

ਤੇਜਵੰਤ ਸਿੰਘ ਸੱਗੂ (ਰਾਣਾ)
ਜਗਦੀਸ਼ ਸਿੰਘ ਵਰਿਆਮ
ਜਗਦੀਸ਼ ਲਾਲ ਕੌਸ਼ਲ
ਤਰਲੋਚਨ ਸਿੰਘ ਮਠਾੜੂ
ਬਲਕਾਰ ਸਿੰਘ
ਡਾ. ਅਰੁਣ ਗੋਇਲ
ਗੁਰਭੇਜ ਸਿੰਘ ਗੁਰਾਇਆ
ਕੰਵਲਜੀਤ ਸਿੰਘ
ਰਜਨੀਸ਼ ਕੌਰ



(Rana) Tejwant Singh Saggu
Chairman



Gurbhej Singh Guraya
(General Secretary)

ਏ-੧੧੦, ਸ਼ਿਵਾਜੀ ਵਿਹਾਰ ( ਜਨਤਾ ਕਾਲੋਨੀ) ਰਾਜੌਰੀ ਗਾਰਡਨ, ਨਵੀਂ ਦਿੱਲੀ-੧੧੦੦੨੭
ਫ : 9810216996, 9810139681, 011-25440038 ਈਮੇਲ : sardarnijaspalkaurtrust@gmail.com

## ਸਰਦਾਰਨੀ ਜਸਪਾਲ ਕੌਰ ਟ੍ਰਸਟ (ਰਜਿ.) ਦਿੱਲੀ

ਏ-੧੧ ਸ਼ਿਵਾਜੀ ਵਿਹਾਰ (ਜਨਤਾ ਕਾਲੋਨੀ) ਰਾਜੌਰੀ ਗਾਰਡਨ, ਨਵੀਂ ਦਿੱਲੀ-੧੧੦੦੨੭
ਫੋਨ- 98102-16996, 98101-39681, 011-25440038
ਈ-ਮੇਲ : sardarnijaspalkaurtrust@gmail.com




Namdhari Elibrary NamdhariElibrary@gmail.com




ਦੁਆਦਸ ਪੁਰਖ ਦੇ ਸਮੂਹ ਸਰਧਾਵਾਨ ਸਿੱਖਾਂ ਤੇ ਸੰਸਾਰ ਦੀ ਜੀਵਾਂ ਦਾ ਭਲਾ ਮੰਗਣ ਵਾਲਿਆਂ

ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼ ਪੁਰਬ ਲਈ

# ਬਹੁਤ-ਬਹੁਤ ਵਧਾਈ



ਵੱਲੋਂ :- ਪਰਿਵਾਰ ਸੰਤ ਭਗਤ ਸਿੰਘ ਸੱਗੂ, ਮਾਤਾ ਸੰਤ ਕੌਰ (ਸਿਰਸਾ ਹਰਿਆਣਾ)



Namdhari Elibrary NamdhariElibrary@gmail.com



# ਤ੍ਰਲੋਚਨ ਸਿੰਘ ਮਠਾੜੂ ਲੁਧਿਆਣਾ ਪਰਿਵਾਰ ਵੱਲੋਂ
# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ
# ਪ੍ਰਕਾਸ਼-ਪੁਰਬ ਦੀ
# ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ




ਸ੍ਰੀ ਸਤਿਗੁਰੂ ਉਦੈ ਸਿੰਘ ਜੀ ,ਮਠਾੜੂ ਪਰਿਵਾਰ ਤੇ ਬਖਸ਼ਸ਼ਾਂ ਕਰਦੇ ਹੋਏ

# Partap Engineers

AN ISO 9001-2000 Company

Mfg. : Top Trak Cycles

Bhagwan Chowk, Ludhiana-144 003 (INDIA)
Mob.: 98140-20773, 99150-00075
email: partapengineers@yahoo.co.in
website : www toptrakcycle.com



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼-ਪੁਰਬ ਦੀ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ







FOODS PVT. LTD.

## India's Larget Second Hand Food Machines Dealer Cum Rebuilder

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.




*We arrange complete machines, manpower and training receipes with formulation*

## BBL FOODS (P) LTD.

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchall.com*



BBL FOODS PVT. LTD.







ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼-ਪੁਰਬ ਦੀ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ

## India's Larget Second Hand Food Machines Dealer Cum Rebuilder

**750kgs Potato Chips Line**

**Biscuit Plant & Equipment**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11 Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

## → BBL FOODS (P) LTD.

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchall.com*

*We arrange complete machines, manpower and training receipes with formulation*



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼-ਪੁਰਬ ਦੀ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ

• Chocolate decoration line, one shot line, cold press and Retrofits

KNOBEL

• Plants for Bread, Bun, Pizza, Sheeted Cookies, wirecut cookies, Muffin Cake, pies, Tarts, Sandwich, Cakes, Swiss Roll lines, Bakarwadi lines, puffy pastry line

TROMP BAKERY EQUIPMENT

• Steel band oven..........or indirect and stone continuous ovens in direct gas fired .......... heavy oils.

DEN BOER BAKING SYSTEMS

• Plants for Waffles, stoop waffles, fun cakes, filled animal shape cakes

VANDERPOL WAFFLE SYSTEMS

• Automatic candy process lines from 700 kgs to 4000 kgs per hour

HANSEL PROCESSING

• Chocolate enrober and cooling tunnels.

BETEC BELGIAN TECHNOLOGY & CONSTRUCTION

• Silos raw materials handling system for bakery, snack and pasta lines.

TECHNOSILOS

• Pasta lines, 2D pallets line 3D pallets line

La Parmigiana

• Biscuit Plants

DSM

• Automatic packaging systems, horizontal and vertical packaging machines.

ILAPAK PACKAGING MACHINERY

• Wafer plants and chocolate cooling tunnels.

Vemfo

• Aireated mixers and turbo mixers

rgf HOLLAND APPLICATIONS

BBL®
Santoshnagar 'X' Road, Hyderabad - 500059, Telangana (India)
Ph.: +91-40-24530680 • Fax: +91-40-24530475 • Mobile: +91-9848050607
Email: bblfoods@gmail.com • Website: www.bblfoods.com




Namdhari Elibrary NamdhariElibrary@gmail.com




ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ **ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

in Bright & Fast Colours

**Manufacturers :**

**Namdhari Sales**

**10240/54, Library Road, Azad Market, Delhi-110006**

*S. Charanjit Singh 9810556398*

*S. Satvinder Singh 9811095210*




Namdhari Elibrary NamdhariElibrary@gmail.com



ਦੁਆਦਸ ਪੁਰਖ ਦੇ ਸਮੂਹ ਸਰਧਾਵਾਨ ਸਿੱਖਾਂ ਤੇ ਸੰਸਾਰ ਦੀ ਜੀਵਾਂ ਦਾ ਭਲਾ ਮੰਗਣ ਵਾਲਿਆਂ

ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਲਈ

ਬਹੁਤ-ਬਹੁਤ ਵਧਾਈ

# NEXXUS PATTERN & ENGG. WORKS

Manufacturers & supplies of:-
All kind of precious pattern of wooden & metal.

Special Jobs:-
All kind of aluminum die &
Heavy sugar mill patterns.

**Works** :- 150 , Mukand Nagar , Hapur Road , Ghaziabad.

**Office** :- 149 , Gopal Nagar , Hapur Road , Ghaziabad.

**E-mail** :- nexxus.pattern57@gmail.com



Sandeep Singh :-
9871702090 , 7503905145



Jaspal Singh :- 9810258967



Mandeep Singh
+91-9810807627

# NEXXUS CAD CAM SOLUTION

## training sources

nx cad ,auto cad

## engg. services

product designing
3d modeling , reverse engg., white light scanning ,
tool designing, 2d drafting , rapid proto typing

Wz-24 , Meenakshi garden , lane 1, near subhash nagar metro station , new delhi-110018
email :nexxuscadcamsolution@gmail.com mandeep.singh0091@gmail.com



Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
੨੦੦ ਵੇਂ ਪ੍ਰਕਾਸ਼-ਪੁਰਬ ਦੀ
ਲੱਖ-ਲੱਖ ਵਧਾਈ

EIPL

Balbir Singh Jabbal

# ENERTECH INFRASTRUCTURE PVT.LTD.

**A Company With A Vision To Cater Complete Civil Construction For Infrastructure , Industrial, Residential, Commercial , Multistoried And Govt.projects Civil Construction For Industrial And Commercial Buildings Huge Shed, Road Work, Plumbing And Drainage Works Interior Works, Wood Works And Aluminium Partition Works General Fabrication**

**B-45, Ranjit Vihar, Chander Vihar,**
Nilothi Extn, Nangloi, New Delhi-110041 Ph.: +91-9971337577
E-mail : enertechinfrastructure@gmail.com



Namdhari Elibrary NamdhariElibrary@gmail.com

# ਅਸਹਿਯੋਗ ਅੰਦੋਲਨ ਦੇ ਜਨਮ-ਦਾਤਾ

ਗੁਰੂ ਰਾਮ ਸਿੰਘ ਜੀ ਸੁਤੰਤਰਤਾ ਕੋ ਭੀ ਧਰਮ ਕਾ ਅੰਗ ਸਮਝਤੇ ਥੇ। ਹਮਾਰੇ ਦੇਸ਼ ਮੈਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ ਹੈ ਉਸਕਾ ਗੁਰੂ ਰਾਮ ਸਿੰਘ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਉਂ ਮੇਂ ਪ੍ਰਚਾਰ ਕੀਆ ਥਾ। ਉਨਕੇ ਸਿਧਾਂਤੋਂ ਮੇਂ ਪਾਂਚ ਚੀਜ਼ੇਂ ਥੀਂ।

1. ਸਰਕਾਰੀ ਨੌਕਰੀ ਕਾ ਬਹਿਸ਼ਕਾਰ।
2. ਸਰਕਾਰੀ ਅਦਾਲਤੋਂ ਕਾ ਬਹਿਸ਼ਕਾਰ।
3. ਸਰਕਾਰੀ ਸਕੂਲੋਂ ਕਾ ਬਹਿਸ਼ਕਾਰ।
4. ਬਦੇਸ਼ੀ ਬਸਤਰੋਂ ਕਾ ਬਹਿਸ਼ਕਾਰ।
5. ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਆਪਣੀ ਆਤਮਾ ਕੇ ਵਿਰੁਧ ਹੈਂ।

ਗੁਰੂ ਜੀ ਤੋ ਸਦਾ ਅਹਿੰਸਾ ਪਰ ਹੀ ਜ਼ੋਰ ਦੇਤੇ ਥੇ। ਪਰੰਤੂ ਇਨ ਕੇ ਅਨੁਯਾਉਂ ਨੇ ਏਕ ਬਾਰ ਗਊ ਕੀ ਰਕਸ਼ਾ ਕੇ ਲੀਏ ਕੁਛ ਬੁਚੜੋਂ ਕੋ ਕਤਲ ਕਰ ਡਾਲਾ। ਇਸ ਪਰ ਬਹੁਤ ਲੋਗ ਪਕੜੇ ਜਾਨੇ ਲਗੇ। ਔਰ ਲੋਗੋਂ ਪਰ ਸਖ਼ਤੀ ਹੋਣੇ ਲਗੀ। ਤਬ ਗੁਰੂ ਜੀ ਨੇ ਸਿਖੋਂ ਕੋ ਬੁਲਾ ਕਰ ਕਹਾ, ਕਿ ਤੁਮ ਨੇ ਹਤਿਆ ਕੀ, ਔਰ ਦੂਸਰੇ ਬੇਕਸੂਰ ਲੋਗੋਂ ਪਰ ਸਖਤੀ ਹੋ ਰਹੀ ਹੈ। ਤੁਮਹੇ ਅਪਨਾ ਕਸੂਰ ਮਾਨ ਲੇਨਾ ਚਾਹੀਏ। ਜਿਨਹੋਂ ਨੇ ਕਤਲ ਕਿਆ ਥਾ, ਉਨਹੋਂ ਨੇ ਅਦਾਲਤ ਮੇਂ ਜਾਕਰ ਕਸੂਰ ਮਾਨ ਲੀਆ, ਔਰ ਉਨ੍ਹੇਂ ਫਾਂਸੀ ਹੋ ਗਈ। ਜਿਸੇ ਉਨਹੋਂ ਨੇ ਹੰਸਤੇ ਹੰਸਤੇ ਸਵੀਕਾਰ ਕੀਆ।

*ਬਾਬੂ ਰਾਜਿੰਦਰ ਪ੍ਰਸ਼ਾਦ ਜੀ*
*ਪਹਿਲੇ ਰਾਸ਼ਟਰਪਤੀ*

# ਗੁਰ ਕੀ ਮਹਿਮਾ ਅਪਰ ਅਪਾਰ

## ਦੋਹਿਰਾ

—ਚੰਦਾ ਸਿੰਘ

ਅੱਜੂ ਅਸੀਂ ਪਛਾਣਿਆ,
ਗੁਰੂ ਪੂਰਨ ਅਵਤਾਰ,
ਗੁਰੂ ਧਰਮ ਚਲਾਇਆ ਜਗਤ ਵਿਚ,
ਹੋਵਨ ਜੈ ਜੈ ਕਾਰ।
ਅੱਜੂ ਆਸ ਗੁਰਾਂ ਦੀ ਰੱਖੀ,
ਨਿਤ ਮੈ ਦਰਸਨ ਦੇਖਾਂ ਅੱਖੀਂ,
ਸਤਿਗੁਰ ਨਾਮ ਪਦਾਰਥ ਦਿੱਤਾ,
ਬੈਠ ਕਿਨਾਰੇ ਚੱਖੀਂ,
ਕੀ ਪਰਵਾਹ ਕਿਸੇ ਦੀ ਓਹਨਾਂ,
ਗੁਰੂ ਜਿਨ੍ਹਾਂ ਦਾ ਪੱਖੀ,
ਸਤਿਗੁਰ ਬਿਰਦ ਤੁਮਾਰਾ ਕਹੀਏ,
ਲਾਜ ਬਿਰਦ ਦੀ ਰੱਖੀ,
ਬਿਰਦ ਬੀਚਾਰਕੇ।
ਸਤਿਗੁਰ ਕਮਰ ਕੱਸਾ ਜਦ ਕਰਦੇ,
ਆਸਣ ਚੀਨੀ ਉੱਤੇ ਧਰਦੇ,
ਅੱਗੇ ਸਿੰਘ ਅੜਦਲਾਂ ਕਰਦੇ,
ਮਾਨੋ ਰਵਿ ਸਸਿ ਦੋਨੋ ਡਰਦੇ,
ਮਸਤਾਨੇ ਹੱਥ ਸਲੋਤਨ ਫੜਦੇ,
ਜਿਉ ਕਪ ਰਾਮ ਚੰਦ ਦੇ ਚੜ੍ਹਦੇ,
ਲੰਕਾ ਮਾਰਨੇ।
ਸਤਿਗੁਰ ਚੀਨੀ ਦੇ ਹੁੰਦੇ ਅਸਵਾਰ,
ਸੂਬੇ ਸੋਭਾ ਪਾਵਣ ਨਾਲ,
ਚੜ੍ਹਦੀ ਜਿਉਂ ਹੰਸਾਂ ਦੀ ਡਾਰ,
ਸੋਹੇ ਚੰਦ ਜਿਵੇਂ ਪਰਵਾਰ,
ਫੌਜਾਂ ਸੋਹਨ ਜਿਵੇਂ ਸਰਦਾਰ,
ਐਸਾ ਕਵਣ ਜੋ ਕਰੈ ਬੀਚਾਰ,
ਏਸ ਅਵਤਾਰ ਦੀ।
ਸੁਣ ਭਾਈ ਚੰਦਾ ਸਿੰਘ ਗੁਰ ਭਾਈ,
ਸਤਿਗੁਰ ਸੰਗਤ ਆਪ ਬਣਾਈ,
ਸਾਜੇ ਚਾਰ ਵਰਨ ਦੇ ਭਾਈ,
ਗਲ ਮਾਲਾ ਸੀਸ ਖੰਡਾ ਸੋਭਾ ਪਾਈ,
ਜਿਓ ਭਾਲ ਸ਼ਿਵਾਂ ਦੇ ਚੰਦ ਸੁਹਾਈ,
ਗੁਰ ਕੀ ਮਹਿਮਾ ਬਰਨ ਨਾ ਜਾਈ,
ਅਪਰ ਅਪਾਰ ਦੀ।



Namdhari Elibrary NamdhariElibrary@gmail.com

# ਭੈਣੀ ਪਿੰਡ ਬੀਚ ਭਇਉਂ ਭਾਨ ਉਜਿਆਰਾ ਸੀ



*ਗਿਆਨੀ ਕਰਤਾਰ ਸਿੰਘ ਕਲਾਸਵਾਲੀਆ*
*ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ*

ਸਮੇਂ ਦੀ ਕੁਚਾਲ ਨੇ ਭੁਚਾਲ ਆਂਦਾ ਦੇਸ ਵਿਚ,
ਸਿੰਘ ਨ ਸੰਭਾਲ ਸਕੇ ਰਾਜ ਸਾਜ ਭਾਰਾ ਸੀ।

ਭਾਰਾ ਹੈ ਸੀ ਰੋਗ ਸੋਗ ਫੁਟ ਮਾਰੇ ਕੁਟ ਕੁਟ,
ਪੁਟ ਪੁਟ ਬਾਗ਼ ਸਤਲੁਜ ਬੀਚ ਡਾਰਾ ਸੀ।

ਡਾਰਾ ਸੀ ਗਵਾਂਢੀਆਂ ਨੇ ਜਲ ਆ ਬਿਸਾਲ ਸਾਰੇ,
ਘਰ ਘਰ ਪੈਰ ਆ ਪਖੰਡ ਨੇ ਪਸਾਰਾ ਸੀ।

ਸਾਰਾ ਸੀ ਕਰਤਾਰ ਸਿੰਘ, ਕਿਸੇ ਭੀ ਨ ਕਾਜ ਕੋਈ,
ਚੱਲ ਕੇ ਕੁਪੰਥ ਰਾਜ ਭਾਗ ਹਾਰਾ ਸਾਰਾ ਸੀ।

—

ਹਾਰਾ ਸੀ ਨਸੀਬ ਜਦੋਂ ਖਾਲਸੇ ਨੇ ਆਲਸੇ ਹੋ
ਮਨਮੱਤ ਚੰਦਰੀ ਕੁ ਪੇਚ ਆਏ ਡਾਰਾ ਸੀ।

ਪੰਥ ਗਾੜ੍ਹੀ ਨੀਂਦ ਸੁੱਤਾ, ਜਾਗ ਨਾ ਸੰਭਾਰਾ ਸੀ,
ਡਾਰਾ ਸੀ ਪ੍ਰਤਾਪ ਆਪ ਚੌੜ ਕਰ ਚੌੜ ਬੀਚ,

ਭਾਰਾ ਸੀ ਬੇਸਾਰਾ ਪੰਥ ਗੁਰੂ ਗ੍ਰੰਥ ਭੁਲੇ।
ਛਡ ਗੁਰ ਰੀਤੀਆਂ ਕੁਰੀਤੀਆਂ ਨੂੰ ਧਾਰਾ ਸੀ।

ਚਾਰਾ ਸੀ ਨ ਕੋਈ ਤਦੋਂ ਦਿਸਦਾ ਕਰਤਾਰ ਸਿੰਘ
ਡਾਵਾਂਡੋਲ ਹੋਏ ਰਿਹਾ ਬੇੜਾ ਬੇਸਹਾਰਾ ਸੀ।

—

ਕਲਾ ਵਰਤਾਈ ਮਹਾਰਾਜ ਨੇ ਜਗਾਈ ਜੋਤਿ
ਭੈਣੀ ਪਿੰਡ ਬੀਚ ਭਇਉਂ ਭਾਨ ਉਜਿਆਰਾ ਸੀ

ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿਖੀ ਸਾਖ,
ਸਿਦਕ ਭਰੋਸੇ ਤੋਸੇ, ਬੋਲ ਤੋਲ ਭਾਰਾ ਸੀ।

ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ
ਭਾਰੀ,
ਨਾਮ ਦਾ ਬਜਾਇਆ ਸਾਰੇ ਜਗ ਤੇ ਨਗਾਰਾ ਸੀ।

ਗਾਰਾ ਸੀ ਕਰਤਾਰ ਸਿੰਘ, ਬਾਬੇ ਰਾਮ ਸਿੰਘ ਜੀ ਨੇ
ਕਾਮ ਕ੍ਰੋਧ ਲੋਭ ਮੋਹ ਦੁਸਟ ਹੰਕਾਰਾ ਸੀ,

—

ਟਾਰਾ ਸੀ ਕੁਚਾਲਾਂ ਤੇ ਖਿਆਲਾਂ ਭੈੜੇ ਗੰਦਿਆਂ ਨੂੰ,
ਬੰਦਿਆਂ ਨੂੰ ਗੁਰਸਿਖੀ ਰਾਸਤਾ ਦਿਖਾਰਾ ਸੀ।

ਪਿੰਡਾਂ ਵਿਚ ਚੱਕਰ ਲਗਾਇਕੇ ਵਧਾਈ ਸਿੱਖੀ,
ਤਿੱਖੀ ਚਾਲ ਨਾਲ ਮਨਮਤ ਤਾਈ ਗਾਰਾ ਸੀ।

ਗਾਰਾ ਸੀ ਜੋ ਪਿੰਡ ਵਿਚ ਚੋਰੀ ਯਾਰੀ ਡਾਕਿਆਂ ਦਾ,
ਨਾਮ ਦੀ ਨਦੀ ਚਲਾਏ ਸਾਰਾ ਧੋਏ ਡਾਰਾ ਸੀ।

ਡਾਰਾ ਸੀ ਵਿਹਾਰ ਕਰਤਾਰ ਸਿੰਘ ਸਬਦਾਂ ਦਾ,
ਸੈਂਇਆ ਜੀਆਂ ਭੁਲਿਆਂ ਨੂੰ ਤੁਰਤ ਸੁਧਾਰਾ ਸੀ।

—

ਧਾਰਾ ਸੀ ਚਲਾਈ ਸੋਹਣੀ ਨਾਮ ਦੀ ਫੜਾਈ ਮਾਲਾ,
ਆਹਲਾ ਕਾਮ ਕੀਨਾਂ, ਨਾਮ ਦੇਸ ਮੇਂ ਬਿਥਾਰਾ ਸੀ।

ਸੈਂਕੜੇ ਸਜਾਇ ਸਿੰਘ ਜਿਥੇ ਜਾਏ ਪੈਰ ਧਰੈ,
ਬੜੇ ਰੋਹਬ ਦਾਬ ਵਾਲਾ ਸੁੰਦਰ ਦੀਦਾਰਾ ਸੀ।

ਜਿਥੇ ਜਾਏ ਬਹਿੰਦੇ, ਕਹਿੰਦੇ ਨਾਮ ਦੀ ਵਡਾਈ ਭਾਰੀ,
ਨਾਮ ਬਿਨਾਂ ਬਾਬੇ ਜੀ ਨੂੰ ਕੁਝ ਨ ਪਿਆਰਾ ਸੀ।

ਸਾਰਾ ਸੀ ਇਹ ਭੇਦ ਕਰਤਾਰ ਸਿੰਘ ਉਹਨਾਂ ਕਿਹਾ,
ਜਿਨ੍ਹਾਂ ਆਪ ਬਾਬੇ ਜੀ ਨੂੰ ਨੇੜ੍ਹੀ ਨਿਹਾਰਾ ਸੀ।



Namdhari Elibrary NamdhariElibrary@gmail.com

# ਸਾਰਿਆਂ ਦਾ ਸਾਂਝਾ ਬਾਬਾ

*— ਮਾਸਟਰ ਤਾਰਾ ਸਿੰਘ*



ਸ੍ਰੀ ਬਾਬਾ ਜੀ ਦੀ ਪਵਿਤਰ ਜੀਵਨੀ ਪੜ੍ਹਕੇ ਮੈਨੂੰ ਨਿਸਚਾ ਹੋ ਗਿਆ ਹੈ ਕਿ ਸਿਖ ਰਾਜ ਦੇ ਅੰਤ ਪਿਛੋਂ ਸਿਖੀ ਦਾ ਝੰਡਾ ਉੱਚਾ ਕਰਨ ਵਾਲੇ ਮਹਾਂ ਪੁਰਸ਼ਾਂ ਵਿਚੋਂ ਆਪ ਸ਼ਰੋਮਣੀ ਹੋਏ ਹਨ। ਸਿੱਖਾਂ ਦੀ ਖੇਰੂੰ ਖੇਰੂੰ ਹੋਈ ਜਥੇਬੰਦੀ ਨੂੰ ਨਵੇਂ ਸਿਰੇ ਕਾਇਮ ਕਰਨ ਦਾ ਖਿਆਲ ਪਹਿਲੀ ਵਾਰ ਆਪ ਦੇ ਦਿਲ ਵਿਚ ਹੀ ਪੈਦਾ ਹੋਇਆ ਸੀ ਤੇ ਉਹ ਸਾਰੀਆਂ ਬੁਰਿਆਈਆਂ ਜੋ ਸਿਖਾਂ ਨੂੰ ਡੂੰਘੇ ਟੋਏ ਵਿਚ ਸੁਟਣ ਦਾ ਕਾਰਨ ਬਣੀਆਂ ਸਨ, ਉਹਨਾਂ ਨੂੰ ਦੂਰ ਕਰਨ ਦੀ ਵਿਉਂਤ ਵੀ ਆਪ ਨੇ ਹੀ ਸੋਚੀ ਸੀ।

ਆਪ ਨੇ ਸਭ ਤੋਂ ਪਹਿਲਾਂ ਸਿਖਾਂ ਨੂੰ ਭੁਲੀ ਹੋਈ ਸਿਖੀ ਦਾ ਚੇਤਾ ਕਰਾਇਆ ਤੇ ਨਾਮ, ਬਾਣੀ ਦਾ ਲੜ, ਜੋ ਉਹਨਾਂ ਦੇ ਹੱਥੋਂ ਛੁਟ ਚੁਕਾ ਸੀ, ਬੜੇ ਪਿਆਰ ਨਾਲ ਉਹਨਾਂ ਦੇ ਹਥਾਂ ਵਿਚ ਦਿਤਾ। ਜਿਸ ਵੇਲੇ ਸਿਖਾਂ ਨੂੰ ਸਿਖੀ ਦਾ ਰੰਗ ਚੜ੍ਹਿਆ, ਉਹਨਾਂ ਦੀ ਅਣਖ ਅਤੇ ਬੀਰਤਾ ਨੇ ਹੁਲਾਰਾ ਖਾਧਾ ਅਤੇ ਉਹ ਸਾਰੇ ਦੇ ਸਾਰੇ ਦੇਸ਼ ਨੂੰ ਆਜ਼ਾਦ ਕਰਨ ਦਾ ਸੁਫਨਾ ਵੇਖਣ ਲਗ ਪਏ। ਜਥੇਬੰਦੀ ਨੂੰ ਵਧੇਰੇ ਮਜ਼ਬੂਤ ਕਰਨ ਲਈ ਪੰਜਾਬ ਨੂੰ ਅਡੋ ਅਡ ਸੂਬਿਆਂ ਵਿਚ ਵੰਡਿਆ ਗਿਆ ਤੇ ਹਰ ਸੂਬੇ ਦਾ ਅਡ ਸੂਬਾ ਮੁਕਰਰ ਕਰਕੇ ਤਾਕੀਦ ਕੀਤੀ ਗਈ ਕਿ ਸਿਖ ਆਪਣੇ ਫੈਸਲੇ ਆਪੋ ਆਪਣੇ ਸੂਬਿਆਂ ਪਾਸੋਂ ਕਰਵਾਇਆ ਕਰਨ। ਇਹ ਗਲ ਠੀਕ ਹੈ ਕਿ ਕਈਆਂ ਕਾਰਨਾਂ ਕਰਕੇ ਸ੍ਰੀ ਬਾਬਾ ਜੀ ਦਾ ਪਵਿਤਰ ਮਿਸ਼ਨ ਪਰਵਾਨ ਨਾ ਚੜ੍ਹ ਸਕਿਆ, ਪਰ ਇਸ ਗਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਉਹਨਾਂ ਨੇ ਸਿਖਾਂ ਵਿਚ ਗੁਰਮਤਿ ਨੂੰ ਪਰਵਿਰਤ ਕੀਤਾ ਅਤੇ ਬਦੇਸ਼ੀ ਸਰਕਾਰ ਦੇ ਵਿਰੁਧ ਨਾ-ਮਿਲਵਰਤਨ ਦੀ ਲਹਿਰ ਚਲਾ ਕੇ ਸਿਖਾਂ ਨੂੰ ਦੇਸ਼ ਭਗਤੀ ਦੀ ਸੰਥਾ ਪੜ੍ਹਾਈ।

ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਵੇਖਣ ਦੇ ਅਪਰਾਧ ਵਿਚ, ਆਪ ਆਪਣੇ ਕਈ ਮਸ਼ਹੂਰ ਸੂਬਿਆਂ ਸਣੇ ਜਲਾਵਤਨ ਕਰਕੇ ਨਜ਼ਰਬੰਦ ਕਰ ਦਿਤੇ ਗਏ ਅਤੇ ਸਿਖ ਕਿ ਜਿਹਨਾਂ ਦੀ ਆਨ ਸ਼ਾਨ ਕਾਇਮ ਕਰਨ ਲਈ ਉਹਨਾਂ ਨੇ ਇਹ ਭਾਰੀ ਕੁਰਬਾਨੀ ਕੀਤੀ ਸੀ, ਸਵਾਰਥ ਵਸ ਹੋ ਕੇ ਆਪ ਨੂੰ ਉੱਕਾ ਹੀ ਵਿਸਾਰ ਗਏ।

ਜਿਵੇਂ ੧੯੧੪-੧੫ ਦੇ ਦੇਸ਼ ਭਗਤਾਂ ਨੂੰ ਅਸਿਖ ਕਹਿਕੇ ਵਧ ਤੋਂ ਵਧ ਸਜ਼ਾਵਾਂ ਦਿਵਾਣ ਵਾਲਿਆਂ ਨੇ ਆਪਣੇ ਦੇਸ਼ ਨਾਲ ਭਾਰੀ ਪਾਪ ਕੀਤਾ ਸੀ, ਇਸੇ ਤਰ੍ਹਾਂ ਸ੍ਰੀ ਬਾਬਾ ਜੀ ਦੀ ਚਲਾਈ ਹੋਈ ਨਾਮਧਾਰੀ ਲਹਿਰ ਨੂੰ ਤਬਾਹ ਕਰਨ ਦੀ ਜ਼ਿੰਮੇਵਾਰੀ ਵੀ ਅਜੇਹੇ ਲੋਕਾਂ ਦੇ ਸਿਰਾਂ ਪਰ ਹੀ ਸੀ, ਜੋ ਬਾਬਾ ਜੀ ਦੇ ਅਸਲ ਨਿਸ਼ਾਨੇ ਨੂੰ ਨਹੀਂ ਸਮਝਦੇ ਸਨ ਤੇ ਜਿਨ੍ਹਾਂ ਦੀਆਂ ਅਖਾਂ ਅਗੇ ਸਵਾਰਥ ਦੀ ਮੋਟੀ ਚਰਬੀ ਆਈ ਹੋਈ ਸੀ।

ਅੱਜ ਅਸੀਂ ਰਲ ਮਿਲਕੇ ਉਸ ਪਾਵਨ ਆਤਮਾ ਤੇ ਸਚੇ ਦੇਸ਼ ਭਗਤ ਦੀ ਯਾਦ ਮਨਾ ਰਹੇ ਹਾਂ, ਅਜ ਹਰ ਸਿਆਣਾ ਸਿਖ ਮਹਿਸੂਸ ਕਰ ਰਿਹਾ ਹੈ ਕਿ ਉਸ ਪਿਆਰੇ ਨੇ ਜੋ ਕੁਝ ਕੀਤਾ ਸੀ, ਸਿਖੀ ਨੂੰ ਸਿਰ ਖੁਦ ਕਰਨ ਲਈ ਕੀਤਾ ਸੀ। ਅਜ ਸਾਡੇ ਵਿਚ ਉਹ ਪਹਿਲੀ ਨਫਰਤ ਨਹੀਂ, ਅਜ ਅਸੀਂ ਆਪੋ ਵਿਚ ਜੁੜ ਮਿਲ ਕੇ ਬੈਠਣ ਲਈ ਤਿਆਰ ਹਾਂ ਅਤੇ ਉਹ ਸਮਾਂ ਚਲਾ ਗਿਆ ਹੈ, ਜਦ ਸਾਡੇ ਕੰਨ ਸ੍ਰੀ ਬਾਬਾ ਜੀ ਦਾ ਨਾਮ ਸੁਣਨੋ ਵੀ ਸੰਗਦੇ ਸਨ। ਮੈਂ ਸ੍ਰੀ ਬਾਬਾ ਜੀ ਨੂੰ ਉਸੇ ਤਰ੍ਹਾਂ ਹੀ ਆਪਣਾ ਸਮਝਦਾ ਹਾਂ ਜਿਸ ਤਰ੍ਹਾਂ ਮੇਰੇ ਨਾਮਧਾਰੀ ਵੀਰ ਉਹਨਾਂ ਨੂੰ ਆਪਣਾ ਸਮਝਦੇ ਹਨ। ਉਹ ਉਹਨਾਂ ਨੂੰ ਸਤਿਗੁਰੂ ਕਹਿਕੇ ਸਨਮਾਨਦੇ ਹਨ ਤੇ ਮੈਂ ਉਹਨਾਂ ਨੂੰ ਪਰਮ ਪੂਜਯ ਬਾਬਾ ਜੀ ਕਹਿੰਦਾ ਹਾਂ। ਕਹਿਣ ਵਿਚ ਥੋੜ੍ਹਾ ਜਿਹਾ ਫਰਕ ਹੈ, ਸਤਿਕਾਰ ਵਿਚ ਕੋਈ ਫਰਕ ਨਹੀਂ। ਮੈਂ ਚਾਹੁੰਦਾ ਹਾਂ ਕਿ ਆਪ ਦੇ ਪੁਰਬ ਨੂੰ ਸਾਰਾ ਪੰਥ ਮਿਲ ਕੇ ਮਨਾਇਆ ਕਰੇ ਤੇ ਉਹ ਉਪਕਾਰ ਜੋ ਆਪ ਨੇ ਸਾਡੇ ਉਪਰ ਕੀਤੇ ਹਨ, ਉਹਨਾਂ ਨੂੰ ਯਾਦ ਕਰਕੇ ਅਸੀਂ ਉਹਨਾਂ ਪੂਰਨਿਆਂ ਤੇ ਤੁਰਨ ਦਾ ਜਤਨ ਕੀਤਾ ਕਰੀਏ ਜੋ ਆਪ ਪਾ ਗਏ ਹਨ। ਅੰਤ ਵਿਚ ਮੈਂ ਆਪਣੇ ਨਾਮਧਾਰੀ ਵੀਰਾਂ ਨੂੰ ਆਪ ਦੇ ਜਨਮ ਗੁਰਪੁਰਬ ਦੀ ਲਖ ਲਖ ਵਧਾਈ ਦਿੰਦਾ ਹਾਂ।



Namdhari Elibrary NamdhariElibrary@gmail.com

# ਸੁਤੰਤਰਤਾ ਸੰਘਰਸ਼ ਵਿੱਚ ਸ਼ਾਨਦਾਰ ਸਥਾਨ

ਨਾਮਧਾਰੀ ਸਿੱਖਾਂ ਦਾ ਭਾਰਤ ਦੇ ਵਿਚ ਸਵੈਤੰਤਰਤਾ ਸੰਘਰਸ਼ ਦੇ ਇਤਿਹਾਸ ਵਿਚ ਸ਼ਾਨਦਾਰ ਥਾਂ ਹੈ। ਇਹ ਨਾਮਿਲਵਰਤਨ ਤੇ ਸਵਦੇਸ਼ੀ ਪ੍ਰਚਾਰ ਨੂੰ ਰਾਜਨੈਤਕੀ ਸ਼ਸ਼ਤਰ ਵਰਤਣ ਦੇ ਮੋਢੀ ਹਨ। ਇਹਨਾ ਨੇ 1860 ਤੋਂ ਪਹਿਲਾਂ ਬਦੇਸ਼ੀ ਮਾਲ, ਸਰਕਾਰੀ ਸਕੂਲ, ਕਚਹਿਰੀਆਂ ਤੇ ਡਾਕ ਦਾ ਬਾਈਕਾਟ ਕੀਤਾ। ਇਨ੍ਹਾਂ ਨੇ ਮਹਾਤਮਾ ਗਾਂਧੀ ਜੀ ਦੇ ਖਾਦੀ ਦੇ ਪ੍ਰਚਾਰ ਤੋਂ 90 ਸਾਲ ਪਹਿਲਾਂ ਹੱਥ ਦੇ ਬਮੇ ਖਦਰ ਨੂੰ ਪਾਣ ਤੇ ਜ਼ੋਰ ਦਿੱਤਾ।

ਨਾਮਧਾਰੀ ਲੋਕ ਸਿਖ ਗੁਰੂਆਂ ਦੀਆਂ ਸਿਖਸ਼ਾ ਤੇ ਚਲਣ ਵਾਲੇ ਪੱਕੇ ਸਿਖ ਹਨ। ਇਨ੍ਹਾਂ ਦੇ ਗੁਰਦੁਆਰੇ ਅਡੰਬਰਾਂ ਤੋਂ ਉਪਰ ਹਨ ਤੇ ਨ ਹੀ ਗਰੰਥ ਸਾਹਿਬ ਤੇ ਵਧੀਆ ਕੀਮਤੀ ਰੇਸ਼ਮੀ ਚੰਦੋਆ ਤੇ ਖਰਚ ਕਰਦੇ ਹਨ ਤੇ ਨ ਹੀ ਬੁੱਤ ਪੂਜ ਪੁਜਾਰੀਆਂ ਵਾਂਗੂ ਮੁਠੀਆਂ ਭਰਦੇ ਹਨ। ਉਹ ਆਤਮ ਸੰਜਮੀ, ਜੀਵਨ ਬਿਤਾਂਦੇ ਹਨ। ਸਵਾਏ ਚਿੱਟੇ ਖੱਦਰ ਦੇ ਕਪੜਿਆਂ ਤੇ ਦੁਧ ਚਿੱਟੀ ਉਨ ਦੀ ਮਾਲਾ ਦੇ ਕੋਈ ਗਹਿਣਾ ਗੱਟਾ ਨਹੀਂ ਪਾਂਦੇ। ਇਨ੍ਹਾਂ ਦੇ ਵਿਆਹ ਵੀ ਵਾਜਿਆਂ ਗਾਜਿਆਂ ਵਾਲੀਆਂ ਬਰਾਤਾਂ ਤੇ ਢੁਕਾਵਾਂ ਤੋਂ ਬਿਨਾਂ ਹੁੰਦੇ ਹਨ ਤੇ ਅਨੰਦ ਕਾਰਜ ਤੇ 13 ਰੁਪਿਆਂ ਤੋਂ ਵਧ ਖਰਚਾ ਨਹੀਂ ਕਰਦੇ। ਇਹ ਧਰਮ ਸਥਾਨਾਂ ਵਿਚ ਸ਼ਿਸ਼ਟਾਚਾਰੀ ਨਾਲ ਸ਼ਬਦ ਕੀਰਤਨ ਕਰਦੇ ਹਨ ਅਤੇ ਖਾਣ ਪੀਣ ਦੇ ਨਿਯਮਾਂ ਅਨੁਸਾਰ ਪੱਕੇ ਵੈਸ਼ਨੋ ਹਨ ਤੇ ਤੰਬਾਕੂ ਤੇ ਸ਼ਰਾਬ ਆਦਿ ਦੀ ਵਰਤੋਂ ਉੱਕਾ ਹੀ ਨਹੀਂ ਕਰਦੇ।

ਸਿਖ ਰਾਜ ਦੇ ਅੰਤਮ ਦਿਨਾਂ ਵਿਚ ਨਾਮਧਾਰੀ ਲਹਿਰ ਦਾ ਉਤਰ-ਪੱਛਮੀ ਪ੍ਰਾਂਤ ਵਿਚ ਬੇਦੀ, ਸੋਢੀ ਜਿਹੜੇ ਗੁਰੂ ਸਾਹਿਬਾਨ ਦੀ ਅੰਸ਼ ਵਿਚੋਂ ਹਨ ਉਨ੍ਹਾਂ ਦੀਆਂ ਗੁਰ-ਗਦੀਆਂ ਤੇ ਸਿਖਾ ਸ਼ਾਹੀ ਦੇ ਵਲਾਇਤੀ ਜੀਵਨ ਦੇ ਵਿਰੁਧ ਆਰੰਭ ਹੋਇਆ ਪੰਜਾਬ ਦਾ ਅੰਗਰੇਜ਼ ਰਾਜ ਵਿਚ ਸ਼ਾਮਲ ਹੋ ਜਾਣ ਉਪਰੰਤ ਨਾਮਧਾਰੀਆਂ ਦਾ ਕੇਂਦਰ ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਵਿਚ ਬਦਲ ਗਿਆ। ਇਹ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜਿਨ੍ਹਾਂ ਸਿਖਾਂ ਤੋਂ ਵਖਰੀ ਰਹਿਣੀ, ਬਹਿਣੀ ਤੇ ਭਜਨ ਬੰਦਗੀ ਦਾ ਢੰਗ ਬਦਲਿਆ ਨਾਮਧਾਰੀ ਸਿਖ ਸੂਫੀ ਦਰਵੇਸ਼ਾਂ ਨਿਆਈ ਸ਼ਬਦ ਪੜ੍ਹਦੇ ਮਸਤ ਹੋ ਜਾਂਦੇ ਤੇ ਕੂਕਣ ਲਗ ਪੈਂਦੇ ਹਨ, ਜਿੰਨ੍ਹਾਂ ਕਾਰਨਾਂ ਕਰਕੇ ਇਨ੍ਹਾਂ ਦਾ ਨਾਉਂ ਕੂਕੇ ਪੈ ਗਿਆ। ਇਨ੍ਹਾਂ ਨੇ ਦੁਧ ਚਿੱਟਾ ਖੱਦਰ ਪਾਣਾ ਸ਼ੁਰੂ ਕਰ ਦਿੱਤਾ। ਅਤੇ ਸਿਰ ਤੇ ਉਹੋ ਅਸਲ ਸਿਖੀ ਦਸਤਾਰ ਕਾਇਮ ਰੱਖੀ।

ਨਾਮਧਾਰੀਆਂ ਦਾ ਬਦੇਸ਼ੀਆਂ ਨਾਲ ਟਕਰਾਉ ਹੋ ਗਿਆ ਅਤੇ ਕਈ ਖੂਨੀ ਝੜਪਾਂ ਹੋਈਆ। 99 ਸਿਖਾਂ ਨੂੰ ਤੋਪਾਂ ਨਾਲ ਉਡਾ ਦਿਤਾ ਗਿਆ ਅਤੇ ਗੁਰੂ ਰਾਮ ਸਿੰਘ ਜੀ ਨੂੰ ਬਰਮਾਂ ਅੰਦਰ 1972 ਵਿਚ ਜਲਾਵਤਨ ਕਰ ਦਿਤਾ ਗਿਆ।

ਸਤਿਗੁਰੂ ਰਾਮ ਸਿੰਘ ਪਿਛੋਂ 'ਉਨ੍ਹਾਂ ਦੇ ਛੋਟੇ ਭਾਈ, ਸਤਿਗੁਰੂ ਹਰੀ ਸਿੰਘ ਜੀ ਜਿਨ੍ਹਾਂ ਨੇ ਜੀਵਨ ਦਾ ਸਾਰਾ ਸਮਾਂ ਸ੍ਰੀ ਭੈਣੀ ਸਾਹਿਬ ਵਿਚ ਨਜ਼ਰਬੰਦੀ ਦੀ ਹਾਲਤ ਵਿਚ ਗੁਜਾਰਿਆ। ਗੱਦੀ ਤੇ ਬੈਠੇ ਤੇ ਉਨ੍ਹਾਂ ਤੋਂ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ, ਇਸ ਸਮੇਂ ਨਾਮਧਾਰੀਆਂ ਦੇ ਸਤਿਗੁਰੂ ਜਗਜੀਤ ਸਿੰਘ ਹਨ। ਇਨ੍ਹਾਂ ਦੇ ਦੋ ਕੇਂਦਰ ਹਨ-ਇਕ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਤੇ ਦੂਜਾ ਸ੍ਰੀ ਜੀਵਨ ਨਗਰ ਜਿਲ੍ਹਾ ਸਰਸਾ। ਇਨ੍ਹਾਂ ਦੇ ਚਾਰ ਪੱਤਰ ਛਪਦੇ ਹਨ। ਇਹ ਕਿਸਾਨਾਂ, ਦਸਤਕਾਰਾਂ, ਠੇਕੇਦਾਰਾਂ, ਪਸ਼ੂ-ਪਾਲਿਕਾਂ ਤੇ ਬਿਉਪਾਰੀਆਂ ਦਾ ਸੰਯੁਕਤ ਪੰਥ ਹੈ। ਜਿਹੜੇ ਇਸ ਦੇ ਕੋਨੇ ਕੋਨੇ ਦੂਰ ਦੂਰ ਤਕ ਫੈਲੇ ਹੋਏ ਹਨ।

*-ਸ੍ਰ: ਖੁਸ਼ਵੰਤ ਸਿੰਘ*

## ਗੁਰੂ ਗੋਬਿੰਦ ਸਿੰਘ ਦਾ ਅਕਸ

ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਿਚ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਐਸਾ ਨਹੀਂ ਹੋਇਆ ਜਿਸਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇਨਾਂ ਉਚਾ ਤੇ ਹਮਾਗੀਰ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ ਸਮਾਜਿਕ ਤੌਰ ਤੇ ਰਾਜਸੀ ਤੌਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੋਇਆ ਹੈ, ਇਸ ਲਈ ਸ਼ਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਸਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇਕ ਕੁਦਰਤੀ ਜੇਹੀ ਗੱਲ ਸੀ।"

*ਸ੍ਰ. ਕਪੂਰ ਸਿੰਘ*

*ਆਈ. ਸੀ. ਐਸ. ਸਾਬਕ ਡਿਪਟੀ ਕਮਿਸ਼ਨਰ*



Namdhari Elibrary NamdhariElibrary@gmail.com

# ਸਿੱਖੀ ਅਤੇ ਸਤਿਗੁਰੂ ਰਾਮ ਸਿੰਘ ਜੀ

—ਪ੍ਰੋ. ਗੋਪਾਲ ਸਿੰਘ ਬੁੱਟਰ



ਸਤਿਗੁਰੂ ਰਾਮ ਸਿੰਘ ਜੀ, ਗੁਰੂ ਬਾਲਕ ਸਿੰਘ ਹਜ਼ਰੋ ਜ਼ਿਲ੍ਹਾ ਹਜ਼ਾਰਾ ਦੇ ਸੇਵਕ ਅਤੇ ਬਾਅਦ ਵਿਚ ਉਨ੍ਹਾਂ ਵੱਲੋਂ ਚਲਾਈ ਸਿੱਖੀ ਸੁਧਾਰ ਦੀ ਲਹਿਰ ਦੇ ਮੁਖੀ ਬਣੇ ਅਤੇ ਉਨ੍ਹਾਂ ਨੇ ਇਸ ਲਹਿਰ ਨੂੰ ਨਾਮਧਾਰੀ ਲਹਿਰ ਦੇ ਰੂਪ ਵਿਚ ਫੈਲਾਅ ਦਿੱਤਾ। ਸਤਿਗੁਰੂ ਰਾਮ ਸਿੰਘ ਗੁਰੂ ਬਾਲਕ ਸਿੰਘ ਦੇ ਗੱਦੀ-ਨਸ਼ੀਨ ਹੋਣ ਕਾਰਨ ਉਨ੍ਹਾਂ ਨੇ ਸਿੱਖੀ ਵਿਚ ਆਈ ਗਿਰਾਵਟ ਨੂੰ ਦੂਰ ਕਰਨ ਲਈ ਉਨ੍ਹਾਂ ਵਲੋਂ ਦਰਸਾਏ ਮਾਰਗ 'ਤੇ ਚਲ ਕੇ ਸੰਤ ਖ਼ਾਲਸਾ ਦੀ ਸਾਜਨਾ ਕੀਤੀ ਅਤੇ ਅੱਧੋਗਤੀ ਦੀ ਸ਼ਿਕਾਰ ਸਿੱਖ ਲਹਿਰ ਦੀ ਪੁਨਰ ਸਥਾਪਤੀ ਲਈ ਵੱਡੇ ਉਪਰਾਲੇ ਕੀਤੇ। ਅਸੀਂ ਇਸ ਹੱਥਲੇ ਲੇਖ ਵਿਚ ਸਤਿਗੁਰੂ ਰਾਮ ਸਿੰਘ ਦੇ ਸਮਿਆਂ ਵਿਚ ਸਿੱਖੀ ਦੀ ਦਸ਼ਾ ਅਤੇ ਇਸ ਦੇ ਸੁਧਾਰ ਹਿਤ ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਨਾਮਧਾਰੀ ਸੇਵਕਾਂ ਵੱਲੋਂ ਪਾਏ ਯੋਗਦਾਨ ਬਾਰੇ ਵਿਚਾਰ ਚਰਚਾ ਕਰਾਂਗੇ।

ਗੁਰੂ ਗੋਬਿੰਦ ਸਿੰਘ ਦੇ ਸੰਗਰਾਮੀ ਦੌਰ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਸਿੱਖਾਂ ਨੂੰ ਸੰਗਠਿਤ ਕਰਕੇ ਮੁਗ਼ਲ ਹਕੂਮਤ ਦੇ ਜ਼ੁਲਮਾਂ ਦਾ ਬਦਲਾ ਲੈਣ ਅਤੇ ਮਜ਼ਲੂਮਾਂ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਕਰਦਾ ਹੈ। ਮੁਢਲੀਆਂ ਸਫ਼ਲਤਾਵਾਂ ਤੋਂ ਬਾਅਦ ਸੰਗਠਨ ਵਿਚ ਪਈ ਫੁੱਟ ਅਤੇ ਸਾਧਨਾਂ ਦੀ ਘਾਟ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਮੁਗਲਾਂ ਦੇ ਘੇਰੇ ਵਿਚ ਆ ਜਾਂਦੇ ਅਤੇ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਇਸ ਤੋਂ ਬਾਅਦ ਉੱਠੇ ਸਿੱਖ ਸੰਗਠਨ ਮਿਸਲਾਂ ਦੇ ਰੂਪ ਵਿਚ ਸ਼ਕਤੀ ਗ੍ਰਹਿਣ ਕਰਦੇ ਹਨ ਅਤੇ ਮੁਗਲਾਂ ਦੇ ਜ਼ੁਲਮ ਅਤੇ ਬਾਹਰੋਂ ਆਏ ਧਾੜਵੀਆਂ ਤੋਂ ਪੰਜਾਬੀ ਲੋਕਾਂ ਦੀ ਜਾਨ ਮਾਲ ਅਤੇ ਇੱਜ਼ਤ ਆਬਰੂ ਦੇ ਰੱਖਿਅਕ ਬਣ ਕੇ ਲੋਕ ਮਨਾਂ ਵਿਚ ਆਪਣੇ ਲਈ ਸਤਿਕਾਰ ਪੈਦਾ ਕਰਨ ਵਿਚ ਸਫ਼ਲ ਹੋ ਜਾਂਦੇ ਹਨ। ਇਸ ਅਠ੍ਹਾਰਵੀਂ ਸਦੀ ਦੇ ਸਿੱਖ ਸੰਘਰਸ਼ ਨੂੰ ਦੋ ਵੱਡੇ ਘੱਲੂਘਾਰਿਆਂ ਤੋਂ ਇਲਾਵਾ ਹੋਰ ਮੁਗਲ ਅਤੇ ਧਾੜਵੀਆਂ ਨਾਲ ਹੋਈਆਂ ਝੜਪਾਂ ਵਿਚ ਵਡੇਰੀਆਂ ਕੁਰਬਾਨੀਆਂ ਕਰਨੀਆਂ ਪਈਆਂ, ਪਰ ਉਚੇਰੇ ਸਿੱਖ ਆਦਰਸ਼ਾਂ ਤੇ ਪਹਿਰਾ ਦਿੰਦਿਆਂ ਇਹ ਸਿੱਖ ਸੈਨਿਕ ਵੱਡੇ ਤੋਂ ਵੱਡੇ ਨੁਕਸਾਨ ਨੂੰ ਖਿੜੇ ਮੱਥੇ ਸਹਿਣ ਕਰਨ ਦੀ ਆਤਮਿਕ ਸ਼ਕਤੀ ਰੱਖਦੇ ਸਨ। ਇਹ ਆਹਲੂਵਾਲੀਆ, ਸਿੰਘਪੁਰੀਆਂ ਜਾਂ ਫ਼ੈਜ਼ਲਪੁਰੀਆਂ, ਕਰੋੜਸਿੰਘੀਆ, ਨਿਸ਼ਾਨਾ ਵਾਲੀ, ਸ਼ਹੀਦਾਂ ਵਾਲੀ, ਡੱਲੇਵਾਲੀਆ, ਭੰਗੀ, ਸ਼ੁੱਕਰਚੱਕੀਆ, ਕਨ੍ਹੱਈਆ, ਨਕਈ, ਰਾਮਗੜ੍ਹੀਆ ਅਤੇ ਫੂਲਕੀਆ ਨਾਮਕ ਬਾਰਾਂ ਮਿਸਲਾਂ ਵਿੱਚੋਂ ਅੱਗੇ ਨਾਭਾ, ਪਟਿਆਲਾ, ਜੀਂਦ, ਫ਼ਰੀਦਕੋਟ, ਕਲਸੀਆ, ਲਾਡਵਾ, ਕਪੂਰਥਲਾ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਰੂਪੀ ਸਿੱਖ ਰਿਆਸਤਾਂ ਹੋਂਦ ਵਿਚ ਆਈਆਂ ਪਰ ਰਿਆਸਤਾਂ ਤੇ ਕਾਬਜ਼ ਸਿੱਖ ਸਰਦਾਰਾਂ ਦੇ ਕਿਰਦਾਰ ਸਿੱਖੀ ਦੇ ਉੱਚੇ ਆਦਰਸ਼ਾਂ ਅਤੇ ਮਾਨਵੀ ਸਰੋਕਾਰਾਂ ਨਾਲੋਂ ਪਿੱਛੇ ਹਟਣ ਲੱਗੇ। ਇਹ ਸਰਦਾਰ ਜ਼ੁਲਮ ਦੇ ਖ਼ਿਲਾਫ਼ ਅਤੇ ਮਜ਼ਲੂਮਾਂ ਦੇ ਹਿਤ ਵਿਚ ਕੁਰਬਾਨੀਆਂ ਭਰੇ ਸੰਘਰਸ਼ ਲਈ ਇਕੱਠੇ ਹੋ ਕੇ ਲੜਨ ਦੀ ਥਾਂ ਆਪਸੀ ਹਿਤਾਂ ਅਤੇ ਇਲਾਕਿਆਂ ਖ਼ਾਤਰ ਆਪਸ ਵਿਚ ਲੜਨ ਲੱਗ ਪਏ। ਰਾਜ ਸ਼ਕਤੀ ਕੋਲ ਆਉਣ ਕਾਰਨ ਇਹ ਸਰਦਾਰ ਰਾਖਵੇਂ ਹਿਤਾਂ ਨਾਲ ਜੁੜ ਗਏ ਅਤੇ ਸੂਰਮਗਤੀ ਦੇ ਸੰਘਰਸ਼ਾਂ ਦੀ ਥਾਂ ਵਿਲਾਸੀ ਰੁਚੀਆਂ ਦੇ ਸ਼ਿਕਾਰ ਹੋ ਗਏ । ਇਸ ਬਾਰੇ ਡਾ. ਗੁਰਬਚਨ ਸਿੰਘ ਨਈਅਰ ਲਿਖਦਾ ਹੈ:

> ਸਿੱਖਾਂ ਦੇ ਬਾਰਾਂ ਮਿਸਲਾਂ ਦੇ ਰੂਪ ਵਿਚ ਰਾਜ ਪ੍ਰਾਪਤ ਕਰਨ ਸਦਕਾ ਅਜਿਹਾ ਵਾਤਾਵਰਣ ਪੈਦਾ ਹੋ ਚੁੱਕਾ ਸੀ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਅਧੀਨ ਇਕ ਵੱਡੇ ਰਾਜ ਦੀ ਸਥਾਪਤੀ ਹੋ ਸਕੀ ਪਰੰਤੂ ਇਸ ਦੇ ਨਾਲ-ਨਾਲ ਨਿੱਜੀ ਸਵਾਰਥ ਵਧਦਾ ਗਿਆ। ਮਹਾਰਾਜੇ ਵਲੋਂ ਮਿਲੀਆਂ ਜਗੀਰਾਂ, ਉੱਚੀਆਂ ਪਦਵੀਆਂ ਤੇ ਅਹੁਦਿਆਂ ਨੇ ਉੱਚੀ ਸ਼੍ਰੇਣੀ ਦੇ ਲੋਕਾਂ, ਜਾਗੀਰਦਾਰਾਂ, ਸਰਦਾਰਾਂ ਅਤੇ ਰਾਜਿਆਂ ਵਿਚ ਦੌਲਤ ਅਤੇ ਨਸ਼ੇ ਦੀ ਇੱਛਾ ਤੀਬਰ ਕਰ ਦਿੱਤੀ ਸੀ ਅਤੇ ਉਹ ਐਸ਼-ਓ-ਇਸ਼ਰਤ ਵਿਚ ਮਸਤ ਹੋ ਗਏ ਸਨ।[1]

ਇਸ ਦੌਰ ਵਿਚ ਸ਼ੁੱਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਮਾਝੇ ਤੇ ਦੁਆਬੇ ਦੀਆਂ ਸਾਰੀਆਂ ਰਿਆਸਤਾਂ ਨੂੰ ਆਪਣੀ ਵਿਸਤਾਰਵਾਦੀ ਰੁਚੀ ਦਾ ਸ਼ਿਕਾਰ ਬਣਾ ਲਿਆ। ਜਿਸ ਤੋਂ ਫ਼ਿਕਰਮੰਦ ਹੋ ਕੇ ਮਾਲਵੇ ਦੀਆਂ ਸਿੱਖ ਰਿਆਸਤਾਂ ਨੇ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਕਰ ਲਈ। ਜਿਸਨੇ ਸੰਗਠਿਤ ਸ਼ਕਤੀਸ਼ਾਲੀ ਸਿੱਖ ਰਾਜ ਦੀਆਂ ਸੰਭਾਵਨਾਵਾਂ ਨੂੰ ਖ਼ਤਮ ਕਰ ਦਿੱਤਾ। ਸਾਰੀਆਂ ਸਿੱਖ ਰਿਆਸਤਾਂ ਦੇ ਰਾਜੇ ਥੋੜ੍ਹੇ ਬਹੁਤੇ ਫ਼ਰਕ



Namdhari Elibrary NamdhariElibrary@gmail.com

ਨਾਲ ਇਖ਼ਲਾਕੀ ਕਮਜ਼ੋਰੀਆਂ ਦੇ ਸ਼ਿਕਾਰ ਬਣ ਗਏ ਉਹ ਲੋਕਾਂ ਵਿਚ ਆਦਰਸ਼ਕ ਸਿੱਖ ਦਾ ਪ੍ਰਤੀਬਿੰਬ ਸਥਾਪਿਤ ਨਾ ਕਰ ਸਕੇ ਅਤੇ ਸਿੱਖ ਲਹਿਰ ਦਾ ਪ੍ਰਭਾਵ ਘਟਨਾ ਸ਼ੁਰੂ ਹੋ ਗਿਆ। ਹਾਲਾਂਕਿ ਮਹਾਰਾਜਾ ਰਣਜੀਤ ਸਿੰਘ ਦੱਰਾ-ਖ਼ੈਬਰ ਤੋਂ ਆਉਣ ਵਾਲੇ ਧਾੜਵੀਆਂ ਨੂੰ ਆਪਣੀ ਸੈਨਿਕ ਸ਼ਕਤੀ ਦੇ ਬਲਬੂਤੇ ਰੋਕਣ ਵਿਚ ਕਾਮਯਾਬ ਹੋਣ ਕਾਰਨ ਸਮੁੱਚੇ ਪੰਜਾਬੀਆਂ ਦੇ ਸਤਿਕਾਰ ਦਾ ਪਾਤਰ ਬਣਿਆ ਰਿਹਾ ਪਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਅਤੇ ਸਿੱਖੀ ਦੇ ਪ੍ਰਸਾਰ ਲਈ ਕੁਝ ਵੀ ਨਾ ਕਰ ਸਕਿਆ। ਇਸ ਦੌਰ ਵਿਚ ਗੁਰਮਤਿ ਅਤੇ ਸਿੱਖੀ ਨਾਲ ਸੰਬੰਧਿਤ ਸਾਹਿਤ ਵੀ ਪੰਜਾਬੀ ਦੀ ਥਾਂ ਬ੍ਰਿਜ ਭਾਸ਼ਾ ਵਿਚ ਹੀ ਰਚਿਆ ਗਿਆ। ਸਰਕਾਰੀ ਭਾਸ਼ਾ ਵੀ ਮੁਗ਼ਲ ਰਾਜ ਵਕਤ ਦੀ ਫ਼ਾਰਸੀ ਭਾਸ਼ਾ ਹੀ ਬਣੀ ਰਹੀ। ਇਸ ਦੌਰ ਵਿਚ ਸਿੱਖੀ ਦੇ ਪ੍ਰਚਾਰ ਕੇਂਦਰ ਗੁਰਦੁਆਰਿਆਂ ਵਿੱਚ ਗੁਰਮਤ ਦੀ ਗੱਲ ਹੀ ਨਹੀਂ ਸੀ ਹੁੰਦੀ।

ਦਰਅਸਲ ਜਦ ਮੁਗਲ ਰਾਜ ਵਲੋਂ ਸਿੰਘਾਂ ਨੂੰ ਚੁਣ ਚੁਣ ਕੇ ਸ਼ਹੀਦ ਕਰਨਾ ਸ਼ੁਰੂ ਹੋ ਗਿਆ ਅਤੇ ਸਿੰਘਾਂ ਨੂੰ ਘਰ-ਘਾਟ ਛੱਡ ਕੇ ਪੰਜਾਬੋਂ ਬਾਹਰ ਦਿਨ ਕੱਟਣੇ ਪਏ ਤਾਂ ਗੁਰਦੁਆਰਿਆਂ ਦੀ ਸੇਵਾ ਉਦਾਸੀ ਸਿੱਖਾਂ ਤੇ ਸਹਿਜਧਾਰੀ ਸਿੱਖਾਂ ਨੇ ਸੰਭਾਲੀ। ਸਿੱਖ-ਰਾਜ ਕਾਇਮ ਹੋਣ ਤੇ ਗੁਰਦੁਆਰਿਆਂ ਦੇ ਨਾਂ ਜਗੀਰਾਂ ਲੱਗ ਗਈਆਂ ਅਤੇ ਚੜ੍ਹਾਵੇ ਆਦਿ ਦੀ ਆਮਦਨ ਵੱਧ ਗਈ। ਸਮੇਂ ਦੇ ਗੇੜ ਨੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਡੋਗਰਿਆਂ ਦੀ ਚੌਧਰ ਵਿੱਚ ਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਸਭ ਉਲਟ-ਪੁਲਟ ਕਰ ਦਿੱਤਾ। ਇਸੇ ਕਰਕੇ ਦੇਸ਼ ਭਰ ਦੇ ਹੋਰ ਗੁਰਦੁਆਰਿਆਂ ਦਾ ਪ੍ਰਬੰਧ ਵੀ ਹੌਲੀ-ਹੌਲੀ ਵਿਗੜਦਾ ਗਿਆ, ਜਿਉਂ ਜਿਉਂ ਕੌਮ ਵਿੱਚੋਂ ਗੁਰਮਤਿ ਦੇ ਪ੍ਰਚਾਰ ਦਾ ਕੰਮ ਅਲੋਪ ਹੁੰਦਾ ਗਿਆ, ਤਿਉਂ ਤਿਉਂ ਗੁਰਦੁਆਰਿਆਂ ਦੀ ਮਰਯਾਦਾ ਵੀ ਵਿਗੜਦੀ ਗਈ, ਇਹਨਾਂ ਦੀ ਹਾਲਤ ਇਥੋਂ ਤੀਕ ਡਿੱਗ ਗਈ ਕਿ ਇਹ ਕੇਵਲ ਨਾਂ ਨੂੰ ਹੀ ਸਿੱਖੀ ਦੇ ਧਰਮ ਅਸਥਾਨ ਰਹਿ ਗਏ। ਇਹਨਾਂ ਦੀ ਮਰਯਾਦਾ ਤੇ ਪੂਜਾ ਪਾਠ ਦੇ ਢੰਗ ਸਿੱਖੀ-ਉਪਦੇਸ਼ਾਂ, ਆਦਰਸ਼ਾਂ ਤੇ ਸਿਧਾਂਤਾਂ ਤੋਂ ਉੱਕੇ ਹੀ ਵਿਰੋਧੀ ਹੋ ਗਏ।[2] ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਉਸ ਵਕਤ ਦੇ ਸਿੱਖਾਂ ਦੀ ਗੁਰਮਤ ਵਿਚਾਰਧਾਰਾ ਨਾਲੋਂ ਅਣਭਿਜਤਾ ਬਾਰੇ ਆਪਣੀਆਂ ਕਈ ਲਿਖਤਾਂ ਵਿੱਚ ਲਿਖਦਾ ਹੈ ਕਿ ਉਸ ਵਕਤ ਦੇ ਸਿੱਖ ਬਾਹਰੀ ਦਿੱਖ ਪੱਖੋਂ ਹੀ ਸਿੱਖ ਦਿਸਦੇ ਸਨ ਉਂਝ ਉਨ੍ਹਾਂ ਦੀ ਜੀਵਨ ਜਾਚ ਅਤੇ ਮਾਨਸਿਕਤਾ ਦਾ ਮੁਕੰਮਲ ਸਨਾਤਨੀਕਰਨ ਹੋ ਚੁੱਕਾ ਸੀ।

ਇਨ੍ਹਾਂ ਰਿਆਸਤਾਂ ਦੇ ਰਾਜਿਆਂ ਅਤੇ ਉਪਰਲੇ ਆਹੁਦਿਆਂ 'ਤੇ ਕੰਮ ਕਰਨ ਵਾਲੇ ਲੋਕਾਂ ਦੀ ਦਿੱਖ ਦਾ ਆਮ ਪਰਜਾ ਵੱਲੋਂ ਦਿੱਖ ਦੀ ਪੱਧਰ 'ਤੇ ਅਨੁਕਰਣ ਕਰਨ ਕਾਰਨ ਭਾਵੇਂ ਲੋਕ ਨੈਤਿਕ ਅਤੇ ਆਤਮਿਕ ਪੱਖੋਂ 'ਰੋਲ ਮਾਡਲ' ਦੀ ਘਾਟ ਕਰਨ ਸਿੱਖੀ ਤੋਂ ਦੂਰ ਹੁੰਦੇ ਜਾ ਰਹੇ ਸਨ ਪਰ ਉਹ ਦਿੱਖ ਪੱਖੋਂ ਸਿੱਖੀ ਦੇ ਅਨੁਕੂਲ ਹੀ ਸਨ। 29 ਮਾਰਚ 1849 ਈ. ਨੂੰ ਲਾਰਡ ਡਲਹੌਜ਼ੀ ਪੰਜਾਬ ਨੂੰ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਾ ਲੈਂਦਾ ਹੈ ਤਾਂ ਇਕ-ਦਮ ਜਾਗਰੂਕ ਲੋਕਾਂ ਨੂੰ ਸਿੱਖੀ ਦੀ ਅੱਧੋਗਤੀ ਦਾ ਅਹਿਸਾਸ ਹੁੰਦਾ ਹੈ। ਜਦ ਅੰਗਰੇਜ਼ਾਂ ਨਾਲ ਆਏ ਪਾਦਰੀਆਂ ਦੇ ਪ੍ਰਭਾਵ ਸਦਕਾ ਜਨ-ਸਾਧਾਰਨ ਈਸਾਈ ਧਰਮ ਵੱਲ ਰੁਚਿਤ ਹੁੰਦਾ ਹੈ ਤਾਂ ਸਿੱਖੀ ਦੀ ਪੁਨਰ-ਸੁਰਜੀਤੀ ਦੀ ਲੋੜ ਦਾ ਅਹਿਸਾਸ ਤੀਖਣ ਹੁੰਦਾ ਜਾਂਦਾ ਹੈ।

ਪੰਜਾਬ ਵਿੱਚ ਅੰਗਰੇਜ਼ੀ ਰਾਜ ਕਾਇਮ ਹੋਣ ਮਗਰੋਂ ਹਾਲਾਤ ਮੂਲੋਂ ਹੀ ਬਦਲ ਗਏ। ਅੰਮ੍ਰਿਤਸਰ ਅਤੇ ਤਰਨਤਾਰਨ ਦੇ ਗੁਰਦੁਆਰੇ ਸਹਿਜੇ-ਸਹਿਜੇ ਸਰਕਾਰ ਦੇ ਹੱਥਾਂ ਵਿੱਚ ਚਲੇ ਗਏ। ਇਹਨਾਂ ਦੇ ਪ੍ਰਬੰਧ ਵਾਸਤੇ ਸਰਕਾਰ ਸਰਬਰ੍ਹਾ ਨੀਯਤ ਕਰਦੀ ਸੀ ਅਤੇ ਉਹ ਸਰਕਾਰ ਦੀ ਮਰਜ਼ੀ ਅਨੁਸਾਰ ਚਲਦਾ ਸੀ। ਨਵੇਂ ਲਾਗੂ ਹੋਏ ਕਾਨੂੰਨ ਹੇਠ ਮਹੰਤਾਂ ਤੇ ਪੁਜਾਰੀਆਂ ਨੂੰ ਗੁਰਦੁਆਰਿਆਂ ਸੰਬੰਧੀ ਤਕਰੀਬਨ ਉਸੇ ਤਰ੍ਹਾਂ ਹੀ ਹੱਕ ਮਿਲ ਗਏ, ਜਿਸ ਤਰ੍ਹਾਂ ਹੋਰਨਾਂ ਨੂੰ ਨਿਜੀ ਜਾਇਦਾਦ ਸੰਬੰਧੀ ਪ੍ਰਾਪਤ ਸਨ। ਦੂਜੇ ਸ਼ਬਦਾਂ ਵਿੱਚ ਗੁਰਦੁਆਰੇ ਮਹੰਤਾਂ ਤੇ ਪੁਜਾਰੀਆਂ ਦੀ ਨਿੱਜੀ ਜਾਇਦਾਦ ਬਣ ਗਏ। ਨਤੀਜਾ ਇਹ ਹੋਇਆ ਕਿ ਮਹੰਤ ਅਤੇ ਪੁਜਾਰੀ ਗੁਰਦੁਆਰਿਆਂ ਨੂੰ ਅਤੇ ਉਹਨਾਂ ਨਾਲ ਸੰਬੰਧਤ ਜਾਗੀਰ ਤੇ ਜਾਇਦਾਦ ਨੂੰ ਆਪਣੀ ਨਿੱਜੀ ਮਲਕੀਅਤ ਤੇ ਵਿਰਾਸਤ ਸਮਝ ਕੇ ਉਨ੍ਹਾਂ ਨੂੰ ਘਰੋਗੀ ਵਸਤੂਆਂ ਵਾਂਗੂੰ ਆਪਣੀ ਮਨ ਮਰਜ਼ੀ ਮੁਤਾਬਕ ਵਰਤਣ ਲੱਗ ਪਏ। ਗੁਰਦੁਆਰਿਆਂ ਦੀ ਜ਼ਮੀਨ ਜਾਇਦਾਦ ਨੂੰ ਮਹੰਤ ਵੇਚਣ ਅਤੇ ਖੁਰਦ-ਬੁਰਦ ਕਰਨ ਲੱਗ ਪਏ। ਗੁਰਦੁਆਰਿਆਂ ਦੀ ਆਮਦਨ ਨੂੰ ਉਹ ਖਾਣ ਪੀਣ ਤੇ ਐਸ਼ਾਂ ਬਹਾਰਾਂ ਵਿੱਚ ਉਜਾੜਨ ਲੱਗ ਪਏ। ਗੁਰਦੁਆਰਿਆਂ ਵਿੱਚ ਅਜਿਹੇ ਅਪਵਿੱਤਰ ਤੇ ਨੀਚ ਕੰਮ ਹੋਣ ਲੱਗ ਪਏ, ਜਿਹਨਾਂ ਦਾ ਜ਼ਿਕਰ ਕਰਦਿਆਂ ਵੀ ਸ਼ਰਮ ਆਉਂਦੀ ਹੈ।[3] ਦਰਅਸਲ ਬਰਤਾਨਵੀ ਸ਼ਾਸਕ ਸਿੱਖ ਧਰਮ ਸਥਾਨਾਂ ਦੇ ਸਰਬਰਾਹਵਾਂ ਅਤੇ ਹੋਰ ਪ੍ਰਬੰਧਕ ਆਗੂਆਂ ਨੂੰ ਆਪਣੇ ਰਾਜਸੀ ਹਿੱਤਾਂ ਮੁਤਾਬਿਕ ਵਰਤਦੇ ਸਨ। ਉਨ੍ਹਾਂ ਨੂੰ ਇਨ੍ਹਾਂ ਸਥਾਨਾਂ ਦੀ ਅਜ਼ਮਤ ਦਾ ਕੀ ਫਿਕਰ ਹੋਣਾ ਸੀ ? ਇਤਿਹਾਸ ਗਵਾਹ ਹੈ ਕਿ ਸਮੇਂ ਸਮੇਂ ਜਿਸ ਲਹਿਰ ਵੱਲੋਂ ਜਾਂ ਜਿਸ ਵਿਅਕਤੀ ਵੱਲੋਂ ਸਰਕਾਰ ਨੂੰ ਚੁਣੌਤੀ ਮਿਲੀ ਉਸ ਨੂੰ ਸਰਕਾਰ ਨੇ ਧਾਰਮਿਕ ਫਤਵਿਆਂ ਨਾਲ ਬਦਨਾਮ ਕਰਕੇ ਅਲੱਗ ਥਲੱਗ ਕਰਨ ਦੀ ਕੋਸ਼ਿਸ਼ ਕੀਤੀ । ਗ਼ਦਰੀ ਬਾਬਿਆਂ ਅਤੇ ਸਤਿਗੁਰੂ ਰਾਮ ਸਿੰਘ ਉੱਤੇ ਵੀ ਬਰਤਾਨਵੀ ਸਾਮਰਾਜੀਆਂ ਨੇ ਇਹੀ ਹਥਿਆਰ ਵਰਤਿਆ ।



Namdhari Elibrary NamdhariElibrary@gmail.com

ਇਸੇ ਦੌਰ ਵਿਚ ਹੀ ਸਤਿਗੁਰੂ ਰਾਮ ਸਿੰਘ ਦੀ ਨਾਮਧਾਰੀ ਲਹਿਰ ਸਿੱਖੀ ਸੰਭਾਲ ਅਤੇ ਅੰਗਰੇਜ਼ੀ ਗ਼ੁਲਾਮੀ ਦੇ ਸੰਗਲ ਤੋੜਨ ਦੇ ਵਡੇਰੇ ਉਪਰਾਲੇ ਕਰਦੀ ਹੈ।

ਜਿੱਥੇ ਸਿੱਖੀ ਦੀ ਪੁਨਰ-ਸੁਰਜੀਤੀ ਨਾਲ ਸੰਬੰਧਿਤ ਸਿੰਘ ਸਭਾ ਲਹਿਰ ਅਤੇ ਚੀਫ਼ ਖ਼ਾਲਸਾ ਦੀਵਾਨ ਵਰਗੀਆਂ ਲਹਿਰਾਂ ਸਿੱਖੀ ਲਈ ਤਾਂ ਫ਼ਿਕਰਮੰਦ ਨਜ਼ਰ ਆਉਂਦੀਆਂ ਹਨ ਪਰ ਅੰਗਰੇਜ਼ਾਂ ਦੀ ਗ਼ੁਲਾਮੀ ਉਨ੍ਹਾਂ ਲਈ ਪਰੇਸ਼ਾਨੀ ਦਾ ਕਾਰਨ ਨਹੀ ਦ੍ਰਿਸ਼ਟੀਗੋਚਰ ਹੁੰਦੀ। ਦੂਜੇ ਪਾਸੇ ਨਾਮਧਾਰੀ ਲਹਿਰ ਲਈ ਸਾਰੀਆਂ ਪਰੇਸ਼ਾਨੀਆਂ ਅਤੇ ਬਿਪਤਾਵਾਂ ਦੀ ਜੜ੍ਹ ਪਰਾਧੀਨਤਾ ਹੀ ਹੈ। ਉਹ ਜਿੱਥੇ ਸਿੱਖਾਂ ਨੂੰ ਆਤਮਿਕ ਪੱਖੋਂ ਸ਼ਕਤੀਸ਼ਾਲੀ ਦੇਖਣ ਲਈ ਕਾਰਜਸ਼ੀਲ ਹੈ ਉਥੇ ਗ਼ੁਲਾਮੀ ਦਾ ਖ਼ਾਤਮਾ ਵੀ ਉਸਦੀ ਮੁੱਖ ਪ੍ਰਾਥਮਿਕਤਾ ਹੈ। ਇਸ ਕਾਰਜ ਲਈ ਸਤਿਗੁਰੂ ਰਾਮ ਸਿੰਘ ਵੱਡੇ ਉਪਰਾਲੇ ਕਰਦੇ ਅਤੇ ਅਣਮਨੁੱਖੀ ਤਸੀਹੇ ਝੱਲਦੇ ਹਨ।

ਨਾਮਧਾਰੀ ਲਹਿਰ ਦੇ ਅਸਲ ਬਾਨੀ ਸਤਿਗੁਰੂ ਰਾਮ ਸਿੰਘ ਹੀ ਸਨ। ਭਾਵੇਂ ਉਨ੍ਹਾਂ ਨੇ ਇਸ ਲਹਿਰ ਨੂੰ ਗੁਰੂ ਬਾਲਕ ਸਿੰਘ ਹਜ਼ਰੋਂ ਵਾਲਿਆਂ ਦੀਆਂ ਸਿੱਖਿਆਵਾਂ ਮੁਤਾਬਿਕ ਹੀ ਉਸਾਰਿਆ ਸੀ। ਸਤਿਗੁਰੂ ਰਾਮ ਸਿੰਘ ਦਾ ਜਨਮ ਲੁਧਿਆਣਾ ਜ਼ਿਲੇ ਦੇ ਪਿੰਡ ਰਾਈਆਂ ਵਿਚ ਸ੍ਰ. ਜੱਸਾ ਸਿੰਘ ਦੇ ਘਰ ਮਾਤਾ ਸਦਾ ਕੌਰ ਦੀ ਕੁੱਖੋਂ ਸੰਨ 1816 ਈ. ਵਿੱਚ ਹੋਇਆ। ਆਪ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਦੇ ਧਾਰਨੀ ਸਨ। ਉਨ੍ਹਾਂ ਨੇ ਕੁਝ ਸਮਾਂ ਜ਼ਿਲ੍ਹਾ ਜਲੰਧਰ ਦੇ ਇਤਿਹਾਸਕ ਪਿੰਡ ਬਿਲਗਾ ਦੇ ਇਕ ਉਦਾਸੀ ਸਾਧੂ ਕੋਲੋਂ ਸਿੱਖਿਆ ਹਾਸਿਲ ਕੀਤੀ। ਸਤਿਗੁਰੂ ਰਾਮ ਸਿੰਘ ਦਾ ਵਿਆਹ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਧਰੌੜ ਦੇ ਭਾਈ ਸਾਹਿਬ ਦੀ ਸਪੁੱਤਰੀ ਬੀਬੀ ਜੱਸਾਂ ਨਾਲ ਹੋਇਆ ਤੇ ਇਨ੍ਹਾਂ ਦੇ ਘਰ ਦੋ ਪੁੱਤਰੀਆਂ ਨੇ ਜਨਮ ਲਿਆ। ਜਵਾਨੀ ਵਿਚ ਆਪ ਨੇ ਲਾਹੌਰ ਦਰਬਾਰ ਦੀ ਸੈਨਾ ਵਿਚ ਨੌਕਰੀ ਵੀ ਕੀਤੀ ਪਰ ਪਹਿਲੀ 'ਐਂਗਲੋ ਸਿੱਖ ਵਾਰ' ਵਿਚ ਆਗੂਆਂ ਦੇ ਵਿਸ਼ਵਾਸਘਾਤੀ ਵਿਹਾਰ ਤੋਂ ਦੁਖੀ ਹੋ ਕੇ, ਨੌਕਰੀ ਨੂੰ ਤਿਲਾਂਜਲੀ ਦੇ ਦਿੱਤੀ। ਨਾਮ ਅਭਿਆਸੀ ਗੁਰੂ ਬਾਲਕ ਸਿੰਘ ਨੇ ਆਪਣੇ ਅਨੁਆਈਆਂ ਨੂੰ ਗੁਰਬਾਣੀ ਵਿਚ ਯਕੀਨ ਰੱਖਣ, ਧਰਮ ਦੀ ਕਮਾਈ ਕਰਨ, ਸੱਚਾ ਤੇ ਸੁੱਚਾ ਜੀਵਨ ਬਤੀਤ ਕਰਨ ਅਤੇ ਨਸ਼ਿਆਂ ਤੋਂ ਪ੍ਰਹੇਜ਼ ਕਰਨ ਅਤੇ ਅਕਾਲ ਪੁਰਖ ਤੋਂ ਭਿੰਨ ਕਿਸੇ ਦੇਵੀ ਦੇਵਤਾ ਪ੍ਰਤੀ ਸ਼ਰਧਾ ਨਾ ਰੱਖਣ ਦੀ ਤਾਕੀਦ ਕੀਤੀ। ਆਪਣੇ ਗੁਰੂ ਰਾਮ ਸਿੰਘ ਨੂੰ ਆਪਣੀ ਸੰਪਰਦਾਇ ਨੂੰ ਵਿਵਸਥਿਤ ਰੂਪ ਵਿੱਚ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ।[4]

ਸਤਿਗੁਰੂ ਰਾਮ ਸਿੰਘ ਸਿੱਖੀ ਸੰਭਾਲ ਪ੍ਰਚਾਰ ਤੇ ਪ੍ਰਸਾਰ ਦੇ ਨਾਲ ਨਾਲ ਸ਼ਾਂਤਮਈ ਢੰਗ ਨਾਲ ਬਰਤਾਨਵੀ ਸਾਮਰਾਜ ਵਿਰੁੱਧ ਅੰਦੋਲਨ ਕਰਨਾ ਚਾਹੁੰਦੇ ਸਨ ਅਤੇ ਇਸ ਪਰਥਾਇ ਉਨ੍ਹਾਂ ਨੇ ਅੰਗਰੇਜ਼ੀ ਸਿੱਖਿਆ, ਅੰਗਰੇਜ਼ੀ ਕਾਨੂੰਨ, ਅੰਗਰੇਜ਼ੀ ਡਾਕ ਪ੍ਰਬੰਧ ਦਾ ਮੁਕੰਮਲ ਬਾਈਕਾਟ ਕਰਕੇ ਇਸਦਾ ਬਦਲਵਾਂ ਪ੍ਰਬੰਧ ਕੀਤਾ। ਉਨ੍ਹਾਂ ਨੇ ਮਹਾਤਮਾ ਗਾਂਧੀ ਤੋਂ ਅੱਧੀ ਸਦੀ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਨਾ-ਮਿਲਵਰਤਨ ਲਹਿਰ ਆਰੰਭ ਕੀਤੀ ਅਤੇ ਸ਼ਾਂਤਮਈ ਢੰਗ ਨਾਲ ਅੰਗਰੇਜ਼ੀ ਸਲਤਨਤ ਤੋਂ ਭਾਰਤ ਦੀ ਮੁਕੰਮਲ ਆਜ਼ਾਦੀ ਲਈ ਅਸਰਦਾਰ ਉਪਰਾਲੇ ਕੀਤੇ।

ਸਤਿਗੁਰੂ ਰਾਮ ਸਿੰਘ ਨੇ ਆਪਣੇ ਮਿਸ਼ਨ ਦੀ ਕਾਮਯਾਬੀ ਲਈ ਆਪਣੇ ਪ੍ਰਭਾਵੀ ਖੇਤਰ ਨੂੰ ਪ੍ਰਚਾਰ ਲਈ 22 ਸੂਬਿਆਂ ਵਿੱਚ ਵੰਡਿਆ। ਹਰ ਸੂਬੇ ਦੇ ਮੁਖੀ ਨੂੰ ਸੂਬਾ ਦੀ ਪਦਵੀ ਦਿੱਤੀ। ਤਹਿਸੀਲਾਂ ਵਿਚ ਜਥੇਦਾਰ ਨਿਯੁਕਤ ਕੀਤੇ ਅਤੇ ਪਿੰਡਾਂ ਵਿਚ ਗ੍ਰੰਥੀਆਂ ਨੂੰ ਇਹ ਮਹੱਤਵਪੂਰਨ ਕਾਰਜ ਸੌਂਪਿਆ। ਆਪਣੀ ਲਹਿਰ ਨੂੰ ਵਿਸਥਾਰ ਦੇਣ ਲਈ ਉਨ੍ਹਾਂ ਜੰਮੂ-ਕਸ਼ਮੀਰ, ਨੇਪਾਲ, ਕਾਬਲ ਦੇ ਅਮੀਰ ਅਤੇ ਰੂਸ ਦੇ ਜ਼ਾਰ ਤੱਕ ਵੀ ਸੰਪਰਕ ਕਾਇਮ ਕੀਤਾ। ਉਹ ਆਪਣੇ ਵਿਵਸਥਿਤ ਅੰਦਲੋਨ ਨੂੰ ਵੱਡੀ ਪੱਧਰ 'ਤੇ ਆਰੰਭ ਕਰਨ ਦੀ ਵਿਉਂਤਬੰਦੀ ਵਿਚ ਹੀ ਸਨ ਕਿ ਕੁਝ ਕਾਹਲੇ ਨਾਮਧਾਰੀ ਮਸਤਾਨਿਆਂ ਨੇ ਗਊ ਹੱਤਿਆ ਦੇ ਕੇਂਦਰ ਬੁੱਚੜ ਖਾਨਿਆਂ ਦੇ ਬੁੱਚੜਾਂ ਨੂੰ ਕਰੋਧਿਤ ਹੋ ਕੇ ਕਤਲ ਕਰ ਦਿੱਤਾ। ਜਿਸ ਨਾਲ ਇਸ ਸ਼ਾਂਤਮਈ ਅੰਦੋਲਨ ਨੂੰ ਹਿੰਸਕ ਅਪਰਾਧਾਂ ਨਾਲ ਜੋੜ ਕੇ ਦਬਾ ਦੇਣ ਦਾ ਬਰਤਾਨਵੀ ਸਾਮਰਾਜ ਨੂੰ ਮੌਕਾ ਮਿਲ ਗਿਆ। ਇਸ ਦਮਨ ਚੱਕਰ ਵਿਚ ਸਤਿਗੁਰੂ ਰਾਮ ਸਿੰਘ ਨੂੰ ਉਨ੍ਹਾਂ ਦੇ ਪਰਿਵਾਰ ਨੂੰ ਅਤੇ ਉਨ੍ਹਾਂ ਦੇ ਨਾਮਧਾਰੀ ਅਨੁਯਾਈਆਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਭਾਵੇਂ ਨਾਮ ਧਾਰੀ ਲਹਿਰ ਨੂੰ ਵਡੇਰੇ ਇਮਤਿਹਾਨਾਂ ਵਿਚੋਂ ਗੁਜ਼ਰਨਾ ਪਿਆ, ਫਿਰ ਵੀ ਸਿੱਖੀ ਦੀ ਪੁਨਰ ਸੁਰਜੀਤੀ ਅਤੇ ਸਿੱਖੀ ਦੀ ਆਦਰਸ਼ਕ ਰਾਜਨੀਤੀ ਵਿੱਚ ਸਤਿਗੁਰੂ ਰਾਮ ਸਿੰਘ ਦੇ ਇਤਿਹਾਸਕ ਯੋਗਦਾਨ ਨੂੰ ਸਨਮਾਨ ਨਾਲ ਯਾਦ ਕੀਤਾ ਜਾਵੇਗਾ।

**ਹਵਾਲੇ :**


1. ਏ. ਸੀ. ਅਰੋੜਾ (ਸੰਪਾ.) **ਪੰਜਾਬ ਦੀਆਂ ਲੋਕ ਲਹਿਰਾਂ**, ਪੰਜਾਬੀ ਯੂਨੀਵਰਸਿਟੀ ਪਟਿਆਲਾ 1996, ਪੰਨਾ 36.
2. ਅਕਾਲੀ ਲਹਿਰ, **ਧਰਮ ਪ੍ਰਚਾਰ ਕਮੇਟੀ, ਦਿੱਲੀ** ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨਵੀ ਦਿੱਲੀ, ਮਿਤੀ ਹੀਨ ਪੰਨਾ-2
3. ਉਹੀ, ਪੰਨਾ- 3


*ਮੋ. + 91-9915005814*



Namdhari Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਦੀ ਰਾਜਨੀਤਕ ਚੇਤਨਾ

*—ਮਹਿੰਦਰ ਸਿੰਘ ਧੰਜਲ*



ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਨੀਵੀਂ ਸਦੀ ਦੇ ਉਤਰਾਰਧ ਵਿੱਚ ਆਪਣੇ ਦੇਸ਼ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਪੁਰਾਣੇ ਪ੍ਰੰਪਰਾਗਤ ਲੜਾਈ ਦੇ ਤੌਰ ਤਰੀਕਿਆਂ ਤੋਂ ਬਿਲਕੁਲ ਵੱਖਰਾ ਸ਼ਾਤਮਈ ਨਾਮਿਲਵਰਤਨ ਅੰਦੋਲਨ ਸ਼ੁਰੂ ਕੀਤਾ। ਦੁਨੀਆਂ ਦੇ ਕਿਸੇ ਹੋਰ ਦੇਸ਼ ਜਾਂ ਖਿੱਤੇ ਵਿੱਚ ਇਸ ਤੋਂ ਪਹਿਲਾਂ ਇਸ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਨਾਮਿਲਵਰਤਨ ਅੰਦੋਲਨ ਦੀ ਸ਼ੁਰੂਆਤ ਕੀਤੀ ਗਈ ਹੋਵੇ, ਇਸ ਤਰ੍ਹਾਂ ਦੀ ਮਿਸਾਲ ਵਿਸ਼ਵ ਦੇ ਇਤਿਹਾਸ ਵਿਚ ਨਹੀਂ ਮਿਲਦੀ। ਸਤਿਗੁਰੂ ਰਾਮ ਸਿੰਘ ਜੀ ਦੀ ਇਹ ਆਪਣੀ ਰਾਜਨੀਤਕ ਚੇਤਨਾ ਦਾ ਸਿੱਟਾ ਸੀ। ਵਿਸ਼ਵਕੋਸ਼( Encyclopedia) ਬ੍ਰਿਟੈਨਿਕਾ ਵਿੱਚ ਇਸ ਬਾਰੇ ਲਿਖਿਆ ਮਿਲਦਾ ਹੈ:- " Ram Singh, Sikh Philospher and reformer and The first Indian to use non-cooperation and bycott. The British merchandise and services as a political weapon."

"(ਗੁਰੂ) ਰਾਮ ਸਿੰਘ ਸਿੱਖ ਦਾਰਸ਼ਨਿਕ ਅਤੇ ਸੁਧਾਰਕ ਨੇ ਅੰਗਰੇਜ਼ ਵਪਾਰੀ ਨਾਲ ਅਤੇ ਨੌਕਰੀਆਂ ਪ੍ਰਤੀ ਨਾ- ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਿਕ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ।"

ਸਤਿਗੁਰੂ ਰਾਮ ਸਿੰਘ ਜੀ ਦੀ ਇਹ ਰਾਜਨੀਤਿਕ ਚੇਤਨਾ ਨਿਰੋਲ ਆਪਣੀ ਸੀ। ਆਪ ਜੀ ਸ਼ੁਰੂ ਤੋਂ ਹੀ ਸੰਤ ਸੁਭਾਅ ਦੇ ਮਾਲਕ ਸਨ, ਰਾਜਨੀਤੀ ਨਾਲ ਆਪਦਾ ਕੋਈ ਸਰੋਕਾਰ ਨਹੀਂ ਸੀ। ਆਪ ਜੀ ਦਾ ਜਨਮ ੧੮੧੬ ਈ: ਨੂੰ ਜ਼ਿਲ੍ਹਾ ਲੁਧਿਆਣਾ ਦੇ ਇੱਕ ਛੋਟੇ ਜਿਹੇ ਪਿੰਡ ਭੈਣੀ ਰਾਈਆਂ ਵਿਖੇ ਹੋਇਆ। ਆਪ ਜੀ ਦੇ ਪਿਤਾ ਜੱਸਾ ਸਿੰਘ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ ਤਰਖਾਣ ਜ਼ਾਤੀ ਨਾਲ ਸੰਬੰਧਤ, ਇੱਕ ਨੇਕ ਇਨਸਾਨ ਸਨ। ਪੇਂਡੂ ਪਿਛੋਕੜ ਹੋਣ ਕਰਕੇ ਆਪ ਨੂੰ ਬਚਪਨ ਵਿੱਚ ਵਿੱਦਿਆ ਪ੍ਰਾਪਤ ਕਰਨ ਦਾ ਮੌਕਾ ਨਹੀਂ ਮਿਲਿਆ। ਥੋੜ੍ਹੀ ਬਹੁਤ ਪੰਜਾਬੀ ਅਤੇ ਗੁਰਮੁਖੀ ਅੱਖਰਾਂ ਦਾ ਗਿਆਨ ਆਪਣੀ ਮਾਤਾ ਜੀ ਤੋਂ ਪ੍ਰਾਪਤ ਕੀਤਾ। ਬਾਲ ਅਵਸਥਾ ਵਿੱਚ ਆਪ ਮੱਝਾਂ ਚਾਰ ਕੇ ਲਿਆਉਂਦੇ ਜਾਂ ਤਰਖਾਣਾ ਕੰਮ ਵਿੱਚ ਪਿਤਾ ਜੀ ਦੀ ਸਹਾਇਤਾ ਕਰਦੇ ਸਨ।

ਭਰ ਜਵਾਨੀ ੨੨ ਕੁ ਸਾਲ ਦੀ ਉਮਰ ਵਿੱਚ ਆਪ ੧੮੩੭ ਈ: ਨੂੰ ਆਪਣੇ ਭਣਵੱਈਏ ਦੀ ਸਿਫ਼ਾਰਸ਼ ਤੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ, ਕੰਵਰ ਨੌਨਿਹਾਲ ਸਿੰਘ ਦੀ ਪਲਟਣ ਵਿੱਚ ਭਰਤੀ ਹੋ ਗਏ। ਅੱਠ ਕੁ ਸਾਲ ਫੌਜ ਵਿੱਚ ਨੌਕਰੀ ਕੀਤੀ। ਇਨ੍ਹਾਂ ਸਾਲਾਂ ਨੂੰ ਅਸੀਂ ਆਪ ਜੀ ਦੀ ਰਾਜਨੀਤਿਕ ਸੂਝ-ਬੂਝ ਜਾਂ ਚੇਤਨਾ ਸਰੋਤ ਕਹਿ ਸਕਦੇ ਹਾਂ; ਕਿਉਂਕਿ ਇਹੀ ਸਮਾਂ ਸੀ ਜਦ ਆਪ ਜੀ ਨੂੰ ਸਿੱਖ ਸਰਦਾਰਾਂ ਵਿੱਚ ਆਈ ਗਿਰਾਵਟ ਅਤੇ ਆਚਰਣ-ਹੀਨਤਾ ਨੂੰ ਨੇੜਿਓਂ ਵੇਖਣ ਤੇ ਸਮਝਣ ਦਾ ਮੌਕਾ ਮਿਲਿਆ। ਸੰਨ ੧੮੪੧ ਵਿੱਚ ਜਦ ਆਪ ਜੀ ਦੀ ਪਲਟਨ ਸਰਕਾਰੀ ਕੰਮ ਲਈ ਪਿਸ਼ਾਵਰ ਵੱਲ ਜਾ ਰਹੀ ਸੀ ਤਦ ਰਾਤ ਭਰ ਲਈ ਸ਼ਹਿਰ ਹਜਰੋਂ ਵਿੱਚ ਰੁਕੀ। ਇੱਥੇ ਗੁਰੂ ਬਾਲਕ ਸਿੰਘ ਜੀ ਸੰਗਤਾਂ ਨੂੰ ਨਾਮ ਦਾਨ ਨਾਲ ਜੋੜ ਰਹੇ ਸਨ। ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਆਪ ਜੀ ਨੇ ਵੀ ਆਪਣੇ ਸੰਗੀ-ਸਾਥੀਆਂ ਨਾਲ ਜਾ ਕੇ ਦੀਖਿਆ ਲਈ। ਇੱਥੇ ਹੀ ਗੁਰੂ ਬਾਲਕ ਸਿੰਘ ਜੀ ਨੇ ਆਪ ਜੀ ਨੂੰ ਗੁਰਤਾ ਦੀ ਦਾਤ ਬਖਸ਼ੀ।

ਸਤਿਗੁਰੂ ਰਾਮ ਸਿੰਘ ਜੀ ਦੇ ਨਾਮਿਲਵਰਤਣ ਅੰਦੋਲਨ ਦੀ ਗੱਲ ਕਰਨ ਤੋਂ ਪਹਿਲਾਂ ਉਸ ਸਮੇਂ ਸਾਡੇ ਦੇਸ਼ ਦੀ ਰਾਜਨੀਤਕ ਹਾਲਤ ਕਿਹੋ ਜਿਹੀ ਸੀ, ਉਸਤੇ ਸੰਖੇਪ ਜਿਹੀ ਝਾਤ ਮਾਰ ਲੈਣੀ ਚਾਹੀਦੀ ਹੈ। ਅੰਗਰੇਜ਼ ਸਾਮਰਾਜ ਤੋਂ ਪਹਿਲਾਂ ਸਾਡਾ ਦੇਸ਼ ਛੋਟੀਆਂ-ਛੋਟੀਆਂ ਦੇਸੀ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ, ਜਿਹਨਾਂ ਦੀ ਗਿਣਤੀ ਪੰਜ ਸੌ ਤੋਂ ਵਧਕੇ ਸੀ। ਪਹਿਲਾਂ ਪਹਿਲ ਅੰਗਰੇਜ਼ ਭਾਰਤ ਵਿੱਚ ਵਪਾਰ ਕਰਨ ਦੀ ਨੀਅਤ ਨਾਲ ਆਏ ਸਨ। ਸੰਨ ੧੬੧੨ ਵਿੱਚ ਮੁਗਲ ਸਮਰਾਟ ਜਹਾਂਗੀਰ ਤੋਂ ਇਜਾਜ਼ਤ ਲੈਕੇ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਨਾਲ ਵਪਾਰਕ ਸੰਬੰਧ ਬਨਾਉਣੇ ਸ਼ੁਰੂ ਕੀਤੇ, ਬਾਅਦ ਵਿੱਚ ਸਾਡੇ ਦੇਸ਼ ਦੀ ਕਮਜ਼ੋਰ ਰਾਜਨੀਤਕ ਹਾਲਤ ਵੇਖਕੇ ਸਿਆਸੀ ਲਾਹਾ ਲੈਣ ਲੱਗ ਪਏ। ਅੰਗਰੇਜ਼ਾਂ ਦੀ ਅੱਖ ਸਾਡੇ ਦੇਸ਼ ਨੂੰ ਆਪਣੀ ਬਸਤੀ ਬਨਾਉਣ ਦੀ ਸੀ। ਆਪਣੀ ਇਸ ਰਾਜਨੀਤਕ ਇੱਛਾ ਨੂੰ ਪੂਰਾ ਕਰਨ ਲਈ ਈਸਟ ਇੰਡੀਆ ਕੰਪਨੀ ਨੇ ਆਪਣੀ ਕੁਟਲ ਨੀਤੀ " ਪਾੜੋ ਅਤੇ ਰਾਜ ਕਰੋ" ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਈਸਟ ਇੰਡੀਆ ਕੰਪਨੀ ਨੇ ਇੱਕ-ਇੱਕ ਕਰਕੇ ਸਾਰੀਆਂ ਰਿਆਸਤਾਂ ਤੇ ਰਾਜਾਂ ਨੂੰ ਜਿੱਤਕੇ ਆਪਣੇ ਅਧੀਨ ਕਰ ਲਿਆ। ਇਥੇ ਇਹ ਗੱਲ ਲਿਖਣੀ ਸ਼ਰਮਿੰਦਗੀ ਵਾਲੀ ਹੀ ਆਖੀ ਜਾ ਸਕਦੀ ਹੈ ਕਿ ਸਾਡੇ ਦੇਸ਼ ਦੇ



Namdhari Elibrary NamdhariElibrary@gmail.com

ਰਾਜਿਆਂ ਅਤੇ ਮਹਾਰਾਜਿਆਂ 'ਚੋਂ ਕਿਸੇ ਇੱਕ ਵੀ ਮਹਾਰਾਜੇ ਨੂੰ ਈਸਟ ਇੰਡੀਆ ਕੰਪਨੀ ਦੀ ਰਾਜਨੀਤੀ ਦੀ ਸਮਝ ਨਾ ਆਈ।

ਇਸ ਸੰਦਰਭ ਵਿੱਚ ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਇਥੇ ਵੀ ਉਹੀ ਹਾਲਾਤ ਸਨ। ਸਿੱਖ ਸਰਦਾਰਾਂ ਦੀ ਗਦਾਰੀ ਕਾਰਨ ਅੰਗਰੇਜ਼ਾਂ ਨੇ ਖਾਲਸਾ ਫੌਜ ਨੂੰ ਹਰਾਕੇ ਪੰਜਾਬ ਨੂੰ ਆਪਣੇ ਸਾਮਰਾਜ ਵਿੱਚ ਸ਼ਾਮਲ ਕਰ ਲਿਆ। ਲੜਾਈ ਵਿੱਚ ਹਾਰ ਜਾਣਾ ਕਮਜ਼ੋਰੀ ਵਾਲੀ ਗੱਲ ਨਹੀਂ ਹੁੰਦੀ। ਦੋ ਧਿਰਾਂ ਲੜਦੀਆਂ ਹਨ, ਇਕ ਧਿਰ ਦੀ ਹਾਰ ਅਤੇ ਦੂਜੀ ਦੀ ਜਿੱਤ ਹੁੰਦੀ ਹੈ। ਹਾਰ ਜਿੱਤ ਬਣੀ ਆਈ ਹੈ। ਇਸ ਕਰਕੇ ਖਾਲਸਾ ਫੌਜ ਦਾ ਅੰਗਰੇਜ਼ੀ ਫੌਜ ਤੋਂ ਹਾਰ ਜਾਣਾ ਇੱਕ ਸਾਧਾਰਣ ਗੱਲ ਸੀ। ਕੌਮਾਂ ਲੜਾਈ ਜਿੱਤਦੀਆਂ ਵੀ ਹਨ ਤੇ ਹਾਰਦੀਆਂ ਵੀ ਹਨ। ਪਰ ਹਾਰ ਜਾਣ ਤੋਂ ਬਾਅਦ ਜਿਸ ਤਰ੍ਹਾਂ ਸਿੱਖ ਕੌਮ ਨੇ ਅੰਗਰੇਜ਼ ਸਰਕਾਰ ਦੀ ਅਧੀਨਤਾ ਤੇ ਗੁਲਾਮੀ ਨੂੰ ਕਬੂਲਿਆ ਉਹ ਜ਼ਰੂਰ ਨਿੰਦਨੀਯ ਸੀ। ਅੰਗਰੇਜ਼ ਆਪ ਇਸ ਗੱਲ ਤੇ ਹੈਰਾਨ ਸਨ ਕਿ ਸਿੱਖਾਂ ਵਰਗੀ ਮਾਰਸ਼ਲ ਕੌਮ ਇਤਨਾ ਸੁਖਾਲੀ ਅਧੀਨਤਾ ਸਵੀਕਾਰ ਕਰ ਲਵੇਗੀ। ਸਿੱਖ ਸਰਦਾਰ ਥੋੜ੍ਹੀਆਂ ਬਹੁਤੀਆਂ ਰਹੁ-ਰਿਐਤਾਂ ਬਦਲੇ ਅੰਗਰੇਜ਼ ਅਫਸਰਾਂ ਦੀ ਚਾਪਲੂਸੀ ਕਰਨ ਨੂੰ ਆਪਣੀ ਸ਼ਾਨ ਸਮਝਣ ਲੱਗ ਪਏ ਸਨ । ਸਿੱਖ ਗੁਰਦੁਆਰਿਆਂ ਅਤੇ ਬੁੰਗਿਆਂ ਵਿੱਚ ' ਯੁਗ-ਯੁਗ ਰਾਜ ਸਵਾਇਆ ਟੋਪੀ ਵਾਲੇ ਦਾ", ਅਰਦਾਸਾਂ ਹੋਣ ਲੱਗ ਪਈਆਂ ਸਨ। ਸੰਨ ੧੮੫੭ ਦੇ ਗਦਰ ਸਮੇਂ ਜਦ ਅੰਗਰੇਜ਼ੀ ਰਾਜ ਖਤਮ ਹੋਣ ਕਿਨਾਰੇ ਸੀ ਤਦ ਸਾਡੀਆਂ ਰਿਆਸਤਾਂ ਖਾਸ ਕਰਕੇ ਪਟਿਆਲਾ, ਨਾਭਾ ਅਤੇ ਜੀਂਦ ਦੇ ਮਹਾਰਾਜਿਆਂ ਨੇ ਅੰਗਰੇਜ਼ਾਂ ਦੀ ਮੱਦਦ ਕਰਕੇ ਆਪਣੀ ਵਫਾਦਾਰੀ ਦਾ ਸਬੂਤ ਦਿੱਤਾ। ਗੱਲ ਕੀ, ਸਿੱਖ ਸਰਦਾਰਾਂ ਨੇ ਆਪਣੀ ਅਣਖ ਅਤੇ ਸਵੈਮਾਨ ਨੂੰ ਅੰਗਰੇਜ਼ ਅੱਗੇ ਗਿਰਵੀ ਰੱਖ ਦਿੱਤਾ। ਸੰਤ ਇੰਦਰ ਸਿੰਘ ਚਕਰਵਰਤੀ ਮਾਲਵੇਂਦਰ ਵਿੱਚ ਲਿਖਦੇ ਹਨ:

" ਮੀਚੀ ਜਦ ਰਣਜੀਤ ਅੱਖ, ਗੁਰੁਪੁਰੀ ਕੀਆ ਧਿਆਨ।
ਕੋਈ ਸੰਭਾਲ ਨਾ ਸਕਿਆ, ਉਸਦਾ ਉਹ ਸਥਾਨ।
ਤਖਤ ਸਗੋਂ ਪੰਜਾਬ ਦਾ, ਕੌਡੀ ਮੁੱਲ ਲੁਟਾਇ।
ਸੌਂਪਿਆਂ ਹੱਥ ਫਰੰਗੀਆਂ, ਅਸਲੋਂ ਭੌਂ ਦੇ ਭਾਇਸ।
ਨਕਸ਼ਾ ਏਸ ਪੰਜਾਬ ਦਾ, ਸਾਰਾ ਹੋ ਗਿਆ ਲਾਲ।
ਰੰਗਿਆਂ ਖੂਨ ਹਰਾਮੀਆਂ, ਲਹੂ ਓਸਦੇ ਨਾਲ॥

ਅਜਿਹੇ ਮੁਸ਼ਕਲ ਸਮੇਂ ਜਦ ਸਾਰੀ ਸਿੱਖ ਕੌਮ ਦੀ ਇੱਜ਼ਤ ਆਬਰੂ ਦਾਅ ਤੇ ਲੱਗੀ ਹੋਈ ਸੀ, ਤਦ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਰਕਾਰ ਨੂੰ ਵੰਗਾਰਿਆ ਕਿ ਸਿੱਖ ਕੌਮ ਦੀ ਅਣਖ ਅਜੇ ਮਰੀ ਨਹੀਂ, ਜਿੰਦਾ ਹੈ:

" ਦਾਵਾ ਅਗਨਿ ਬਹੁਤ ਤ੍ਰਿਣ ਜਾਲੇ,
ਕੋਈ ਹਰਿਆ ਬੂਟ ਰਹਿਓ ਰੀ॥

(ਸ੍ਰੀ ਆਦਿ ਗਰੰਥ ਅੰਕ ੩੮੪)

ਸਤਿਗੁਰੂ ਰਾਮ ਸਿੰਘ ਜੀ ਜਿਹੜੇ ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ , ਕੰਵਰ ਨੌਨਿਹਾਲ ਸਿੰਘ ਦੀ ਰਜਮੈਂਟ ਵਿੱਚ ਭਰਤੀ ਸਨ। ਇਸ ਕਰਕੇ ਆਪ ਜੀ ਨੇ ਖਾਲਸਾ ਰਾਜ ਦੇ ਮਹਿਲ ਨੂੰ ਉਸਰਦਿਆਂ ਵੀ ਵੇਖਿਆ ਸੀ ਤੇ ਇਕ ਦਹਾਕੇ ਦੇ ਅੰਦਰ ਮਹਿਲ ਨੂੰ ਢਹਿ ਢੇਰੀ ਹੁੰਦਿਆਂ ਵੀ ਵੇਖਿਆ ਸੀ। ਸਿੱਖੀ ਰਹਿਤ ਮਰਿਯਾਦਾ ਨੂੰ ਛੱਡਕੇ ਉਸ ਸਮੇਂ ਖਾਲਸੇ ਦੀ ਜਿਹੜੀ ਹਾਲਤ ਮਲੇਛਾਂ ਵਾਲੀ ਬਣੀ ਹੋਈ ਸੀ, ਉਸ ਨੂੰ ਵੇਖਕੇ ਸਤਿਗੁਰੂ ਜੀ ਨੇ ਕੌਮ ਅਤੇ ਦੇਸ਼ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦ ਕਰਵਾਉਣ ਲਈ ਦ੍ਰਿੜ ਸੰਕਲਪ ਕਰ ਲਿਆ। ਦੇਸ਼ ਦੀ ਵਿਗੜੀ ਹਾਲਤ ਨੂੰ ਸੁਧਾਰਨ ਦੀ ਜ਼ਿਮੇਵਾਰੀ ਨੂੰ ਆਪਣੇ ਮੋਢਿਆਂ ਤੇ ਚੁੱਕ ਲਿਆ।

ਸੰਨ ੧੮੪੫ ਵਿੱਚ ਆਪ ਫੌਜ ਦੀ ਨੌਕਰੀ ਛੱਡਕੇ ਆਪਣੇ ਪਿੰਡ ਭੈਣੀ-ਰਾਈਆਂ ਆ ਗਏ। ਪਿੰਡ ਆਕੇ ਆਪ ਘਰ ਦਾ ਕਾਰੋਬਾਰ ਵੀ ਕਰਦੇ ਰਹੇ, ਪਰ ਜ਼ਿਆਦਾ ਸਮਾਂ ਅੰਮ੍ਰਿਤ ਵੇਲੇ ਨਾਲ ਸਿਮਰਨ ਵਿੱਚ ਲੀਨ ਰਹਿੰਦੇ। ਸੰਨ ੧੮੪੫ ਤੋਂ ੧੮੫੭ ਤੱਕ ਤਕਰੀਬਨ ਬਾਰਾਂ ਸਾਲ ਦੇਸ਼ ਨੂੰ ਗੁਲਾਮੀ ਤੋਂ ਕਿਸਤਰ੍ਹਾਂ ਆਜ਼ਾਦ ਕਰਵਾਇਆ ਜਾਵੇ, ਇਸਤੇ ਡੂੰਘੀ ਸੋਚ ਵਿਚਾਰ ਵੀ ਕਰਦੇ ਸਨ।

੨੯ ਮਾਰਚ, ੧੮੪੯ ਈ: ਨੂੰ ਅੰਗਰੇਜ਼ਾਂ ਨੇ ਖਾਲਸਾ ਰਾਜ ਨੂੰ ਖਤਮ ਕਰਕੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਲਿਆ। ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚੋ ਸ਼ਾਮਲ ਕਰਨ ਤੋਂ ਬਾਅਦ ਕੁਛ ਸਮਾਂ ਆਪਣੇ ਰਾਜ ਨੂੰ ਮਜ਼ਬੂਤ ਕਰਨ ਵਿੱਚ ਲਗਾਏ। ਉਸ ਸਮੇਂ ਭਾਈ ਬੀਰ ਸਿੰਘ ਦੇ ਚੇਲੇ ਭਾਈ ਮਾਹਾਰਾਜ ਸਿੰਘ ਨੇ ਜੋਸ਼ ਵਿਚ ਆਕੇ ਅੰਗਰੇਜ਼ਾਂ ਦੇ ਬਰਖਿਲਾਫ ਹਥਿਆਰ ਚੁੱਕ ਲਏ ਪਰ ਜਲਦੀ ਹੀ ਗ੍ਰਿਫਤਾਰ ਕਰ ਲਿਆ ਗਿਆ। ਉਹ ਸਮਾਂ ਜੋਸ਼ ਵਿਚ ਆਕੇ ਹਥਿਆਰ ਚੁੱਕਣ ਦਾ ਨਹੀਂ ਸੀ ਬਲਕਿ ਹੋਸ਼ ਤੋਂ ਕੰਮ ਲੈਣ ਦਾ ਸਮਾਂ ਸੀ। ਇਸ ਕਰਕੇ ਸਤਿਗੁਰੂ ਜੀ ਵਗੈਰ ਸੋਚੇਂ ਸਮਝੇ ਕੋਈ ਵੀ ਅਜਿਹਾ ਕਦਮ ਕਾਹਲੀ ਨਾਲ ਨਹੀਂ ਪੁੱਟਣਾ ਚਾਹੁੰਦੇ ਸਨ, ਜਿਸਦਾ ਕੋਈ ਸਾਰਥਕ ਸਿੱਟਾ ਨਾ ਨਿਕਲੇ। ਗੁਰੂ ਜੀ ਅੰਗਰੇਜ਼ੀ ਸਾਮਰਾਜ ਦੀ ਸ਼ਕਤੀ ਤੋਂ ਚੰਗੀ ਤਰ੍ਹਾਂ ਵਾਕਫ ਸਨ। ਅੰਗਰੇਜ਼ੀ ਸਾਮਰਾਜ ਵਿਚੋ ਸੂਰਜ ਨਹੀਂ ਸੀ ਛੁੱਪਦਾ। ਉਸ ਕੋਲ ਨਾ ਫੌਜਾਂ ਦੀ ਘਾਟ ਸੀ ਤੇ ਨਾ ਹੀ ਧਨ ਦੌਲਤ ਦੀ। ਇਸ ਕਰਕੇ ਗੁਰੂ ਜੀ ਸਮਝਦੇ ਸਨ ਕਿ ਇਤਨੀ ਵੱਡੀ ਸਲਤਨਤ ਨਾਲ ਟੱਕਰ ਲੈਣ ਲਈ ਆਪਣੇ ਨਾਲ ਲੋਕ ਸ਼ਕਤੀ ਨੂੰ ਜੋੜਨਾ ਬਹੁਤ ਜ਼ਰੂਰੀ ਹੈ। ਇਸ ਲਈ ੧੨ ਅਪ੍ਰੈਲ, 1857 ਈ: ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾਕੇ ਸੰਤ ਖਾਲਸੇ ਦੀ ਸਾਜਨਾ ਕੀਤੀ।


Namdhari Elibrary NamdhariElibrary@gmail.com

ਆਜ਼ਾਦੀ ਲੈਣ ਲਈ ਇਸੇ ਦਿਨ ਅੰਗਰੇਜ਼ ਸਰਕਾਰ ਵਿਰੁੱਧ ਨਾਮਿਲਵਰਤਣ ਅੰਦੋਲਨ ਸ਼ੁਰੂ ਕੀਤਾ ਗਿਆ। ਅਮਨ ਅਤੇ ਸ਼ਾਂਤੀ ਦਾ ਪ੍ਰਤੀਕ ਸਫੈਦ ਰੰਗ ਦਾ ਝੰਡਾ ਝੁਲਾਇਆ ਗਿਆ। ਨਾਮਿਲਵਰਤਣ ਅੰਦੋਲਨ ਦਾ ਭਾਵ ਸੀ ਅੰਗਰੇਜ਼ ਸਰਕਾਰ ਦਾ ਪੂਰਨ ਤੌਰ ਤੇ ਬਾਈਕਾਟ। ਕੂਕੇ ਸਿੱਖਾਂ ਨੂੰ ਗੁਰੂ ਜੀ ਦਾ ਹੁਕਮ ਸੀ ਕਿ ਉਹ ਆਪਣੇ ਮੁਕੱਦਮੇ ਪਿੰਡਾਂ ਦੀਆਂ ਪੰਚਾਇਤਾਂ ਵਿੱਚ ਕਰਨ। ਵਿਦੇਸ਼ੀ ਕਪੜੇ ਦੀ ਵਰਤੋਂ ਨਾ ਕੀਤੀ ਜਾਵੇ, ਉਸਦੀ ਥਾਂ ਆਪਣੇ ਘਰੀਂ ਬੁਣੇ ਖੱਦਰ ਦੀ ਵਰਤੋਂ ਕੀਤੀ ਜਾਵੇ। ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਲਈ ਨਾ ਭੇਜਿਆ ਜਾਵੇ। ਜਿਥੋਂ ਤੱਕ ਹੋ ਸਕੇ ਰੇਲ ਗੱਡੀਆਂ ਤੇ ਸਫਰ ਨਾ ਕੀਤਾ ਜਾਵੇ ਅਤੇ ਨਾ ਹੀ ਸਰਕਾਰ ਦੁਆਰਾ ਕਢੀਆਂ ਹੋਈਆਂ ਨਹਿਰਾਂ ਦਾ ਪਾਣੀ ਆਪਣੇ ਖੇਤਾਂ ਵਿੱਚ ਲਾਇਆ ਜਾਵੇ। ਇਸਦੀ ਥਾਂ ਆਪਣੇ ਹਰਕਾਰਿਆਂ ਜਾਂ ਪਿਆਦਿਆਂ ਰਾਹੀਂ ਚਿੱਠੀ ਪੱਤਰ ਭੇਜੇ ਜਾਣ। ਸੂਬਾ ਸਾਹਿਬ ਸਿੰਘ ਦੀ ਦੇਖ ਰੇਖ ਹੇਠ-ਕੂਕਿਆਂ ਨੇ ਆਪਣਾ ਵਖਰਾ ਡਾਕ ਪ੍ਰਬੰਧ ਕਰ ਲਿਆ ਸੀ। ਕੂਕਾ ਡਾਕ ਪ੍ਰਬੰਧ ਦੀ ਪ੍ਰਸ਼ੰਸਾ ਅੰਗਰੇਜ਼ ਸਰਕਾਰ ਵੀ ਕਰਦੀ ਸੀ।

ਸਰਕਾਰੀ ਰਿਕਾਰਡ ਵਿੱਚ ਡਾਕ ਪ੍ਰਬੰਧ ਨੂੰ ਕੂਕਾ ਪੋਸਟਲ ਸਰਵਿਸ (Kuka Postal Service) ਦੇ ਨਾਮ ਨਾਲ ਲਿਖਿਆ ਮਿਲਦਾ ਹੈ।

ਜਿਸ ਸਮੇਂ ਸਤਿਗੁਰੂ ਜੀ ਨੇ ਅੰਗਰੇਜ਼ਾਂ ਦੇ ਖਿਲਾਫ ਨਾਮਿਲਵਰਤਣ ਅੰਦੋਲਨ ਦੀ ਸ਼ੁਰੂਆਤ ਕੀਤੀ ਉਸ ਸਮੇਂ ਆਪ ਜੀ ਦੇ ਨਾਲ ਸਿਰਫ ਉਂਗਲਾਂ ਤੇ ਗਿਣੇ ਜਾਣ ਵਾਲੇ ਪੰਜ-ਸੱਤ, ਫੌਜ ਵਿੱਚ ਇੱਕਠੇ ਰਹੇ ਸੰਗੀ ਸਾਥੀ ਹੀ ਸਨ। ਜਿਹਨਾਂ ਨੂੰ ਨਾਲ ਲੈਕੇ ਆਜ਼ਾਦੀ ਦੀ ਲੜਾਈ ਰੂਪੀ ਚਿੰਗਾੜੀ ਨੂੰ ਸੁਲਗਾਉਣਾ ਸ਼ੁਰੂ ਕੀਤਾ। ਉਸ ਸਮੇਂ ਅੰਗਰੇਜ਼ ਸਾਮਰਾਜ ਇਤਨਾ ਫੈਲ ਚੁੱਕਿਆ ਸੀ ਕਿ ਉਸਦੇ ਬਸਤੀਵਾਦ ਰਾਜ ਵਿੱਚ ਸੂਰਜ ਨਹੀਂ ਸੀ ਛੁੱਪਦਾ। ਉਸ ਸਮੇਂ ਗੁਰੂ ਜੀ ਦਾ ਥੋੜੇ ਜਿਹੇ ਸਰੀਰਾਂ ਨੂੰ ਨਾਲ ਲੈਕੇ ਸ਼ਕਤੀਸਾਲੀ ਸਾਮਰਾਜ ਨਾਲ ਮੱਥਾ ਲਾਉਣ ਮਾਮੂਲੀ ਗੱਲ ਨਹੀਂ ਸੀ। ਇਹ ਇੱਕ ਬਹੁਤ ਦਲੇਰੀ ਭਰਿਆ ਕਰਾਂਤੀਕਾਰੀ ਕਾਰਨਾਮਾ ਸੀ। ਗੁਰੂ ਜੀ ਇਸਦੇ ਨਿਕਲਣ ਵਾਲੇ ਸਿੱਟਿਆਂ ਤੋਂ ਵੀ ਅਨਜਾਣ ਨਹੀਂ ਸਨ, ਕਿ ਇਸਦਾ ਕੀ ਅੰਜ਼ਾਮ ਹੋਵੇਗਾ ਫਿਰ ਵੀ ਆਪ ਨੇ ਪ੍ਰਵਾਹ ਨਹੀਂ ਕੀਤੀ। ਆਪ ਨੂੰ ਉਸ ਸਮੇਂ ਕਿਸੇ ਰਾਜਸੀ ਸੰਗਠਨ ਜਾਂ ਜਥੇਬੰਦੀ ਦੀ ਵੀ ਹਮਾਇਤ ਹਾਸਲ ਨਹੀਂ ਸੀ।

ਸਿੱਖਾਂ ਦੇ ਅਧਿਆਤਮਕ ਗੁਰੂ ਹੋਣ ਕਰਕੇ ਸਿੱਖੀ ਦੇ ਰਸਤੇ ਤੋਂ ਭਟਕੇ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਦੀ ਗੁਰ ਸਿੱਖੀ ਨਾਲ ਜੋੜਣਾ ਅਤੇ ਅੰਮ੍ਰਿਤ ਛਕਾਕੇ ਸਿੰਘ ਬਣਾਉਣਾ ਸੀ। ਦੂਸਰਾ ਪੰਜਾਬੀ ਸਮਾਜ ਵਿੱਚ ਫੈਲੀਆਂ ਕੁਰੀਤੀਆਂ, ਅੰਧ ਵਿਸ਼ਵਾਸ ਰੀਤੀ ਰਿਵਾਜਾਂ ਨੂੰ ਦੂਰ ਕਰਨਾ ਸਤਿਗੁਰੂ ਰਾਮ ਸਿੰਘ ਜੀ ਆਪਣਾ ਧਰਮ ਸਮਝਦੇ ਸਨ। ਇਸ ਲਈ ਗੁਰਸਿੱਖੀ ਦੇ ਪ੍ਰਚਾਰ ਲਈ ਆਪ ਨੇ ਭੈਣੀ ਸਾਹਿਬ ਤੋਂ ਦੂਰ-ਦੁਰਾਡੇ ਪਿੰਡ ਵਿੱਚ ਦੌਰੇ ਕਰਨੇ ਸ਼ੁਰੂ ਕਰ ਦਿੱਤੇ। ਆਪਦੇ ਪ੍ਰਚਾਰ ਦਾ ਅਸਰ ਇਹ ਹੋਇਆ ਕਿ ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਨਾਮਧਾਰੀ ਕੂਕੇ ਸਿੰਘ ਬਣ ਗਏ। ਥੋੜ੍ਹੇ ਜਿਹੇ ਸਾਲਾਂ ਵਿੱਚ ਹੀ ਨਾਮਧਾਰੀ ਕੂਕੇ ਸਿੰਘਾਂ ਦੀ ਗਿਣਤੀ ਲੱਖਾਂ ਵਿੱਚ ਪਹੁੰਚ ਗਈ। ਲੋਕਾਂ ਵਿੱਚ ਕੂਕੇ ਸਿੱਖ ਬਨਣ ਦਾ ਰੁਝਾਨ ਇੰਨਾ ਵਧ ਗਿਆ ਸੀ, ਕਿ ਇਸਨੇ ਇੱਕ ਲਹਿਰ ਦਾ ਰੂਪ ਧਾਰਨ ਕਰ ਲਿਆ।

ਕੂਕਾ ਨਾਮਿਲਵਰਤਣ ਅੰਦੋਲਨ ਨੂੰ ਕੂਕਾ ਲਹਿਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕੂਕਾ, ਦੇਸ਼ ਭਗਤੀ ਦੀ ਕੂਕ ਸੀ। ਜਿਸ ਤੋਂ ਅੰਗਰੇਜ਼ ਸਰਕਾਰ ਵੀ ਭੈ ਖਾਂਦੀ ਸੀ। ਗਿਆਨੀ ਗਿਆਨ ਸਿੰਘ ਲਿਖਦੇ ਹਨ— "ਰਾਮ ਸਿੰਘ ਜਾਇ ਜਿਤ, ਸਿੱਖ ਹੋਵਣ ਘਨੇ ਤਿੱਤ"। ਸਤਿਗੁਰੂ ਜੀ ਦਾ ਸਿੱਖੀ ਪਰਚਾਰ ਅਤੇ ਆਕਰਸ਼ਕ ਸ਼ਖਸੀਅਤ ਲੋਕਾਂ ਨੂੰ ਆਪਣੇ ਵੱਲ ਖਿੱਚ ਰਹੀ ਸੀ। ਪਿੰਡਾਂ ਦੇ ਪਿੰਡ ਨਾਮਧਾਰੀ ਸਿੱਖ ਬਣਨ ਲੱਗ ਪਏ ਸਨ। ਸਿੱਖ ਬਣਾਉਣ ਵਿੱਚ ਸਤਿਗੁਰੂ ਜੀ ਨੂੰ ਬਹੁਤ ਵੱਡੀ ਕਾਮਯਾਬੀ ਮਿਲੀ, ਇਸ ਤੋਂ ਪਹਿਲੇ ਗੁਰੂ ਸਹਿਬਾਨ ਨੂੰ ਇਸ ਤਰ੍ਹਾਂ ਕਾਮਯਾਬੀ ਨਸੀਬ ਨਹੀਂ ਹੋਈ ਸੀ। ਦਿਨ-ਬ-ਦਿਨ ਵਧ ਰਹੀ ਕੂਕੇ ਸਿੰਘਾਂ ਦੀ ਗਿਣਤੀ ਨੂੰ ਵੇਖਕੇ ਅੰਗਰੇਜ਼ ਸਰਕਾਰ ਕੂਕਾ ਪੰਥ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣ ਲੱਗੀ। ਪਹਿਲਾਂ ਪਹਿਲ ਕਈ ਸਾਲ ਸਰਕਾਰ ਇਸ ਨੂੰ ਧਾਰਮਿਕ ਲਹਿਰ ਹੀ ਸਮਝਦੀ ਸੀ। ਇਸ ਦਾ ਰਾਜਨੀਤਕ ਜਥੇਬੰਦੀ ਦੇ ਤੌਰ ਤੇ ਪੰਜਾਬ ਸਰਕਾਰ ਨੂੰ ਉਦੋਂ ਪਤਾ ਲੱਗਾ, ਜਦ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿਸਟਰ ਮੈਕਨਬ ਵਲੋਂ ਪਹਿਲੀ ਰਿਪੋਰਟ ਸਰਕਾਰ ਨੂੰ ਭੇਜੀ ਗਈ, ਜਿਸ ਵਿੱਚ ਸਤਿਗੁਰੂ ਜੀ ਨੂੰ ਪੁਲੀਟੀਕਲ ਰੂਪ ਵਿੱਚ ਪੇਸ਼ ਕਰਦਿਆਂ ਲਿਖਿਆ ਗਿਆ ਕਿ " ਰਾਮ ਸਿੰਘ ਨਾਮ ਦਾ ਇੱਕ ਵਡੇਰੀ ਉਮਰ ਦਾ ਆਦਮੀ ਆਪਣੇ ੨੦੦ ਸੇਵਕਾਂ ਸਮੇਤ ਜ਼ਿਲ੍ਹਾ ਸਿਆਲਕੋਟ ਵਿੱਚ ਫਿਰ ਰਿਹਾ ਹੈ, ਉਹ ਆਪਣੇ ਚੇਲਿਆਂ ਨੂੰ ਰਾਈਫਲਾਂ ਦੀ ਥਾਂ ਸੋਟਿਆਂ ਨਾਲ ਕਵੈਦ ਕਰਵਾਉਂਦਾ ਹੈ। ਉਹ ਕਿਸੇ ਹਾਕਮ ਦੀ ਈਨ ਨਹੀਂ ਮੰਨਦਾ। ਬਹੁਤ ਸਾਰੀਆਂ ਇਸਤਰੀਆਂ ਉਸਦੇ ਨਾਲ ਹਨ।" ਇਸ ਰਿਪੋਰਟ ਦੇ ਆਧਾਰ ਤੇ ਪੰਜਾਬ ਸਰਕਾਰ ਨੇ ਗੁਰੂ ਜੀ ਦੇ ਬਾਹਰ ਪਿੰਡਾਂ ਵਿੱਚ ਪ੍ਰਚਾਰ ਕਰਨ ਤੇ ਪਾਬੰਦੀ ਲਾ ਦਿੱਤੀ। ਗੁਰੂ ਜੀ ਨੂੰ ਇੱਕ ਤਰ੍ਹਾਂ ਨਾਲ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿੱਤਾ। ਇਹ ਪਾਬੰਦੀ ੧੮੬੩ ਈ: ਤੋ ੧੮੬੭ ਈ: ਤੱਕ ਰਹੀ।

ਪਾਬੰਦੀਆਂ ਲਾਕੇ ਸਰਕਾਰ ਸਮਝਦੀ ਸੀ ਕਿ ਇਸ ਤਰ੍ਹਾਂ ਕਰਨ ਨਾਲ ਕੂਕੇ ਸਿੱਖ ਦੱਬ ਜਾਣਗੇ, ਪਰ ਹੋਇਆ ਇਸਦੇ ਉੱਲਟ। ਸਰਕਾਰ ਦੇ ਇੰਝ ਕਰਨ ਨਾਲ ਪੰਜਾਬ ਵਿੱਚ ਸਤਿਗੁਰੂ ਜੀ ਪ੍ਰਤੀ ਲੋਕਾਂ ਦੀ ਹਮਦਰਦੀ ਹੋਰ ਵਧ ਗਈ। ਇਸਤਰ੍ਹਾਂ ਗੁਰੂ



Namdhari Elibrary NamdhariElibrary@gmail.com

ਜੀ ਲੋਕ ਨਾਇਕ ਬਣ ਗਏ ਸਨ। ਆਪ ਜੀ ਨੇ ਪਹਿਲਾਂ ਪੰਜ ਸੂਬੇ ਬਣਾਏ ਸਨ, ਹੁਣ 17 ਸੂਬੇ ਹੋਰ ਬਣਾਕੇ, ਸੂਬਿਆਂ ਦੀ ਗਿਣਤੀ 22 ਕਰ ਦਿੱਤੀ। 22 ਸੂਬੇ ਬਨਾਉਣ ਦਾ ਅਸਲ ਮਕਸਦ ਸੀ, ਪੰਜਾਬ ਨੂੰ ਬਾਈ ਸੂਬਿਆਂ ਜਾਂ ਬਾਈ ਹਿੱਸਿਆਂ ਵਿੱਚ ਵੰਡਣਾ। ਆਪਣੇ ਇਲਾਕੇ ਵਿੱਚ ਹਰ ਇੱਕ ਸੂਬਾ ਲੋਕਾਂ ਦੇ ਛੋਟੇ ਮੋਟੇ ਝਗੜੇ ਵੀ ਨਿਬੇੜਦਾ ਅਤੇ ਸਿੱਖੀ ਰਹਿਤ ਮਰਿਯਾਦਾ ਦਾ ਪ੍ਰਚਾਰ ਵੀ ਕਰਦਾ। ਸਤਿਗੁਰੂ ਰਾਮ ਸਿੰਘ ਜੀ ਦੀ ਇਹ ਰਾਜਨੀਤਕ ਚਿੰਤਨ ਦਾ ਨਤੀਜਾ ਸੀ, ਜਿਸ ਨਾਲ ਅੰਗਰੇਜ਼ ਸਾਮਰਾਜ ਦੇ ਹੁੰਦਿਆਂ ਪੰਜਾਬ ਵਿੱਚ ਪ੍ਰਜਾਤੰਤਰ ਪ੍ਰਣਾਲੀ ਤੇ ਆਧਾਰਤ ਇੱਕ ਛੋਟੇ ਜਿਹੇ ਰਾਜ ਦੀ ਸਥਾਪਨਾ ਕੀਤੀ ਗਈ। ਇੰਝ ਕਰਨ ਨਾਲ ਪੰਜਾਬ ਵਿੱਚ ਕੂਕੇ ਮਲਕਾ ਵਿਕਟੋਰੀਆ ਦੇ ਨਾਲੋਂ, ਸਤਿਗੁਰੂ ਜੀ ਦੇ ਹੁਕਮ ਮੰਨਣ ਨੂੰ ਤਰਜੀਹ ਦਿੰਦੇ ਸਨ।

ਗਊ ਗਰੀਬ ਦੀ ਰੱਖਿਆ ਦਾ ਨਾਅਰਾ ਸਤਿਗੁਰੂ ਰਾਮ ਸਿੰਘ ਜੀ ਦੇ ਰਾਜਨੀਤਕ ਅੰਦੋਲਨ ਦਾ ਇੱਕ ਹਿੱਸਾ ਸੀ। ਅੰਗਰੇਜ਼ ਸਰਕਾਰ ਨੇ ਪੰਜਾਬ ਦੇ ਮਾਲਕ ਬਣਦਿਆਂ ਹੀ ਪੰਜਾਬ ਵਿੱਚ ਗਊਕਸ਼ੀ ਕਰਨ ਦੀ ਖੁਲ੍ਹ ਦੇ ਦਿੱਤੀ ਸੀ, ਜਿਸ ਨਾਲ ਪੰਜਾਬ ਵਿੱਚ ਗਊ ਹੱਤਿਆ ਕਰਨ ਲਈ ਬੁੱਚੜਖਾਨੇ ਖੁਲ੍ਹਣੇ ਸ਼ੁਰੂ ਹੋ ਗਏ ਸਨ। ਯਾਦ ਰਹੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਗਊ ਹੱਤਿਆ ਤੇ ਪੂਰਨ ਪਾਬੰਦੀ ਸੀ। ਇਸ ਕਰਕੇ ਅੰਗਰੇਜ਼ ਸਰਕਾਰ ਦੁਆਰਾ ਗਊਕਸ਼ੀ ਕਰਨ ਦੇ ਹੁਕਮ ਨੂੰ ਪ੍ਰਵਾਨ ਕਰਨਾ, ਇੱਕ ਤਰ੍ਹਾਂ ਨਾਲ ਅੰਗਰੇਜ਼ੀ ਰਾਜ ਨੂੰ ਸਵੀਕਾਰ ਕਰਨਾ ਸੀ। ਸਤਿਗੁਰੂ ਜੀ ਨੂੰ ਇਹ ਹੁਕਮ ਮਨਜ਼ੂਰ ਨਹੀਂ ਸੀ। ਗਊਕਸ਼ੀ ਦੀ ਖੁਲ੍ਹ ਦੇਕੇ ਅੰਗਰੇਜ਼ ਸਰਕਾਰ ' ਪਾੜੋ ਅਤੇ ਰਾਜ ਕਰੋ ਦੀ ਨੀਤੀ ਤੇ ਅਮਲ ਕਰਕੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਫਿਰਕੂ ਦੰਗੇ, ਫਸਾਦ ਕਰਵਾਉਣਾ ਚਾਹੁੰਦੀ ਸੀ ਜਿਸ ਨਾਲ ਮੁਸਲਮਾਨਾਂ ਅਤੇ ਹਿੰਦੂ-ਸਿੱਖਾਂ ਵਿੱਚ ਏਕਤਾ ਨਾ ਹੋ ਸਕੇ। ਸਤਿਗੁਰੂ ਜੀ ਅੰਗਰੇਜ਼ਾਂ ਦੀ ਇਸ ਕੁਟਲ ਨੀਤੀ ਨੂੰ ਸਫਲ ਨਹੀ ਹੋਣ ਦੇਣਾ ਚਾਹੁੰਦੇ ਸਨ। ਉਸ ਸਮੇਂ ਗਊ ਸਾਡੇ ਦੇਸ਼ ਦੀ ਸਾਰਥਕਤਾ ਦੀ ਆਧਾਰ ਸ਼ਿਲਾ ਸੀ ਕਿਉਂਕਿ ਗਊ ਦੇ ਵੱਛੜੇ ਖੇਤੀ ਕਰਨ ਦੇ ਕੰਮ ਆਉਂਦੇ ਸਨ; ਗਊ ਸਾਡੀ ਸੰਸਕ੍ਰਿਤੀ ਦਾ ਧਾਰਮਿਕ ਚਿੰਨ੍ਹ ਸੀ। ਧਾਰਮਿਕ ਆਗੂ ਹੋਣ ਕਰਕੇ ਗਊ ਦੀ ਰੱਖਿਆ ਕਰਨੀ ਆਪ ਜੀ ਦਾ ਦਾਇਤਵ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਗਊ ਘਾਤ ਨੂੰ ਖਤਮ ਕਰਨ ਦੀ ਗੱਲ ਕੀਤੀ ਸੀ :

" ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ।"

(ਉਗਰਦੰਤੀ)

ਪੰਜਾਬ ਸਰਕਾਰ ਨੇ ਜੇ , ਡਬਲਯੂ ਮੈਕਨਬ ਡਿਪਟੀ ਕਮਿਸ਼ਨਰ ਅੰਬਾਲਾ ਨੂੰ ਹੁਕਮ ਕੀਤਾ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਅਤੇ ਉਸਦੀ ਕੂਕਾ ਲਹਿਰ ਸੰਬੰਧੀ ਪੜਤਾਲ ਕਰਕੇ ਰਿਪੋਰਟ ਕਰੇ ਅਤੇ ਦੱਸੇ ਕਿ ਕੂਕਾ ਲਹਿਰ ਦਾ ਅਸਲ ਨਿਸ਼ਾਨਾ ਕੀ ਹੈ? ਮੈਕਨਬ ੪ ਨਵੰਬਰ, ੧੮੭੧ ਨੂੰ ਪੰਜਾਬ ਸਰਕਾਰ ਨੂੰ ਭੇਜੀ ਰਿਪੋਰਟ ਵਿੱਚ ਲਿਖਦਾ ਹੈ। ਜਿਸਦਾ ਕੁਛ ਸਾਰਅੰਸ਼ ਇਸ ਤਰ੍ਹਾਂ ਹੈ :

(ੳ) ਚਿੱਠੀ ਪੱਤਰਾਂ ਵਿੱਚਲੀਆਂ ਦਲੀਲਾਂ ਨੇ ਮੈਨੂੰ ਇਸ ਵਿਚਾਰ ਤੇ ਪੱਕਿਆਂ ਕਰ ਦਿੱਤਾ ਹੈ ਕਿ ਇਸ ਪੰਥ ਦੇ ਆਗੂ ਦੇ ਇਰਾਦੇ ਅਰੰਭ ਵਿੱਚ ਭਾਵੇਂ ਕੁਛ ਹੋਣ, ਪਰ ਹੁਣ ਉਸਦਾ ਨਿਸ਼ਾਨਾ ਰਾਜਨੀਤਕ ਹੈ। ਪੁਰਾਣੇ ਕਾਗਜ਼ ਪੱਤਰਾਂ ਤੋਂ ਮੈਨੂੰ ਪਤਾ ਲੱਗਾ ਹੈ ਕਿ ਰਾਮ ਸਿੰਘ ਨੂੰ ਸੰਤ ਸਰੂਪ ਗੁਰੂ ਨਾਨਕ ਦਾ ਜਾਨਸ਼ੀਨ ਜਾਂ ਅਵਤਾਰ ਸਮਝਿਆ ਜਾਂਦਾ ਸੀ, ਪਰ ਹੁਣ ਉਸਨੂੰ ਯੋਧੇ ਗੁਰੂ ਗੋਬਿੰਦ ਸਿੰਘ ਦਾ ਰੂਪ ਮੰਨਿਆ ਜਾਂਦਾ ਹੈ।

(ਅ) ਰਾਮ ਸਿੰਘ ਸੰਤਾਂ ਅਤੇ ਫਕੀਰਾਂ ਦੀ ਹੈਸੀਅਤ ਨਹੀਂ ਰਖਦਾ। ਉਹ ਤੁਹਾਨੂੰ ਅੱਧੀ ਦਰਜਨ ਘੋੜ ਸਵਾਰਾਂ ਅਤੇ ਵੀਹ ਕੁ ਪੈਦਲ ਆਦਮੀਆਂ ਨਾਲ ਮਿਲਦਾ ਹੈ। ਉਹ ਦਰਬਾਰੀ ਆਦਮੀਆਂ ਦੇ ਘੇਰੇ ਵਿੱਚ ਘਿਰਿਆ ਹੋਇਆ ਤੁਹਾਡੇ ਕਮਰੇ ਵਿੱਚ ਇੱਕ ਬਾਦਸ਼ਾਹ ਦੀ ਤਰ੍ਹਾਂ ਦਾਖਲ ਹੁੰਦਾ ਹੈ। ਉਹ ਅਤੇ ਉਸਦੇ ਸਾਥੀ ਬੜੇ ਸੋਹਣੇ ਚਿੱਟੇ ਵਸਤਰ ਪਹਿਨਦੇ ਹਨ।"

ਸਤਿਗੁਰੂ ਰਾਮ ਸਿੰਘ ਜੀ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹਰ ਹੀਲਾ ਵਰਤ ਰਹੇ ਸਨ। ਅੰਗਰੇਜ਼ ਸਰਕਾਰ ਤੇ ਹੋਰ ਦਬਾ ਪਾਉਣ ਲਈ ਆਪ ਜੀ ਨੇ ਦੇਸ਼ ਤੋਂ ਬਾਹਰ ਸੁਤੰਤਰ ਰਿਆਸਤਾਂ ਨਾਲ ਆਪਣੇ ਰਾਜਨੀਤਕ ਸਬੰਧ ਬਨਾਉਣੇ ਅਰੰਭ ਕਰ ਦਿੱਤੇ ਸਨ। ਜੰਮੂ ਕਸ਼ਮੀਰ ਰਿਆਸਤ ਵਿੱਚ ਇੱਕ ਕੂਕਾ ਪਲਟਣ ਖੜ੍ਹੀ ਕੀਤੀ ਗਈ, ਜਿਸਨੂੰ ਬਾਅਦ ਵਿੱਚ ਪਤਾ ਲੱਗਣ ਤੇ ਅੰਗੇਰਜ਼ ਸਰਕਾਰ ਨੇ ਦਖਲ ਦੇਕੇ ਪਲਟਣ ਤੁੜਵਾ ਦਿੱਤੀ ਸੀ। ਇਸ ਤਰ੍ਹਾਂ ਹੀ ਰੂਸ ਨਾਲ ਆਪਣੇ ਸੂਬੇ ਬਾਬਾ ਬਿਸ਼ਨ ਸਿੰਘ ਅਤੇ ਬਾਬਾ ਗੁਰਚਰਨ ਸਿੰਘ ਰਾਹੀਂ ਸੰਬੰਧ ਸਥਾਪਤ ਕਰਨ ਦੇ ਯਤਨ ਕੀਤੇ ਗਏ। ਸੰਨ ੧੮੬੭ ਵਿੱਚ ਅਫਗਾਨਿਸਤਾਨ ਦੇ ਰਾਜੇ ਨੇ ਆਪਣੇ ਦੋ ਰਾਜਕੁਮਾਰਾਂ ਅਬੱਦੁਲਾ ਅਤੇ ਯਾਕੂਬ ਖਾਨ ਨੂੰ ਭੈਣੀ ਸਾਹਿਬ ਭੇਜਿਆ। ਉਹ ਸਤਿਗੁਰੂ ਜੀ ਤੋਂ ਬਹੁਤ ਪ੍ਰਭਾਵਤ ਹੋਏ। ਨਿਪਾਲ ਉਸ ਸਮੇਂ ਇੱਕ ਖੁਦਮੁਖਤਿਆਰ ਰਾਜ ਸੀ, ਜਿਥੋਂ ਦਾ ਮਹਾਰਾਜਾ ਜੰਗ ਬਹਾਦਰ ਥਾਪਾ ਅੰਗਰੇਜ਼ਾਂ ਨੂੰ ਚੰਗਾ ਨਹੀਂ ਸੀ ਸਮਝਦਾ। ਉਹ ਹਰ ਇੱਕ ਹਿੰਦੁਸਤਾਨੀ, ਜਿਹੜਾ ਅੰਗਰੇਜ਼ ਦੇ ਵਿਰੁੱਧ ਸੀ, ਉਸ ਨਾਲ ਆਪਣੇ ਨਿੱਜੀ ਸਬੰਧ ਬਨਾਉਣਾ ਚਾਹੁੰਦਾ ਸੀ। ਦੋਸਤਾਨਾ ਸਬੰਧ ਬਨਾਉਣ ਲਈ ਉਸਨੇ ਗੁਰੂ ਜੀ ਨੂੰ ਸੰਦੇਸ਼ ਭੇਜਿਆ। ਸੰਦੇਸ਼ ਮਿਲਣ ਤੇ ਗੁਰੂ ਜੀ ਨੇ ਆਪਣੇ ਦੋ ਸਮਝਦਾਰ ਸੂਬਿਆਂ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਨੂੰ ਆਪਣੇ ਰਾਜਦੂਤ ਬਨਾਕੇ ਭੇਜਿਆ, ਜਿਨਾਂ ਰਾਹੀਂ ਆਪਸੀ ਤੋਹਫਿਆਂ ਅਤੇ ਸੁਗਾਤਾਂ ਦਾ ਆਦਾਨ-ਪ੍ਰਦਾਨ ਹੋਇਆ।



Namdhari Elibrary NamdhariElibrary@gmail.com

ਜਦ ਅੰਗਰੇਜ਼ ਸਰਕਾਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਸਰਕਾਰ ਨੇ ਸੂਹ ਲੈਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਹੱਥ ਪੱਲੇ ਕੁਝ ਨਾ ਪਿਆ।

ਅੰਗਰੇਜ਼ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਦੀਆਂ ਇਹੋ ਜਿਹੀਆਂ ਰਾਜਨੀਤਕ ਗਤੀਵਿੱਧੀਆਂ ਵੇਖਕੇ ਭੈ-ਭੀਤ ਹੋ ਗਈ। ਇਸ ਕਰਕੇ ਅੰਗਰੇਜ਼ ਸਰਕਾਰ ਹੋਰ ਚੌਕੰਨੀ ਹੋ ਗਈ। ਕੂਕਾ ਲਹਿਰ ਤੇ ਸਰਕਾਰ ਨੇ ਹੋਰ ਕਰੜੀ ਨਿਗਾਹ ਰਖਣੀ ਸ਼ੁਰੂ ਕਰ ਦਿੱਤੀ। ਸਰਕਾਰ ਕਿਸੇ ਅਜਿਹੇ ਮੌਕੇ ਦੀ ਤਲਾਸ਼ ਵਿੱਚ ਸੀ ਜਿਸ ਤੇ ਬਹਾਨਾ ਬਣਾਕੇ ਕੂਕਾ ਲਹਿਰ ਨੂੰ ਕੁੱਚਲ ਦਿੱਤਾ ਜਾਵੇ।

ਸਤਿਗੁਰੂ ਜੀ ਦੀ ਅਗਵਾਈ ਵਿੱਚ ਕੂਕਾ ਨਾਮਿਲਵਰਤਣ ਅੰਦੋਲਨ ਬੜੀ ਤੇਜ਼ੀ ਨਾਲ ਅਗੇ ਵਧ ਰਿਹਾ ਸੀ। ਆਪ ਬੜੀ ਸਾਵਧਾਨੀ ਅਤੇ ਸਿਆਸੀ ਸੂਝ-ਬੂਝ ਨਾਲ ਕਦਮ ਰੱਖ ਰਹੇ ਸਨ, ਤਾਂ ਕਿ ਸਰਕਾਰ ਨੂੰ ਆਜ਼ਾਦੀ ਦੇ ਸੰਘਰਸ਼ ਵਿੱਚ ਦਖਲ ਅੰਦਾਜ਼ੀ ਕਰਨ ਦਾ ਮੌਕਾ ਨਾ ਮਿਲ ਸਕੇ। ਪਰ ਕੁਦਰਤ ਨੂੰ ਕੁਛ ਹੋਰ ਮਨਜੂਰ ਸੀ। ਖਾਲਸਾ ਰੰਗਤ ਦੇ ਜੋਸ਼ ਵਿੱਚ ਆਏ ਕੂਕਿਆਂ ਦੇ ਇਕੋ ਜਥੇ ਨੇ ੧੬ ਜਨਵਰੀ, ੧੮੭੨ ਨੂੰ ਮਲੇਰਕੋਟਲੇ ਤੇ ਬੁੱਚੜਬੱਧ ਕਰਨ ਲਈ ਹਮਲਾ ਕਰਕੇ ਪੰਜਾਬ ਸਰਕਾਰ ਦੇ ਹੁਕਮ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਉਸ ਸਮੇਂ ਲੁਧਿਆਣਾ ਦੇ ਕਾਇਮ ਮੁਕਾਮ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੇ ਕੂਕੇ ਸਿੰਘਾਂ ਦੇ ਇਸ ਹਮਲੇ ਨੂੰ ਸਰਕਾਰ ਵਿਰੁੱਧ ਬਗਾਵਤ ਸਮਝਦਿਆਂ ੬੬ ਕੂਕੇ ਸਿੰਘਾਂ ਨੂੰ ੧੭ ਅਤੇ ੧੮ ਜਨਵਰੀ ਨੂੰ ਤੋਪਾਂ ਨਾਲ ਉਡਾਕੇ ਸ਼ਹੀਦ ਕਰ ਦਿੱਤਾ। ਮਿ: ਕਾਵਨ ਦੀ ਇਹ ਕਾਰਵਾਈ ਵਹਿਸ਼ੀਆਨਾ ਗਿਣੀ ਜਾਵੇਗੀ। ਉਸ ਦੁਆਰਾ ਨਰ-ਸੰਘਾਰ ਕੀਤਾ ਗਿਆ। ਸਤਿਗੁਰੂ ਅਤੇ ਨਾਮਵਰ ਸੂਬਿਆਂ ਵਿਰੁੱਧ ਕਾਰਵਾਈ ਬੰਗਾਲ ਰੈਗੂਲੈਸ਼ਨ ਐਕਟ-੩ ਅਧੀਨ ਕੀਤੀ ਗਈ। ਸਤਿਗੁਰੂ ਰਾਮ ਸਿੰਘ ਨੂੰ ਜਲਾਵਤਨ ਕਰਨ ਦੀ ਸਜ਼ਾ ਦਿੱਤੀ ਗਈ। ਬਗਾਵਤ ਦਾ ਇਲਜ਼ਾਮ ਤਾਂ ਕੂਕਿਆਂ ਸਿਰ ਇੱਕ ਬਹਾਨਾ ਸੀ, ਅੰਗਰੇਜ਼ ਸਰਕਾਰ ਸਤਿਗੁਰੂ ਜੀ ਨੂੰ ਜਲਾਵਤਨ ਕਰਨ ਦੀ ਪਹਿਲਾਂ ਹੀ ਇਰਾਦਾ ਕਰੀ ਬੈਠੀ ਸੀ। ਮਿਸਟਰ ਫੋਰਸਾਇਥ ਕਮਿਸ਼ਨਰ ਆਪਣੀ ੧੮ ਤਰੀਖ ਦੀ ਚਿੱਠੀ ਵਿੱਚ ਇਸਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ:

" ਜੇਕਰ ਸਮੁੱਚੇ ਤੌਰ ਤੇ ਸਾਰੇ ਪੰਜਾਬ ਦੇ ਅਮਨ ਲਈ ਨਹੀਂ, ਤਾਂ ਘਟੋ ਘਟ ਜ਼ਿਲ੍ਹਾ ਲੁਧਿਆਣਾ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਲਈ, ਮੈਂ ਇਹ ਬਹੁਤ ਜ਼ਰੂਰੀ ਸਮਝਦਾ ਹਾਂ ਕਿ ਕੂਕਾ ਫਿਰਕੇ ਦੇ ਆਗੂ ਗੁਰੂ ਰਾਮ ਸਿੰਘ ਨੂੰ ਇੱਕਦਮ ਪੰਜਾਬ ਵਿੱਚੋਂ ਦੇਸ਼-ਨਿਕਾਲਾ ਦਿੱਤਾ ਜਾਵੇ। ਕਮਿਸ਼ਨਰ ਨੇ ਅੱਗੇ, ਬੜੇ ਜ਼ੋਰਦਾਰ ਲਫਜ਼ਾਂ ਵਿਚ ਲਿਖਿਆ ਕਿ ਐਸੇ ਆਦਮੀ ਨੂੰ ਖੁਲ੍ਹੇ ਰਹਿਣ ਦੀ ਇਜਾਜ਼ਤ ਦੇਣਾ ਬੇਹੱਦ ਖਤਰਨਾਕ ਗੱਲ ਹੈ।"

ਸਤਿਗੁਰੂ ਜੀ ਨੂੰ ਭਾਂਵੇਂ ਅੰਗਰੇਜ਼ ਸਰਕਾਰ ਨੇ ਦੇਸ਼-ਨਿਕਾਲਾ ਦੇ ਦਿੱਤਾ, ਪਰ ਗੁਰੂ ਜੀ ਦੁਆਰਾ ਪ੍ਰਜਵਲਿਤ ਕੀਤੀ ਆਜ਼ਾਦੀ ਦੀ ਚਿੰਗਾਰੀ ਨੂੰ ਬੁਝਾ ਨਾ ਸਕੀ। ੬੦-੭੦ ਸਾਲ ਬਾਅਦ ਕਾਂਗਰਸ ਨੇ ਆਪ ਜੀ ਦੁਆਰੇ ਦਰਸਾਏ ਮਾਰਗ ਤੇ ਚੱਲਕੇ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਅਜ਼ਾਦ ਕਰਵਾਇਆ।

ਸਤਿਗੁਰੂ ਰਾਮ ਸਿੰਘ ਜੀ ਦੀ ਕਰਾਂਤੀਕਾਰੀ, ਵਿਲੱਖਣ, ਸ਼ਾਂਤਮਈ ਰਾਜਨੀਤਕ ਚੇਤਨਾ ਸਦਕਾ ਸੰਸਾਰ ਤੇ ਨਵੇਂ ਯੁਗ ਦਾ ਆਗਾਜ਼ ਹੋਇਆ। ਆਪ ਮਹਾਨ ਫਿਲਾਸਫਰ, ਯੁਗ ਪਰਵਰਤੱਕ ਅਤੇ ਮਹਾਨ ਅਧਿਆਤਮਕ ਗੁਰੂ ਸਨ। ਆਪ ਜੀ ਦੀ ਸਿਆਸੀ ਵਿਚਾਰਧਾਰਾ ਲੰਬੇ ਸਮੇਂ ਤੱਕ ਮਨੁੱਖਤਾ ਦਾ ਮਾਰਗ ਦਰਸ਼ਨ ਕਰਦੀ ਰਹੇਗੀ।

**ਹਵਾਲਾ ਅਤੇ ਟਿੱਪਣੀਆਂ**


1) ਨਾਮਧਾਰੀ ਇਤਿਹਾਸ ਭਾਗ ਪਹਿਲਾ ਅੰਕ 222
2) ਜੁੱਗ ਪਲਟਾਊ ਸਤਿਗੁਰੂ (ਲੇਖਕ ਨਿਧਾਨ ਸਿੰਘ ਆਲਮ)- ਅੰਕ 129-130,51
3) ਨਾਮਧਾਰੀ ਸਿੱਖਸ (ਅੰਗਰੇਜ਼ੀ) ਪ੍ਰੋ: ਤਾਰਾ ਸਿੰਘ ਅਨਜਾਣ
4) ਬਾਣੀ ਉਗਰਦੰਤੀ, ਦਸਮ ਗਰੰਥ
5) ਪੰਥ ਪ੍ਰਕਾਸ਼, ਗਿਆਨ ਸਿੰਘ,


ਸੰਪਰਕ- 95011-62101

## ਪੰਥ ਨਾਮਧਾਰੀ

—ਨਿਹਾਲ ਸਿੰਘ

ਚੇਤ੍ਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ,
ਸਿੰਘ ਹੋਇ ਬੇਸ਼ੁਮਾਰੀ, ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕ੍ਰਿਪਾਨ ਕੱਛ ਕੜਾ ਇਹ ਪਛਾਨ,
ਇਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ ਬੈਠ ਪੜ੍ਹਦੇ ਨੇ ਗ੍ਰੰਥ,
ਇਖ ਉਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।



Namdhari Elibrary NamdhariElibrary@gmail.com

# ਆਸ਼ਾ ਦੀ ਕਿਰਨ

1839 ਈ: ਵਿਚ ਮਹਾਰਾਜ ਰਣਜੀਤ ਸਿੰਘ ਜੀ ਚਲਾਣਾ ਕਰ ਗਏ। ਆਪਦੇ ਅੱਖਾਂ ਮੀਟਦਿਆਂ ਹੀ ਪੰਜਾਬ ਦਾ ਸਿੱਖ-ਰਾਜ ਢਹਿੰਦੀਆਂ ਕਲਾਂ ਵਲ ਤੁਰ ਪਿਆ। ਇਸ ਦੇ ਕਾਰਨ ਸਿੱਖ ਰਾਜ ਦੀਆਂ ਅੰਦਰੂਨੀ ਕਮਜ਼ੋਰੀਆਂ ਤੋਂ ਬਿਨਾਂ ਇੰਗਲੈਂਡ ਦੀ ਈਸਟ ਇੰਡੀਆ ਕੰਪਨੀ ਦੀਆਂ ਲਾਲਚ ਭਰੀਆਂ ਨਜ਼ਰਾਂ ਤੇ ਡੂੰਘੀਆਂ ਚਾਲਾਂ ਵੀ ਸਨ। ਜਿਸ ਦੀਆਂ ਛਾਵਨੀਆਂ ਪੰਜਾਬ ਦੀ ਸਰਹੱਦ ਤੇ ਲੁਧਿਆਣੇ ਵਿਚ ਪਈਆਂ ਹੋਈਆਂ ਸਨ। ਮਸਾਂ ਦਸ ਕੁ ਸਾਲ ਦੇ ਸਮੇਂ ਵਿਚ ਹੀ ਪੰਜਾਬ ਗੁਲਾਮ ਹੋਇਆ। ਅੰਗਰੇਜ਼ੀ ਰਾਜ ਅਸਥਾਪਨ ਹੋ ਗਿਆ। ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਜਿੰਦ ਕੌਰਾਂ ਜਲਾਵਤਨ ਕਰ ਦਿਤੇ ਗਏ। ਗੱਦਾਰਾਂ ਨੂੰ ਜਗੀਰਾਂ ਤੇ ਅਹੁਦਿਆਂ ਨਾਲ ਮਾਲਾ ਮਾਲ ਕੀਤਾ ਗਿਆ। ਆਪਣਿਆਂ ਦੀਆਂ ਗਦਾਰੀਆਂ ਬੇਈ-ਮਾਨੀਆਂ ਤੇ ਮਿਤਰ ਧ੍ਰੋਹੀਆਂ ਨੇ ਪੰਜਾਬੀਆਂ ਦੇ ਦਿਲ ਤੋੜ ਦਿਤੇ। ਗਿਰਾਵਟ ਵਧਦੀ ਹੀ ਗਈ। ਰਾਜ ਦੇ ਚਲੇ ਜਾਣ ਦੇ ਨਾਲ ਹੀ ਧਰਮ ਤੇ ਇਖਲਾਕ ਵੀ ਰੁੜ੍ਹ ਚਲਿਆ ਦਿਸਦਾ ਸੀ।

ਸ਼ਰਾਬ ਦਾ ਦੌਰ ਦੌਰਾ ਸੀ। ਸਿਖ ਧਰਮ ਅਸਥਾਨ ਵੀ ਅੰਗਰੇਜ਼ੀ ਦੀਆਂ ਏਜੰਸੀਆਂ ਬਣ ਗਈਆਂ ਸਨ। ਰਸਮਾਂ ਉਪਰ ਖੂਬ ਜੋਰ ਦਿਤਾ ਜਾਂਦਾ ਸੀ। ਪਰ ਧਰਮ ਪ੍ਰਚਾਰ ਤੇ ਉੱਚ ਇਖਲਾਕ ਦਾ ਕੋਈ ਧਿਆਨ ਨਹੀਂ ਸੀ। ਇਹ ਹਾਲਤ ਵੇਖਕੇ ਧਰਮੀ ਲੋਕ ਰੱਤ ਦੇ ਹੰਝੂ ਰੋ ਰਹੇ ਸਨ। ਠੀਕ ਇਸ ਨਿਰਾਸਤਾ ਦੀ ਹਨੇਰੀ ਰਾਤ ਵਿਚ ਮਹਾਰਾਜ ਰਣਜੀਤ ਸਿੰਘ ਦੇ ਚਲਾਣੇ ਤੋਂ 20 ਕੁ ਸਾਲ ਮਗਰੋਂ ਇੱਕ ਆਸ਼ਾ ਦੀ ਕਿਰਨ ਲਿਸ਼ਕੀ। ਇਹ ਆਸ਼ਾ ਦੀ ਕਿਰਨ ਸ੍ਰੀ ਬਾਬਾ ਰਾਮ ਸਿੰਘ ਜੀ ਸਨ। ਆਪ ਨੇ ਜਦੋਂ ਆਪਣੇ ਦੇਸ਼ ਦੀ ਗੁਲਾਮੀ ਵਿਚ ਆਪਣੇ ਵੀਰਾਂ ਦੀ ਬੇਇਜ਼ਤੀ ਹੁੰਦੀ ਵੇਖੀ ਗੁਰੂ ਧਾਮਾਂ ਵਿਚ ਧਰਮ ਦੇ ਨਾਂ ਤੇ ਪਾਖੰਡ ਦਾ ਵਰਤਾਰਾ ਵੇਖਿਆ ਤਾਂ ਆਪ ਬਰਦਾਸ਼ਤ ਨਾ ਕਰ ਸਕੇ। ਆਪ ਸਵੈਮਾਨ, ਆਜ਼ਾਦੀ, ਧਰਮ ਅਤੇ ਇਖਲਾਕ ਦੀ ਇੱਕ ਜਿਊਂਦੀ ਜਾਗਦੀ ਤਸਵੀਰ ਸਨ। ਆਪ ਬੜੇ ਵਿਦਵਾਨ ਤੇ ਨੀਤੀਵਾਨ ਵੀ ਸਨ। ਆਪਨੇ ਨਵੇਂ ਸਿਰੇ ਸਿਖਾਂ ਵਿਚ ਪਵਿਤ੍ਰਤਾ ਲਿਆਕੇ ਇਨ੍ਹਾਂ ਨੂੰ ਜਥੇ ਬੰਦ ਕਰਨਾ ਸ਼ੁਰੂ ਕਰ ਦਿਤਾ। ਸ਼ਰਾਬ ਪੀਣੀ ਉੱਕੀ ਬੰਦ ਕਰ ਦਿਤੀ, ਬਾਣੀ ਦਾ ਪਾਠ ਕਰਨਾ, ਸਾਦਾ ਖੁਰਾਕ ਖਾਣੀ, ਸੁਛ ਰਹਿਣੀ ਰੱਖਣੀ, ਭਰਾਵਾਂ ਨਾਲ ਪਿਆਰ ਰੱਖਣਾ, ਦੁਖੀ ਮਜ਼ਲੂਮ ਦੀ ਸਹਾਇਤਾ ਕਰਨੀ, ਮੁਕਦਮੇ ਨਹੀਂ ਕਰਨੇ, ਅੰਗਰੇਜ਼ੀ ਅਦਾਲਤਾਂ ਵਿਚ ਨਹੀਂ ਜਾਣਾ, ਖੱਦਰ ਪਹਿਨਣਾ, ਜੋੜ ਮੇਲੇ ਕਰਨੇ, ਆਦਿਕ ਨੇਮ ਬਣਾ ਦਿਤੇ। ਪੰਜਾਬ ਨੂੰ ਬਾਰਾਂ ਸੂਬਿਆਂ ਵਿਚ ਵੰਡਕੇ ਜਥੇਬੰਦੀ ਕਾਇਮ ਕਰ ਦਿਤੀ। ਸਿਖ ਰਾਜ ਦੇ ਖੋਹੇ ਜਾਣ ਅਤੇ ਗੁਲਾਮੀ ਵਿਚ ਹੋ ਰਹੀ ਨਿਰਾਦਰੀ ਦੇ ਦੁਖ ਹਰ ਇਕ ਸਿਖ ਹਿਰਦਾ ਅਨੁਭਵ ਕਰ ਰਿਹਾ ਸੀ। ਕੇਵਲ ਆਗੂ ਦੀ ਲੋੜ ਸੀ। ਸ੍ਰੀ ਬਾਬਾ ਰਾਮ ਸਿੰਘ ਜੀ ਵਿਚ ਉਸ ਵੇਲੇ ਸਿਖ ਜਨਤਾ ਨੇ ਇਸ ਦੁਖ ਤੋਂ ਛੁਟਕਾਰਾ ਕਰਨ ਵਾਲੀ ਅਗਵਾਈ ਨੂੰ ਵੇਖਿਆ ਤੇ ਉਹ ਵਹੀਰਾਂ ਪਾ ਕੇ ਆਪ ਦੇ ਮਗਰ ਤੁਰ ਪਏ।

*-ਸ੍ਰ: ਹੀਰਾ ਸਿੰਘ ਦਰਦ*

# ਗੁਰ ਸਾਹਿਬ ਦੇ ਮਾਰਗ ਦੇ ਚਮਕਦੇ ਸਿਤਾਰੇ

"...ਸ੍ਰੀ ਬਾਬਾ ਜੀ ਕਿਸੇ ਓਪਰੇ ਮਜ਼੍ਹਬ ਦੇ ਬਾਨੀ ਨਹੀਂ ਹੋਏ। ਉਹ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਦਾਇਰੇ ਦੇ ਹਨ, ਉਹ ਗੁਰਮਤ ਅਵਲੰਬੀ ਗੁਰੂ ਸਾਹਿਬਾਂ ਦੇ ਚਲਾਏ ਹੋਏ ਮਾਰਗ ਦੇ ਚਮਕਦੇ ਸਿਤਾਰੇ ਹਨ...।"

"ਸ੍ਰੀ ਬਾਬਾ ਰਾਮ ਸਿੰਘ ਜੀ ਦਾ ਸੰਸਾਰ ਪੁਰ ਆਗਮਨ ਸੰਨ 1872 ਮਾਘ ਸੁਦੀ 5 ਨੂੰ ਰਾਈਆਂ ਪਿੰਡ ਵਿਚ ਇਕ ਸਿਖ ਖਾਨਦਾਨ ਵਿਚ ਹੋਇਆ ਸੀ, ਬਚਪਨ ਤੋਂ ਆਪ ਦਾ ਰੁਖ ਭਲਿਆਈ ਤੇ ਧਰਮ ਵੱਲ ਸੀ। ਇਸ ਰੁਚੀ ਦੇ ਹੁੰਦਿਆਂ ਚੜ੍ਹਦੀ ਜਵਾਨੀ ਵਿਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਸਿਖ ਸੈਨਾ ਵਿਚ ਭਰਤੀ ਹੋਏ, ਪਰ ਥੋੜ੍ਹੇ ਹੀ ਚਿਰ ਬਾਦ ਫੌਜ ਦਾ ਗੁਜ਼ਰ ਹਜ਼ਰੋ ਤੋਂ ਹੋਇਆ ਤੇ ਉਥੇ ਆਪ ਨੂੰ ਸ੍ਰੀ ਬਾਬਾ ਬਾਲਕ ਸਿੰਘ ਜੀ ਦੇ ਦਰਸ਼ਨ ਮੇਲੇ ਹੋਏ। ਬਾਬਾ ਬਾਲਕ ਸਿੰਘ ਜੀ ਗੁਰੂ ਘਰ ਦੇ ਬੜੇ ਪ੍ਰੇਮੀ ਤੇ ਨਾਮ ਦੇ ਪੱਕੇ ਭਗਤ ਤੇ ਪੂਰੇ ਸੰਤ, ਗੁਰਮਤ ਦੇ ਧਾਰਨੀ ਪੈਰੋਕਾਰ ਤੇ ਗੁਰਮਰਯਾਦਾ ਦੇ ਆਮਿਲ ਹੋਏ ਹਨ। ਗੁਰਮਰਯਾਦਾ ਦੇ ਕਰਨਹਾਰ ਆਪ ਉਸ ਸਮੇਂ ਹੋਏ ਹਨ, ਜਦ ਕਿ ਅਨਮਤੀ ਅਸਰ ਪੰਥ ਵਿਚ ਹਨੇਰਾ ਪਾ ਰਿਹਾ ਸੀ। ਇਨਾਂ ਦੇ ਸਤਿਸੰਗ ਨਾਲ ਸ੍ਰੀ ਬਾਬਾ ਜੀ ਨੌਕਰੀ ਛੋੜ ਕੇ ਆਪਣਾ ਜੀਵਨ ਨਿਰੋਲ ਨਾਮ ਸਿਮਰਨ ਨੂੰ ਅਰਪਨ ਕਰ ਦਿਤਾ ਅਰ ਭਜਨ ਵਿਚ ਮਗਨ ਰਹੇ। ਸਹਿਜੇ ਸਹਿਜੇ ਨਾਮ ਦੀ ਖੁਸ਼ਬੋ ਮੁਸ਼ਕ ਕੇ ਖਿਲਰ ਖਲੋਤੀ। ਫਿਰ ਭੰਵਰੇ ਲਗੇ ਆਉਣ ਤੇ ਇੰਝ ਨਾਮ ਪ੍ਰਾਪਤ ਹੋਇਆ ਦੀ ਸੰਪ੍ਰਦਾ ਟੁਰ ਪਈ। ਜਿਨ੍ਹਾਂ ਦਾ ਨਾਮ ਨਾਮਧਾਰੀਏ ਪ੍ਰਸਿਧ ਹੋ ਗਿਆ, ਪਰ ਬਾਜੇ ਨ ਜਰ ਸਕਣ ਵਾਲੇ ਸਿਖ ਕੂਕਾਂ ਮਾਰਨ ਲਗ ਪਏ, ਜਿਸ ਤੋਂ ਹਾਸੇ ਨਾਲ ਲੋਕੀ ਕੂਕੇ ਆਖਣ ਲਗ ਪਏ। ਉਂਝ ਕੂਕੇ ਪਦ ਸੰਪ੍ਰਦਾ ਦਾ ਨਾਮ ਨਹੀਂ ਹੈ। ਪ੍ਰਚਾਰ ਬਾਬਾ ਜੀ ਦੇ ਵਕਤ ਇਸ ਸੰਪ੍ਰਦਾ ਦਾ ਇਤਨਾ ਹੋਇਆ ਹੈ ਕਿ ਲੱਖਾਂ ਦੀ ਗਿਣਤੀ ਆਪਦੇ ਪੈਰੋਕਾਰਾਂ ਦੀ ਸੁਣੀਂਦੀ ਹੈ। ਸਗੋਂ ਇਕ ਵੇਰਾਂ ਤਾਂ ਕਿਸੇ ਸਜਣ ਨੇ ਉਨ੍ਹਾਂ ਦੇ ਸਮੇਂ ਸੱਤ ਲਖ ਦਸੀ ਸੀ। ਪਰ ਇਸ ਵਿਚ ਸ਼ੱਕ ਨਹੀਂ ਕਿ ਆਪ ਦੇ ਨਾਲ ਪੈਰੋਕਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ।

*-ਭਾਈ ਸਾਹਿਬ ਭਾਈ ਵੀਰ ਸਿੰਘ ਜੀ*



Namdhari Elibrary NamdhariElibrary@gmail.com

# ਕੋਈ ਆਣਿ ਮਿਲਾਵੈ

*— ਸੀ.ਆਰ. ਮੋਦਗਿਲ*



ਚੌਥੇ ਨਾਨਕ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਫੁਰਮਾਇਆ ਹੈ ਕਿ " ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ" ਉਨ੍ਹਾਂ ਦੀ ਇਹ ਅਰਜ਼ੋਈ ਸੀ ਕਿ ਕੋਈ ਆ ਕੇ ਮੈਨੂੰ ਮੇਰੀ ਜਿੰਦੜੀ ਨੂੰ ਸੁਰਜੀਤ ਕਰਨ ਵਾਲੇ ਪਰਮਾਤਮਾ ਨਾਲ ਮਿਲਾ ਦੇਵੇ। ਅੱਜ ਜਦੋਂ ਮੈਨੂੰ ਸ੍ਰ. ਗੁਰਭੇਜ ਸਿੰਘ ਗੁਰਾਇਆ ਨੇ ਫੋਨ ਤੇ ਕਿਹਾ ਕਿ ਮੈਂ ਸਤਿਗੁਰੂ ਰਾਮ ਸਿੰਘ ਜੀ ਬਾਰੇ 'ਵਰਿਆਮ' ਦੇ ਵਿਸ਼ੇਸ਼ ਅੰਕ ਲਈ ਕੁਝ ਲਿਖ ਕੇ ਭੇਜਾਂ ਤਾਂ ਮੈਨੂੰ ਲੱਗਾ ਇਸ ਨੇਕ ਬੰਦੇ ਨੇ ਮੇਰੇ ਤੇ ਇਕ ਕਰਮ ਕੀਤਾ ਹੈ ਜਿਸ ਨੇ ਮੈਨੂੰ ਅੱਜ ਦੀ ਸਰਵੋਤਮ ਪ੍ਰਾਸੰਗਿਕ ਪ੍ਰਤਿਭਾ ਦੇ ਮੇਲ ਦਾ ਮੌਕਾ ਦਿੱਤਾ ਹੈ। ਮੈਂ ਇਸ ਸੰਸਥਾ ਨਾਲ ਬਹੁਤ ਨੇੜਿਓਂ ਜੁੜਿਆ ਹਾਂ। ਨਾਮਧਾਰੀ ਸੰਸਥਾ ਨੇ ਬਹੁਤ ਮਾਣ ਵੀ ਦਿੱਤਾ ਹੈ ਅਤੇ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਛੋਹ ਦਾ ਮਾਣ ਵੀ ਮਿਲਿਆ। ਅੱਜ ਇਸ ਗੱਦੀ ਤੇ ਬਿਰਾਜਮਾਨ ਸਤਿਗੁਰੂ ਉਦੇ ਸਿੰਘ ਜੀ ਦੀ ਨੇੜਤਾ ਦਾ ਵੀ ਅੰਤਰ ਆਤਮਾ ਵਿਚ ਆਨੰਦ ਮਹਿਸੂਸ ਕਰਦਾ ਹਾਂ। ਮੈਂ ਸੰਤ ਤਰਨ ਸਿੰਘ ਵਹਿਮੀ ਦੀ ਵਿਰਾਸਤ ਦਾ ਅੰਗ ਵੀ ਹਾਂ।

ਮੈ ਸਤਿਗੁਰੂ ਰਾਮ ਸਿੰਘ ਜੀ ਦੇ ਸਬੰਧ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੇ ਆਲੇਖ ਤੋਂ ਹੀ ਗੱਲ ਆਰੰਭ ਕਰਾਂਗਾ। ਇਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ ਭਾਈ ਕਾਨ੍ਹ ਸਿੰਘ ਜੀ ਨੇ ਅੱਗੇ ਜਾ ਕੇ ਮਹਾਪੁਰਖ ਬਾਬਾ ਅਜਾਪਾਲ ਸਿੰਘ ਸਾਹਿਬ ਬਾਰੇ ਜੋ ਵਿਚਾਰ ਆਪਣੇ ਬਾਪੂ ਜੀ ਤੋਂ ਲਏ ਵਿਚਾਰਾਂ ਦੇ ਅਧਾਰ ਤੇ ਲਿਖੇ ਉਹ ਮਹਾਨ ਕੋਸ਼ ਵਿਚ ਦਰਜ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਬਣਦੀ ਸ਼ਰਧਾ ਵਿਚ ਉਪਲਬਧ ਨਹੀਂ ਲਗੇ। ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ " ਕੂਕਾ ਪੰਥ ਦੇ ਬਾਨੀ ਬਾਬਾ ਰਾਮ ਸਿੰਘ, ਜਿਨ੍ਹਾਂ ਦੀ ਸੰਖੇਪ ਕਥਾ ਇਉਂ ਹੈ ਲੁਧਿਆਣੇ ਦੇ ਲਾਗੇ ਰਾਈਆਂ ਪਿੰਡ ਵਿਚ ਜੱਸਾ ਸਿੰਘ ਤਖਾਨ ਦੇ ਘਰ ਮਾਈ ਸਦਾ ਕੌਰ ਦੇ ਉਦਰ ਤੋਂ ਮਾਘ ਸੁਦੀ 5 ਸੰਮਤ 1872 ਨੂੰ ਬਾਬਾ ਰਾਮ ਸਿੰਘ ਜੀ ਦਾ ਜਨਮ ਹੋਇਆ। ਇਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਵਾਹਿਗੁਰੂ ਨਾਮ ਦੇ ਅਭਿਆਸ ਦਾ ਪ੍ਰੇਮ ਸੀ, ਪਹਿਲਾਂ ਇਨ੍ਹਾਂ ਨੇ ਲਾਹੌਰ ਦਰਬਾਰ ਦੀ ਸਿੱਖ ਸੈਨਾ ਵਿਚ ਭਰਤੀ ਹੋ ਕੇ ਕੁਝ ਕਾਲ ਫੌਜੀ ਸੇਵਾ ਕੀਤੀ, ਫੇਰ ਸੰਨ 1841(ਸੰਮਤ 1899) ਵਿਚ ਨੌਕਰੀ ਛੱਡਕੇ (ਨੌਕਰੀ ਸਮੇਂ ਹੀ ਦਰਸ਼ਨ ਕਰਨ ਗਏ ਤਾਂ ਉਹਨਾਂ ਨੇ ਗੁਰਗੱਦੀ ਬਖ਼ਸ਼ੀ-ਸੰਪਾਦਕ) ਛੋਈ ਪਿੰਡ ਜ਼ਿਲ੍ਹਾ ਅਟਕ ਦੇ ਵਸਨੀਕ ਬਾਬਾ ਬਾਲਕ ਸਿੰਘ ਜੀ ਦੇ (ਜਿਨ੍ਹਾਂ ਨੇ ਹਜਰੋਂ ਵਿਚ ਭਗਤੀ ਦਾ ਬਹੁਤ ਪ੍ਰਚਾਰ ਕੀਤਾ) ਚਾਟੜੇ ਹੋ ਕੇ ਨਾਮ ਉਪਦੇਸ਼ ਲੀਤਾ ਅਰ ਭੈਣੀ ਵਿਚ ਨਿਵਾਸ ਕਰਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਇਸ ਮੱਤ ਦੇ ਸਿੱਖ ਸਫੈਦ ਵਸਤੂ ਅਤੇ ਚਿੱਟੀ ਉੱਨ ਦੀ ਮਾਲਾ ਰਖਦੇ ਹਨ। "ਵਹਿਗੁਰੂ" ਮੰਤ੍ਰ ਦਾ ਉਪਦੇਸ਼ ਕੰਨ ਵਿਚ ਦਿੱਤਾ ਜਾਂਦਾ ਹੈ। ਅੰਮ੍ਰਿਤ ਇੱਕ ਪਾਤ੍ਰ ਵਿਚ ਇਕੱਠਾ ਨਹੀਂ ਛਕਾਉਂਦੇ ਜੁਦਾ ਜੁਦਾ ਛਕਾਉਂਦੇ ਹਨ। ਹਵਨ ਦੇ ਵੱਡੇ ਪ੍ਰੇਮੀ ਹਨ। ਆਨੰਦ ਵਿਆਹ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਿਕਰਮਾ ਨਹੀਂ ਕਰਦੇ, ਵੇਦੀ ਗੱਡ ਕੇ ਅਗਨੀ ਵਿਚ ਹੋਮ ਕਰਕੇ ਲਾਵਾਂ ਪੜ੍ਹਦੇ ਹਨ। ਬਹੁਤ ਪ੍ਰੇਮੀ ਹਾਲ ਵਿਚ ਮਸਤ ਹੋ ਕੇ ਚੀਕਾਂ (ਕੂਕਾਂ) ਮਾਰ ਉਠਦੇ ਹਨ। ਦਸਤਾਰ ਉਤਾਰਕੇ ਨੱਚਣ ਟੱਪਣ ਲੱਗ ਜਾਂਦੇ ਹਨ, ਜਿਸ ਤੇ "ਕੂਕਾ" ਸੰਗਤ ਗਈ ਹੈ। ਵਾਸਤਵ ਵਿਚ ਪੰਥ ਦੀ ਸੰਗਯਾ "ਨਾਮਧਾਰੀਆ" ਹੈ।

ਸੰਮਤ 1928 (ਸੰਨ 1872) ਵਿਚ ਕੂਕੇ ਸਿੱਖਾਂ ਨੇ ਮਲੌਦ ਅਤੇ ਮਲੇਰਕੋਟਲੇ ਕੁਝ ਬੁੱਚੜ ਵੱਢ ਕਿਤੇ, ਜਿਸ ਪਰ ਲੁਧਿਆਣੇ ਦੇ ਡਿਪਟੀ ਕਮਿਸ਼ਨਰ (Mr. Cowan) ਨੇ ਬਕਾਇਦਾ ਪੂਰੀ ਤਹਿਕੀਕਾਤ ਕੀਤੇ ਬਿਨਾਂ ਹੀ 49 ਸਿੱਖ ਤੋਪਾਂ ਨਾਲ ਉਡਵਾ ਦਿੱਤੇ ਅਤੇ ਕਮਿਸ਼ਨਰ (Mr. Forsyth) ਨੇ16 ਫਾਂਸੀ ਲਟਕਾ ਕਿੱਤੇ ਅਤੇ ਸ਼ੱਕ ਦੀ ਹਾਲਤ ਵਿਚ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਦਿੱਤਾ।

ਬਾਬਾ ਰਾਮ ਸਿੰਘ ਜੀ ਦੀ ਸ਼ਾਦੀ ਪਿੰਡ ਧਰੌੜ ਜ਼ਿਲ੍ਹਾ ਲੁਧਿਆਣਾ ਵਿਚ ਮਾਈ ਜੱਸਾਂ ਨਾਲ ਹੋਈ ਸੀ। ਜਿਸ ਨੇ ਦੋ ਪੁਤ੍ਰੀਆਂ ਨੂੰ ਜਨਮ ਦਿਤਾ। ਇਸ ਲਈ ਉਨ੍ਹਾਂ ਦੀ ਗੱਦੀ ਛੋਟੇ



Namdhari Elibrary NamdhariElibrary@gmail.com

ਭਾਈ ਬੁੱਧ ਸਿੰਘ ਜੀ ਦੇ ਸਪੁਤ੍ਰ ਭਾਈ ਪ੍ਰਤਾਪ ਸਿੰਘ ਜੀ ਬਿਰਾਜਦੇ ਹਨ, ਅਰ ਹਰ ਵੇਲੇ ਆਏ ਅਭਯਾਗਤਾਂ ਨੂੰ ਲੰਗਰ ਭੋਜਨ ਮਿਲਦਾ ਅਤੇ ਗੁਰਬਾਣੀ ਦਾ ਅਖੰਡ ਕੀਰਤਨ ਹੁੰਦਾ ਹੈ।"

ਪੂਰਨ ਖਿਮਾ ਜਾਚਨਾ ਕਰਦਾ ਹੋਇਆ ਮੈਂ ਆਪਣੀ ਅਲਪ ਬੁੱਧੀ ਅਨੁਸਾਰ ਜਦੋਂ ਨਾਮਧਾਰੀ ਲਹਿਰ ਕਹੀ ਜਾਣ ਵਾਲੀ ਸੰਪ੍ਰਦਾਇ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦੀ ਗੱਲ ਕਰਦਿਆਂ ਇਸ ਗੱਲ ਦਾ ਚਰਚਾ ਨਹੀਂ ਵੇਖਦਾ ਕਿ ਪੁਰਸ਼ ਪ੍ਰਧਾਨ ਸਮਾਜ ਵਿਚ ਨਾਰੀ ਦੀ ਹੋਂਦ, ਸਿਖਿਆ, ਪੁਨਰ ਵਿਆਹ, ਬਰਾਬਰ ਦੇ ਅਧਿਕਾਰਾਂ ਦੀ ਗੱਲ ਅਲੋਪ ਹੈ। ਅੰਤਰ ਜ਼ਾਤੀ ਵਿਆਹ ਦੀ ਗੱਲ ਨਹੀਂ ਹੈ, ਬੁੱਚੜ ਖਾਨਿਆਂ ਜਾ ਗਊ ਹੱਤਿਆ ਦੀ ਵਿਰੋਧਤਾ ਦਾ ਕੋਈ ਜ਼ਿਕਰ ਨਹੀਂ ਹੈ, ਤਾਂ ਇੰਝ ਲਗਦਾ ਹੈ ਕਿ ਅਸੀਂ ਦੋ ਸੌ ਸਾਲ ਵਿਚ ਵੀ ਉਸ ਮਹਾਨ ਪ੍ਰਤਿਭਾ ਨੂੰ ਉਹ ਸਥਾਨ ਨਹੀਂ ਦੇ ਸਕੇ ਜਿਸ ਤੇ ਉਨ੍ਹਾਂ ਦਾ ਅਧਿਕਾਰ ਹੈ।

ਸਤਿਗੁਰੂ ਜੀ ਦੀ ਉਮਰ ਜਦੋਂ ਪੰਜਾਹ ਸਾਲ ਦੀ ਸੀ ਉਸ ਵੇਲੇ ਤੱਕ ਉਨ੍ਹਾਂ ਦੇ ਮੱਤ ਬਾਰੇ ਬਦੇਸ਼ੀ ਹਾਕਮ ਇਹ ਲਿਖਦਾ,

" It is my thorough belief that those lads mean war sooner or later & I strongly recommend my government to be before hand with them".

ਸਤਿਗੁਰੂ ਜੀ ਦੀ ਨਾਮਧਾਰੀ ਲਹਿਰ ਸਬੰਧੀ ਗਿਆਨੀ ਗਿਆਨ ਸਿੰਘ ਦਾ ਮੱਤ ਕਿ ਸਿੱਖਾਂ ਦੇ ਆਚਰਣ ਵਿਚ ਆਈ ਢਹਿੰਦੀ ਕਲਾ ਨੂੰ ਜਦੋਂ ਸਤਿਗੁਰੂ ਜੀ ਨੇ ਵੇਖਿਆ ਤਾਂ ਉਨ੍ਹਾਂ ਨੇ ਸੰਤ ਖਾਲਸਾ ਦੀ ਪੂਰਨ ਸਿਰਜਨਾ ਕੀਤੀ ਸਗੋਂ ਉਸ ਵਿਚ ਕਈ ਪਰਿਵਰਤਨ ਅਤੇ ਵਾਧੇ ਵੀ ਕੀਤੇ। ਹਰਿਮੰਦਰ ਸਾਹਿਬ ਵਿਚ ਬਿਨਾਂ ਜੁੱਤੇ ਉਤਾਰਿਆਂ ਪ੍ਰਵੇਸ਼ ਅਤੇ ਪਵਿੱਤਰ ਸਰੋਵਰ ਵਿਚ ਗਊਆਂ ਦੀਆਂ ਹੱਡੀਆਂ ਰੋਕਣ ਦਾ ਜੇਰਾ ਜੇ ਕਿਸੇ ਨੇ ਕੀਤਾ ਤਾਂ ਉਹ ਕੂਕੇ ਹੀ ਸਨ। ਇਹ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਅਤੇ ਸੇਧ ਦਾ ਅਸਰ ਹੀ ਸੀ। ਸੰਨ 1847 ਨੂੰ ਹਰਿਮੰਦਰ ਸਾਹਿਬ ਦੇ ਬਾਹਰ ਇਕ ਤਾਂਬੇ ਦੀ ਪਲੇਟ ਲਿਖਵਾ ਕੇ ਲਗਵਾਇਆ (ਹੈਨਰੀ ਲਾਰੈਂਸ ਵਲੋਂ) ਕਿ "ਅੰਮਿਤਸਰ ਵਿਚ ਗਊਬੱਧ ਨਹੀਂ ਕੀਤਾ ਜਾਵੇਗਾ ਅਤੇ ਜੋੜੇ ਬਾਹਰ ਬੂਹੇ ਕੋਲ ਉਤਾਰ ਕੇ ਦਰਬਾਰ ਸਾਹਿਬ ਦੇ ਅੰਦਰ ਜਾਇਆ ਜਾਵੇ।" ਪਰ ਜਦੋ 1849 ਵਿਚ ਅੰਗਰੇਜ਼ਾਂ ਦਾ ਪੰਜਾਬ ਤੇ ਪੂਰਨ ਰਾਜ ਹੋ ਗਿਆ ਤੇ ਫਿਰ ਸਰਕਾਰੀ ਹੁਕਮਾਂ ਵਿਚ ਸੋਧ ਕਰਕੇ ਗਊ ਬੱਧ ਦੀ ਆਗਿਆ ਦੇ ਦਿੱਤੀ ਗਈ। ਇਥੋਂ ਤੱਕ ਕਿ ਅੰਮ੍ਰਿਤਸਰ ਵਿਚ ਬੁੱਚੜਖਾਨਾ ਖੁਲ੍ਹ ਗਿਆ, ਮਾਸ ਵੇਚਣ ਦੀਆਂ ਦੁਕਾਨਾਂ ਪਵਿੱਤਰ ਦਰਬਾਰ ਸਾਹਿਬ ਦੇ ਕੋਲ ਵੀ ਖੁਲ੍ਹ ਗਈਆਂ। ਸਤਿਗੁਰੂ ਰਾਮ ਸਿੰਘ ਜੀ ਨੇ 12 ਅਪਰੈਲ 1857 ਨੂੰ ਭੈਣੀ ਸਾਹਿਬ ਵਿਚ ਸਫੈਦ-ਝੰਡਾ ਲਹਿਰਾ ਕੇ ਅੰਗਰੇਜ਼ਾਂ ਵਿਰੁੱਧ ਅੰਦੋਲਨ ਦੀ ਨੀਂਹ ਰੱਖ ਦਿੱਤੀ। ਇਸ ਦਾ ਸਿੱਟਾ ਸੀ ਕਿ 14 ਜੂਨ 1871 ਨੂੰ ਅੰਮ੍ਰਿਤਸਰ ਲਹੌਰੀ ਗੇਟ ਦੇ ਬਾਹਰ ਅੱਧੀ ਰਾਤ ਨੂੰ ਨਾਮਧਾਰੀ ਸਿੰਘਾਂ ਨੇ ਬੁੱਚੜਖਾਨੇ ਤੇ ਧਾਵਾ ਬੋਲ ਦਿੱਤਾ। ਗਊਆਂ ਦੇ ਰੱਸੇ ਵੱਢਕੇ ਅਜ਼ਾਦ ਕਰ ਦਿੱਤੀਆਂ। ਚਾਰ ਬੁੱਚੜ ਮਾਰੇ ਗਏ ਅਤੇ ਤਿੰਨ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਇਸ ਦੋਸ਼ ਵਿਚ ਅੰਗਰੇਜ਼ ਨੇ ਸਖਤੀ ਕਰਦਿਆਂ 12 ਵਿਅਕਤੀਆਂ ਨੂੰ ਸ਼ੱਕ ਕੇ ਅਧਾਰ ਤੇ ਫੜ ਲਿਆ ਅਤੇ ਇੰਨੀ ਸਖਤੀ ਉਨ੍ਹਾਂ ਉਪਰ ਕੀਤੀ ਕਿ ਉਹ ਨਿਰਦੋਸ਼ ਹੁੰਦੇ ਹੋਏ ਵੀ ਆਪਣੇ ਆਪ ਨੂੰ ਦੋਸ਼ੀ ਮੰਨਣ ਲਈ ਮਜ਼ਬੂਰ ਹੋ ਗਏ। ਪਰ ਇਥੇ ਉਸ ਮਹਾਨ ਆਤਮਾ ਦੀ ਪ੍ਰੇਰਨਾ ਦਾ ਅਸਰ ਨਜ਼ਰੀਂ ਆਉਂਦਾ ਹੈ ਜਦੋਂ ਇਤਿਹਾਸ ਸਾਖੀ ਭਰਦਾ ਹੈ ਕਿ ਨਿਰਦੋਸ਼ਿਆਂ ਨੂੰ ਸਜ਼ਾਵਾਂ ਦੇਣ ਲਈ ਕੇਸ ਸੈਸ਼ਨ ਕੋਰਟ ਵਿਚ ਸੀ। ਦੂਸਰੇ ਪਾਸਿਓਂ ਨਾਮਧਾਰੀ ਸਿੰਘਾਂ ਨੇ ਸੱਚ ਦਾ ਹੋਕਾ ਦੇ ਦਿੱਤਾ ਅਤੇ ਆਪਣਾ ਸਿਰ ਉਤੇ ਸਾਰੀ ਗੱਲ ਲੈ ਲਈ, ਆਪ ਮੌਤ ਨੂੰ ਹੱਸਕੇ ਕਬੂਲ ਕਰ ਲਿਆ। ਕਮਾਲ ਇਹ ਕਿ ਫਾਂਸੀ ਦੇ ਰੱਸੇ ਵੀ ਆਪ ਦਿੱਤੇ ਅਤੇ ਆਪ ਹੀ ਰੱਸੇ ਗਲਾਂ ਵਿਚ ਪਾਏ ਅਤੇ ਆਪ ਹੀ ਝੂਲ ਗਏ। ਸੱਚ ਦੇ ਸ਼ੈਦਾਈ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਾਂ ਅਤੇ ਅਸੂਲਾਂ ਦੀ ਪਾਲਣਾ ਕਰ ਗਏ। ਸਤਿਗੁਰੂ ਜੀ ਨੇ ਇਸ ਮੱਤ ਦੀ ਸ਼ੁਰੂਆਤ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਲਈ ਕੀਤੀ ਸੀ। ਜਿਸ ਨੂੰ ਆਜ਼ਾਦੀ ਦੀ ਲੜਾਈ ਦਾ ਮੁੱਢ ਕਹਿ ਸਕਦੇ ਹਾਂ।

ਇਸ ਲਹਿਰ ਦੀ ਸਿਰਜਣਾ ਹਾਲਤ ਦੇ ਗੰਭੀਰ ਚਿੰਤਨ ਤੋਂ ਪਿਛੋਂ ਹੀ ਇਹ ਵੇਖਕੇ ਕੀਤੀ ਗਈ ਕਿ "ਬਾਬਾ ਨਾਨਕ ਦੀ "ਸੋ ਕਿਉਂ ਮੰਦਾ ਆਖੀਏ" ਮਾਹਾਂਵਾਕ ਵਿਸਰ ਚੱਲਿਆ ਸੀ। ਸਤਿਗੁਰੂ ਜੀ ਨੇ ਇਸਤਰੀ ਜ਼ਾਤੀ ਨੂੰ ਮੁੜ ਬਰਾਬਰ ਦਾ ਸਥਾਨ ਦੇ ਕੇ ਪੁਨਰ-ਵਿਆਹ ਸਮੂਹਿਕ ਵਿਆਹ, ਦਾਜ ਅਤੇ ਵੱਟੋ ਦੀ ਬੰਦਸ਼, ਇਸਤਰੀ ਵਿਦਿਆਂ ਦੇ ਆਦੇਸ਼ ਆਪਣੇ ਪੈਰੋਕਾਰਾਂ ਨੂੰ ਦਿੱਤੇ। ਆਜ਼ਾਦੀ ਲਈ ਸੰਘਰਸ਼ ਜੋ ਕੂਕਾ ਸਿੰਘਾਂ ਨੇ ਕੀਤਾ ਉਸ ਦੀ ਕੋਈ ਹੋਰ ਮਿਸਾਲ ਹੀ ਨਹੀਂ ਮਿਲਦੀ। ਨਿਧੜਕ ਸੂਰਮੇ ਜੇ ਸਰਕਾਰ ਦਾ ਬਾਈਕਾਟ ਕਰ ਦਿੱਤਾ ਤਾਂ ਸਰਕਾਰੀ ਸੜਕ ਤੇ ਲੱਗੀ ਕਿਕਰ ਦੀ ਦਾਤਨ ਤੱਕ ਦਾ ਵੀ ਵਿਰੋਧ ਕੀਤਾ। ਨਾਮਧਾਰੀ ਸਿੱਖਾਂ ਦੀ ਰਹਿਤ ਮਰਯਾਦਾ ਜੀਵਨ ਜਾਚ, ਖਾਣ



Namdhari Elibrary NamdhariElibrary@gmail.com

ਪੀਣ, ਨਸ਼ਿਆਂ ਨੂੰ ਧਰਮ ਵਿਚ ਕੋਈ ਥਾਂ ਨਾ ਦੇਣਾ ਅਤੇ ਸਦਾਚਾਰਕ ਮੁੱਲਾਂ ਦੀ ਮਹਾਨਤਾ, ਅੱਜ ਵੀ ਉਨੀਆਂ ਹੀ ਪ੍ਰਸੰਗਿਕ ਹਨ ਜਿੰਨੀਆਂ ਦੋ ਸੌ ਸਾਲ ਪਹਿਲਾਂ ਦੇ ਸਮਾਜ ਵਿਚ ਜ਼ਰੂਰੀ ਸਨ।

ਕੇਵਲ ਅੰਮ੍ਰਿਤਸਰ ਵਿਚ ਹੀ ਬੁੱਚੜਖਾਨੇ ਦਾ ਵਿਰੋਧ ਨਹੀਂ ਕੀਤਾ। ਉਸ ਤੋਂ ਪਿਛੋਂ ਰਾਏਕੋਟ ਅਤੇ ਮਲੇਰਕੋਟਲਾ ਵਿਚ ਜੋ ਕੁਰਬਾਨੀਆਂ ਦਿੱਤੀਆਂ ਉਨ੍ਹਾਂ ਨੂੰ ਅੱਜ ਵੀ ਕੂਕਾ-ਕੱਲਰ ਯਾਦ ਕਰਦਾ ਹੈ। ਫਿਰ ਮੈਂ ਇਸ ਲੇਖ ਦੇ ਸਿਰਲੇਖ ਵਾਲੇ ਮਹਾਂਵਾਕ ਦੀ ਸ਼ਰਣ ਵਿਚ ਆਉਣ ਲੱਗਾ ਹਾਂ। ਮੇਰੀ ਅਰਜ਼ੋਈ ਹੈ ਕਿ ਅੱਜ ਵੀ ਸਮਾਜ ਵਿਚ ਜੋ ਨਿਘਾਰ ਆ ਗਿਆ ਹੈ, ਸਰਕਾਰਾਂ ਜਿਹੜੀਆਂ ਗੱਲਾਂ ਲਈ ਹੋਕੇ ਦੇ ਰਹੀਆਂ ਹਨ, ਕਾਨੂੰਨ ਬਣਾਏ ਜਾ ਰਹੇ ਹਨ ਅਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ, ਜੇ ਇਨ੍ਹਾਂ ਦੇ ਸੰਬੰਧ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦੋ ਸੌ ਸਾਲ ਪਹਿਲਾਂ ਕੀਤੇ ਬਚਨਾਂ ਤੇ ਚਲਿਆ ਜਾਵੇ ਤਾਂ ਸਾਰੇ ਮਸਲੇ ਹੱਲ ਹੋ ਜਾਂਦੇ ਹਨ। ਸਤਿਗੁਰਾਂ ਦਾ ਹੁਕਮ ਕਿ 18 ਸਾਲ ਤੋਂ ਘੱਟ ਉਮਰ ਦੀਆਂ ਧੀਆਂ ਭੈਣਾਂ ਦੇ ਵਿਆਹ ਨਾ ਕੀਤੇ ਜਾਣ, ਕਿਸੇ ਮਜਬੂਰੀ ਵਸ ਕੋਈ ਧੀ ਨੂੰ ਵਡੇਰੀ ਉਮਰ ਦੇ ਵਿਅਕਤੀ ਨਾਲ ਨਾ ਵਿਆਹੇ, ਨਾ ਧੀ ਦਾ ਪੈਸਾ ਲਵੇ ਨਾ ਵੱਟਾ ਕਰੇ। ਲੜਕੀ ਨੂੰ ਨਾ ਮਾਰਨਾ।

ਸਤਿਗੁਰੂ ਜੀ ਦੇ ਹੁਕਮਨਾਮੇ ਵਿਚ ਪਰ ਇਸਤਰੀ ਗਮਨ ਵਰਜਿਤ ਕਰਨਾ ਅਜੋਕੀ ਅੰਤ੍ਰਰਾਸ਼ਟਰੀ ਏਡਜ਼ ਵਰਗੀ ਬਿਮਾਰੀ ਦਾ ਪੂਰਵ ਸੂਚਕ ਹੈ। ਅੱਜ ਸਾਰੀ ਦੁਨੀਆਂ ਵਿਚ ਭਾਰਤ ਸੁਅੱਛਤਾ ਅਭਿਆਨ ਦਾ ਮੋਢੀ ਮੰਨਿਆ ਜਾ ਰਿਹਾ ਹੈ ਅਤੇ ਸੁਦੇਸ਼ ਦਾ ਪ੍ਰਚਾਰ ਪੂਰੀ ਬੁਲੰਦ ਆਵਾਜ਼ ਵਿਚ ਕੀਤਾ ਜਾ ਰਿਹਾ ਹੈ। ਮੇਕ ਇਨ ਇੰਡੀਆ ਇਕ ਲਹਿਰ ਬਣਾਈ ਜਾ ਰਹੀ ਹੈ। ਕੂਕਿਆਂ ਦੀ ਸੁਅੱਛਤਾ, ਨਿਛਲ ਭਾਵਨਾ, ਦੇਸ਼ ਪ੍ਰੇਮ ਅਤੇ ਸੁਦੇਸ਼ੀ ਦੀ ਸੋਚ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਇਨ੍ਹਾਂ ਨੂੰ ਦਿੱਤੀ ਸੇਧ ਵਿਚ ਸੌਂਪੀ ਹੈ ਮੈਨੂੰ ਅਜ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਲਗਦੀ ਹੈ। ਭਰਿਸ਼ਟ ਹੋ ਚੁਕੀਆਂ ਬੁਧੀਆਂ ਲਈ ਮੂਲ ਦਾ ਅਹਿਸਾਸ ਅਤੇ ਆਪਣੀ ਸੰਸਕ੍ਰਿਤੀ ਦੀ ਰਖਿਆ ਲਈ ਜੋਦੜੀ ਹੈ ਕਿ " ਕੋਈ ਆਣਿ ਮਿਲਾਵੈ" ਅਜਿਹਾ ਪੂਰਾ ਗੁਰੂ ਜੋ *ਜਗਤ ਜਲਦੇ ਨੂੰ ਬਚਾ ਲਵੇ।*

*ਸਾਬਕਾ ਡਾਇਰੈਕਟਰ*
*ਹ.ਪੰ.ਸ.ਅ (ਹਰਿਆਣਾ ਸਰਕਾਰ)*
092157-15909

# ਸੁਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ

**—ਸ੍ਰ: ਤਰਨ ਸਿੰਘ "ਵਹਿਮੀ" ਹਿੰਦੂ ਚਕ**

ਆਏ ਅੰਗ੍ਰੇਜ, ਛੇਜ ਛਲ ਕੀ ਬਛਾਏ ਦੀਨੀ,
ਭੇਜ ਦੀਨੀ ਲੇਂਝ ਕਰ ਰਈਯਤ ਵਲੈਤ ਕੋ।
ਖਾਲਸੇ ਕੋ ਜਾਲ ਪੜਾ ਹਿੰਦੂਉਂ ਕੀ ਕਿੰਦ ਗਈ,
ਥੱਈ ਇਸਲਾਮ ਖਰ ਖਾਮ ਦਾਮ ਰਿਐਤ ਕੋ।
ਛੱਤੀ ਬ੍ਰਹਿਮਣ ਭੀ ਬੇਦ-ਬਾਣੀ ਭੁੱਲੇ ਰੁਲੇ,
ਮੋਮਨ ਲਿਆਵੈ ਨ ਕੋਈ ਮੰਨ ਆਂਨ ਐਤ ਕੋ।
ਹੋਇਕੈ ਕੰਗਾਲ ਹਿੰਦ ਖਰਾ ਮਾਲ ਧਰਾ ਗੋਰ,
ਕਰਾ ਮੰਨਜ਼ੂਰ ਕੂੜ ਦਮੜੇ ਕੀ ਬੈਤ ਕੋ।
ਕਰਤੇ ਬਿਚਾਰੇ ਕਿਆ ਮਰਤੇ ਥੇ ਮਾਰੇ ਭੁਖ,
ਹਾਰੇ ਬੁਧ, ਦੁਖ ਦੀਆ ਬਹੁਤ ਥਾ ਕੁਸਾਲੇ ਨੇ।
ਐਸੀ ਦਸ਼ਾ ਦੇਖਕੇ ਬਸੇਖ ਸੇਖ ਧਾਰ ਆਏ,
ਸੁੱਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ।

ਪੰਜ ਕੱਕੇ ਪੰਜ ਤੱਤ ਪੱਕੇ ਤੌਰ ਕੈਮ ਕਰ,
ਛੇਵੀਂ ਮਾਲਾ ਆਲ੍ਹਾ ਜੋਤ ਆਪਣੀ ਮਿਲਾਏ ਕੈ।
ਅਨਹਦ ਸ਼ਬਦ ਗੋਬਿੰਦ ਦੁਆਰ ਦਸਵੇਂ ਕਾ,
ਜਿੰਦ ਕੇ ਮਾਲਕ ਬਖਸਿੰਦ ਸਮਝਾਏ ਕੈ।
ਮੰਨਿਆ ਬਚਨ ਜਿੰਨਾਂ ਰਤਨ ਸਵਾਰ ਲੀਤਾ,
ਦੇਖੇ ਹਮ ਸਾਰ ਖੇਲ ਉਨਕੇ ਨਿਰਾਲੇ ਨੇ।
ਹੱਸ ਹੱਸ ਮਰੇ ਡਰੇ ਤੋਪ ਤੋਂ ਨ, ਕਹਿੰਦੇ ਗਏ,
ਸੁੱਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ।

ਉਨਹੀ ਕੇ ਖੂੰਨ ਅਬ ਹੋਇਕੈ ਸਹੰਸ ਗੂਨ,
ਲਾਗੇ ਕੂਨ ਝੂਨ ਝੂਨ ਹਿੰਦ ਕੋ ਜਗਾਰਿਆ।
ਉਸੀ ਕਾਜ ਆਜ ਭਲੇ ਭਾਜ ਗਾਜ ਮਿਲੇ,
ਵੱਲੇ ਰਾਜ ਜਿਨ ਥਾ ਬਿਦੇਸਿਓਂ ਕੋ ਮਾਰਿਆ।
ਹੋਊ ਪੀਸਾ ਦਲੀਯਾ ਜਰੂਰ ਰਾਜੇ ਰਈਯਤ ਕਾ,
ਕਿਸੇ ਬੰਨੇ ਲਉਣੀ ਗੱਲ ਇਸ ਹੈ ਉਬਾਲੇ ਨੇ।
'ਵਹਿਮੀ' ਕਹੇ ਆਖਰੀ ਅੰਜਾਮ ਕਹੂੰ ਦੇ ਸਭ,
ਸੁੱਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ



Namdhari Elibrary NamdhariElibrary@gmail.com

# ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ

*-ਮਾ. ਨਿਹਾਲ ਸਿੰਘ*



ਸੱਤ ਫਕੀਰ ਇਕ ਗੋਦੜੀ ਵਿਚ ਸਮਾਂ ਗੁਜਾਰ ਸਕਦੇ ਹਨ, ਪਰ ਦੋ ਬਾਦਸ਼ਾਹ, ਇਕ ਰਾਜ ਵਿਚ ਨਹੀਂ ਰਹਿ ਸਕਦੇ। ਅੰਗਰੇਜ਼ ਸਤਿਗੁਰੂ ਰਾਮ ਸਿੰਘ ਜੀ ਤੋਂ ਉਸ ਵੇਲੇ ਭੈ ਭੀਤ ਹੋਇਆ, ਜਦ ਉਸਨੂੰ ਇਹ ਸੋ ਕੰਨੀ ਪਈ ਕਿ ਉਸਦੇ ਪੈਰੋਕਾਰ,ਉਨ੍ਹਾਂ ਨੂੰ ਸੱਚੇ ਪਾਤਸ਼ਾਹ ਕਹਿ ਸਤਿਕਾਰਦੇ ਹਨ। ਇਸ ਰਪੋਟ ਨੇ ਅੰਗਰੇਜ਼ ਦੀ ਨੀਂਦ ਹਰਾਮ ਕਰ ਦਿੱਤੀ। ਇਹ ਰਪੋਟ ਹੈ ਵੀ ਗ਼ਲਤ ਨਹੀਂ ਸੀ, ਕਿਉਂਕਿ ਸਤਿਗੁਰ ਲੱਖਾਂ ਦਿਲਾਂ ਤੇ ਰਾਜ ਕਰਦੇ ਸਨ। ਸੱਚੇ ਪਾਤਸ਼ਾਹ ਦੇ ਮੋਟੇ ਨੇਤਰ, ਖੰਡੇ ਦੀ ਤੇਜ਼ ਧਾਰ ਵਾਲਾ ਨੱਕ, ਦਮਕਦਾ ਚਿਹਰਾ, ਲੰਮੀ ਗਰਦਨ, ਹਾਥੀ ਦੇ ਸੁੰਢ ਵਰਗੀਆਂ ਗੋਡਿਆਂ ਤੀਕ ਬਾਹੀ 'ਦਰਸ਼ਕਾਂ ਨੂੰ ਅਕਰਸ਼ਤ ਕੀਤੇ ਬਿਨਾਂ ਨਹੀਂ ਰਹਿੰਦੇ ਸਨ। ਇਸਦੇ ਨਾਲ ਜਦ ਉਹ ਸੁਨਹਿਰੀ ਤਿੱਲੇਦਾਰ ਕਾਠੀ ਪਾ ਚੀਨੀ ਦੀ ਸਵਾਰੀ ਕਰਦੇ ਤਾਂ ਅੱਗੇ ਪਿੱਛੇ ਦਰਸ਼ਨੀ ਸੂਬੇ ਹੁੰਦੇ। ਉਨ੍ਹਾਂ ਦੇ ਨਾਲ ਹਜ਼ਾਰਾਂ ਸਿਖ ਜੈਕਾਰੇ ਛਡਦੇ। ਫਿਰ ਉਨ੍ਹਾਂ ਦਾ ਨਿਸ਼ਾਨਾ ਵੀ ਗ਼ੈਰ ਨੂੰ ਦੇਸ਼ੋਂ ਕਢ ਖ਼ਾਲਸਾ ਰਾਜ ਸਥਾਪਨਾ ਸੀ। ਜਿਸਦਾ ਮੁੱਢ ਵੀ ਉਨ੍ਹਾਂ ਬੰਨ੍ਹ ਦਿੱਤਾ ਸੀ। ਉਨ੍ਹਾਂ ਪਾਸ ਫਰਿਆਦੀ ਆਉਂਦੇ, ਦਰਬਾਰ ਲਗਦੇ ਜਿਥੇ ਦੁਧ ਦਾ ਦੁਧ ਤੇ ਪਾਣੀ ਦਾ ਪਾਣੀ ਨਿਖੜਦਾ ਸੀ। ਦੋਸ਼ ਆਪ ਕਬੂਲ ਕਰਦੇ ਸਨ। ਕਿਸੇ ਸ਼ਹਾਦਤ ਦੀ ਲੋੜ ਨਹੀਂ ਸੀ ਪੈਂਦੀ! ਨ ਕੋਈ ਵਕੀਲ ਨ ਮੁਨਸ਼ੀ। ਜੋ ਡੰਡ ਲੱਗੇ ਖਿੜੇ ਮੱਥੇ। ਆਮ ਤੌਰ ਤੇ ਬਖਸ਼ਿਸ਼ ਹੋ ਜਾਂਦੀ ਸੀ। ਮੁਦੱਈ ਤੇ ਮੁਦੇਅਲਹਿ ਇਕ ਦੂਏ ਦੇ ਚਰਨੀ 'ਹੱਥ ਲਾ ਕੇ ਘਰਾਂ ਨੂੰ ਖ਼ੁਸ਼ੀਆਂ ਲੈ ਮੁੜਦੇ ਸਨ। ਇੱਥੇ ਹੀ ਬਸ ਨਹੀਂ ਉਨ੍ਹਾਂ ਦੀ ਪ੍ਰਸ਼ਾਸਨਵੀ ਪ੍ਰਣਾਲੀ ਬੜੀ ਨਿਯਮ ਬੱਧ ਸੀ। ਉਨ੍ਹਾਂ ਦੇ ਹੁਕਮਾਨੁਸਾਰ ਪੰਜਾਂ ਪਾਣੀਆਂ ਦੀ ਧਰਤੀ ਤੇ ਥਾਂ-ਥਾਂ ਪਾਠਸ਼ਾਲਾਵਾਂ ਤੇ ਆਪਣੀਆਂ ਅਦਾਲਤਾਂ ਕਾਇਮ ਹੋ ਗਈਆਂ। ਆਪਣੀ ਕਪਾਹ ਤੇ ਆਪਣੀ ਰੂਈਂ, ਆਪਣੇ ਖੱਦਰ ਤੇ ਆਪਣੀਆਂ ਚੌਸੀਆਂ ਪੈਂਸੀਆਂ, ਆਪਣੇ ਜੁਲਾਹੇ ਤੇ ਆਪਣੇ ਪੇਂਜੇ। ਬਦੇਸ਼ੀਆਂ ਦੇ ਮਿਲਾਂ ਦੀ ਖੰਡ ਨ ਚੀਨੀ। ਕੂਕੇ ਕੇਵਲ ਘਰਾਂ ਦੇ ਗੁੜ, ਸ਼ਕੱਰ, ਦੁਧ, ਦਹੀਂ, ਲੱਸੀ ਮੱਖਣ ਖਾ ਡਕਾਰਦੇ ਤੇ ਦੁੜੰਗੇ ਲਾਂਦੇ। ਨ ਭੂਤਨੀ ਦੀ ਸਵਾਰੀ, ਪੈਂਡਾ ਕੱਢਣ ਵਾਸਤੇ ਆਪਣੀ ਟੰਗਾਂ ਤੋਂ ਸੇਵਾ ਲੈਂਦੇ ਗੋਰਿਆਂ ਰਾਹੀਂ ਬਣੀਆਂ ਸੜਕਾਂ ਤੇ ਲਗੇ ਰੁੱਖਾਂ ਦੀ ਛਾਵੇਂ ਤੱਕ ਨਾ ਬਹਿੰਦੇ। ਪੰਜਾਬੀਆਂ ਦਾ ਇਹ ਵਤੀਰਾ ਵੇਖ ਗੋਰੇ ਨੂੰ ਪਿਸੂ ਪੈਣ ਲਗੇ। ਇਸੇ ਕਰਕੇ ਉਸ ਨੇ ਇਸ ਲਹਿਰ ਦਾ ਭੋਗ ਪਾਣ ਲਈ ਠਾਠ ਲਈ।

ਸੱਚੇ ਪਾਤਸ਼ਾਹ ਦੇ ਪ੍ਰਸ਼ਾਸਨ ਵਿਚ ਇਹ ਵਿਸ਼ੇਸ਼ਤਾ ਸੀ ਕਿ ਜਿਥੇ ਉਹ ਆਮ ਸ਼ਹਿਰੀਆਂ ਨੂੰ ਆਰਥਿਕ ਤੇ ਸਮਾਜਕ ਪਾਠ ਪੜ੍ਹਾਂਦੇ ਉਸਦੇ ਨਾਲ ਸਤਿ ਮਾਰਗ ਦਾ ਉਪਦੇਸ਼ ਦੇਂਦੇ। ਦਸਾਂ ਨਵਾਂ ਦੀ ਕਿਰਤ ਵਲ ਪ੍ਰੇਰਦੇ। ਇਨ੍ਹਾਂ ਸੱਤੋ ਗੁਣੀ ਉਪਦੇਸ਼ਾਂ ਦਾ ਫਲ ਇਹ ਪ੍ਰਾਪਤ ਹੋਇਆ ਕਿ ਵਡੇ-ਵਡੇ ਕੁਕਰਮੀ ਦੇਵਤੇ ਬਣ ਗਏ। ਦਿਨ ਬਦਿਨ ਆਮ ਲੋਕ ਸਤਿਗੁਰਾਂ ਦੇ ਚਰਨਾਂ ਨਾਲ ਜੁੜ ਰਹੇ ਸਨ। ਭਲਾ ਇਹ ਕਿਉਂ? ਕਿਉਂਕਿ ਦੁਨੀਆਵੀ ਪਾਤਸ਼ਾਹ ਤੋਂ ਸੰਸਾਰਕ ਪਦਾਰਥ ਮਿਲਦੇ ਹਨ, ਪਰ ਸੱਚੀ ਸਰਾਕਰ ਤੋਂ ਪ੍ਰਾਪਤ ਹੁੰਦੇ ਹਨ, ਧਰਮ, ਅਰਥ ਤੋਂ ਕਾਮ, ਮੋਖ। ਸਿਖ ਪੰਥ ਦੇ ਵਿਦਵਾਨ ਭਾਈ ਗੁਰਦਾਸ ਨੇ ਸਤਿਗੁਰ ਦੇ ਇਉਂ ਗੁਣ ਗਾਏ ਹਨ:-

ਸਤਿਗੁਰ ਸੱਚਾ ਪਾਤਸ਼ਾਹ,
ਕੂੜੇ ਬਾਦਸ਼ਾਹ ਦੁਨੀਆਵੇ।
ਸਤਿਗੁਰ ਨਾਥਾਂ ਨਾਥ ਹੈ
ਹੁਇ ਨਾਉਂ ਨਾਥ ਅਨਾਥ ਨਿਥਾਵੇ।
ਸਤਿਗੁਰ ਕਰਤਾ ਪੁਰਖ ਹੈ,
ਕਰਿ ਕਰਿਤੂਤ ਨਿਨਾਵ, ਨਿਵਾਵੇ।
ਸਤਿਗੁਰ ਸੱਚਾ ਸ਼ਾਹ ਹੈ,
ਹੋਰ ਸਾਹ ਵੇਸਾਹ ਉਚਾਵੇ।
ਸਤਿਗੁਰ ਸੱਚਾ ਵੈਦ ਹੈ,
ਹੋਰ ਸਭ ਵੈਦ ਕੈਦ ਕੂੜਾਵੇ।
ਵਿਣ ਸਤਿਗੁਰ ਸਭ ਨਿਗ ਸਾਵੇ।

(ਵਾਰ ੧੫ ਪਉੜੀ ੧)



Namdhari Elibrary NamdhariElibrary@gmail.com

ਭਾਵੇਂ ਸੱਚੇ ਪਾਤਸ਼ਾਹ ਦਾ ਸਿਖੀ ਤੇ ਪ੍ਰਸਿੱਧੀ ਵਿਚ ਦਿਨੋਂ ਦਿਨ ਵਾਧਾ ਹੋ ਰਿਹਾ ਸੀ। ਪਰ ਉਹ ਅੰਗਰੇਜ਼ ਦਾ ਬੁਰਾ ਨਹੀਂ ਸਨ ਮੰਗਦੇ, ਮਗਰ ਅੰਗਰੇਜ਼ ਦੀ ਨੀਤੀ ਉਨ੍ਹਾਂ ਨੂੰ ਉੱਕਾ ਪਸੰਦ ਨਹੀਂ ਸੀ। ਉਹ ਚਾਹੁੰਦੇ ਸਨ ਕਿ ਗੋਰਾ ਆਪਣੇ ਘਰ ਵੱਸੇ। ਅਸੀਂ ਆਪਣੇ ਘਰ ਵੱਸੀਏ। ਇਸ ਤਰ੍ਹਾਂ ਹੋਰ ਦੇਸ਼ ਆਪਣੇ ਘਰੀਂ ਜਿਵੇਂ ਚਾਹੁਣ ਛੱਜ ਵਜਾਣ ਜਾ ਛਾਨਣੀ। ਕਿਸੇ ਨੂੰ ਕਿਸ ਨਾਲੋਂ ਕੀ? ਪਰ ਗੋਰਾ ਵੇਖਣ ਨੂੰ ਚਿੱਟਾ ਸੀ, ਅੰਦਰੋਂ ਕਾਲਾ ਸੀ। ਜਿਸ ਦੇਸ਼ ਨੂੰ ਵੀ ਧੋਖੇ ਫਰੇਬ ਨਾਲ ਕਾਬੂ ਕਰ ਲੈਂਦਾ ਸੀ ਉਸ ਤੇ ਸਦਾ ਵਾਸਤੇ ਯੂਨੀਅਨ ਜੈਕ (Union Jack) ਨੂੰ ਫਰਾਟੇ ਭਰਦਾ ਉਸਦੀ ਸਭਿਅਤਾ ਪੂਰਨ ਰੂਪ ਵਿਚ ਨਸ਼ਟ ਕਰ ਦਿਨ ਦੀਵੀਂ ਲੁਟਦਾ। ਧਰਮ, ਕਰਮ ਤੇ ਹੋਰ ਰਹਿਣੀ ਬਹਿਣੀ ਨੂੰ ਦੇਸ਼ ਨਿਕਾਲਾ ਦੇ ਦਿੰਦਾ ਤੇ ਆਪਣਾ ਐਸਾ ਜਾਦੂ ਵਿਖਾਂਦਾ ਕਿ ਭੋਲੇ ਭਾਲੇ ਲੋਕ ਉਸ ਨੂੰ ਰੱਬੀ ਰਹਿਮਤ ਜਾਣਦੇ। ਉਹ ਉਸ ਦੇਸ਼ ਦੇ ਵਸ਼ਨੀਕਾਂ ਵਿਚੋਂ ਕੁਝ ਸਿਆਣੇ ਬੰਦੇ ਖਰੀਦ ਲੈਂਦਾ। ਜਿਹੜੇ ਉਸਦੀ ਹਾਂ ਵਿਚ ਹਾਂ ਮਿਲਾਦੇ। ਇਹ ਨੀਤੀ ਭਾਰਤ ਵਿਚ ਆਪਣਾਈ ਤੇ ਸਤਿਗੁਰੂ ਰਾਮ ਸਿੰਘ ਨੂੰ ਦੁਸ਼ਮਣ ਨੰ: 1 ਜਾਣ ਕੇ ਸਭ ਤੋਪਾਂ ਦੇ ਮੂੰਹ ਕੂਕਿਆਂ ਵਲ ਖੋਲ੍ਹ ਦਿਤੇ। ਭਾਰਤੀਆਂ ਵਿਚੋਂ ਵੀ ਕੁਝ ਹਿੰਦੂ ਮੁਸਲਮਾਨ ਖਰੀਦ ਲਏ। ਬਦ ਕਿਸਮਤੀ ਨਾਲ ਕਹਿਣਾ ਪੈਂਦਾ ਹੈ ਕਿ ਸਿੱਖਾਂ ਵਿਚੋਂ ਕੁਝ ਸਵਾਰਥੀ ਮਿਲ ਗਏ ਜਿਹੜੇ ਉਨ੍ਹਾਂ ਦੇ ਇਸ਼ਾਰਿਆਂ ਤੇ ਨਚਦੇ। ਉਨ੍ਹਾਂ ਖੁਲ੍ਹੇ ਭਾਤ ਖਾਣ ਵਾਲਿਆਂ, ਆਪਣੇ ਆਕਾ ਦੇ ਇਸ਼ਾਰੇ ਅਨੁਸਾਰ ਭਾਰਤ ਦਾ ਸਾਹਿਤ ਭੰਨਿਆ। ਇਤਿਹਾਸ ਵਿਚ ਮਨ ਮਰਜ਼ੀ ਅਨੁਸਾਰ ਵਾਧਾ ਘਾਟਾ ਕੀਤਾ ਤੇ ਗੁਰੂ ਰਾਮ ਸਿੰਘ ਵਿਰੁਧ ਚੰਗਾ ਭੰਡੀ ਕਰਾਇਆ। ਪਰ ਸੂਰਜ ਆਕਾਸ਼ ਵਿਚ ਕਿਰਨਾਂ ਪਸਾਰ ਚਕਾ ਚੌਂਦ ਕਰ ਰਿਹਾ ਹੈ। ਇਸ ਅੰਧਾ ਧੁੰਧ ਵਿਰੋਧੀ ਪ੍ਰਚਾਰ ਸ਼ਾਹੀ ਰੁਅਬ ਦਾਬ ਤੇ ਉਨ੍ਹਾਂ ਦੇ ਹਵਾਰੀਆਂ ਵਲੋਂ ਹਰ ਪ੍ਰਕਾਰ ਦੇ ਲੋਭ ਲਾਲਚ ਦੇ ਬਾਵਜੂਦ ਅਨੇਕ ਕਰਨੀ ਵਾਲਿਆਂ ਨੂੰ ਸਤਿਗੁਰੂ ਰਾਮ ਜੀ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਗੁਣਾਂ ਦੇ ਝਲਕਾਰ ਵੱਜੇ। ਕੂਕਿਆਂ ਨੂੰ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਰ੍ਹਵੀਂ ਥਾਂਏ ਜਗਮਗ ਜੋਤ ਨਜ਼ਰ ਆਈ, ਇਨ੍ਹਾਂ ਵਿਚੋਂ ਗੁਰੂ ਹਰਿਗੋਬਿੰਦ ਵਾਲੀ ਮੀਰੀ ਪੀਰੀ ਦੇ ਲਿਸ਼ਕਾਰੇ ਪ੍ਰਾਪਤ ਹੋਏ। ਇਨ੍ਹਾਂ ਚੋਂ ਹੀ ਗੁਰੂ ਗੋਬਿੰਦ ਸਿੰਘ ਵਾਲੀ ਚੜ੍ਹਤਲ ਪ੍ਰਤੀਤ ਹੋਈ। ਪਰ ਹੋਰ ਕਈ ਭਾਗਵਾਨਾਂ ਤੇ ਸੱਚੇ ਪਾਤਸ਼ਾਹ ਦੀ ਕਰਨੀ ਦਾ ਸਦਕਾ ਪ੍ਰਭਾਵ ਫੁੱਟ-2 ਪਇਆ। ਉਨ੍ਹਾਂ ਗੋਰੇ ਦੇ ਕਲੋਰੋਫਾਰਮ ਦੇ ਅਸਰ ਹੇਠਾਂ ਹੁੰਦਿਆਂ ਹੋਇਆਂ ਵੀ ਆਤਮਿਕ ਅਤੇ ਸਾਰਥਿਕ ਗੁਣਾਂ ਨੂੰ ਅਨੁਭਵ ਕੀਤਾ।

*-ਮਾਸਟਰ ਨਿਹਾਲ ਸਿੰਘ*

## ਸਤਿਗੁਰੂ ਰਾਮ ਸਿੰਘ ਦਾ ਝੁਲਾਇਆ ਝੰਡਾ

ਗੁਰੂ ਰਾਮ ਸਿੰਘ ਜੀ ਦੇ ਝੁਲਾਏ ਹੋਏ ਆਜ਼ਾਦੀ ਦੇ ਝੰਡੇ ਹੇਠ ਨਾਮਧਾਰੀਆਂ ਨੇ ਜੋ ਕੁਰਬਾਨੀਆਂ ਕੀਤੀਆਂ ਹਨ, ਉਹਨਾਂ ਦਾ ਦੇਸ਼ ਨੂੰ ਸਦਾ ਮਾਣ ਰਹੇਗਾ ਹੁਣ ਫੇਰ ਭਾਰਤ ਵਾਸੀਆਂ ਦੇ ਦੇਸ਼ ਪਰੇਮ ਦੀ ਪਰੀਖਿਆ ਹੋਣ ਵਾਲੀ ਹੈ। ਪੌਣੀ ਸਦੀ ਤੋਂ ਸ਼ਾਂਤਮਈ ਅਸਰਯੋਗ ਅੰਦੋਲਨ ਦਾ ਅਨੁਭਵ ਵਾਲੇ ਨਾਮਧਾਰੀ ਸਿੰਘਾਂ ਤੋਂ ਏਹ ਆਸ ਹੋਵੇਗੀ ਹੀ ਕਿ ਉਹ ਆਜ਼ਾਦੀ ਦਾ ਝੰਡਾ ਉਠਾ ਕੇ ਸਾਰੇ ਦੇਸ਼ ਦੇ ਅੱਗੇ ਚਲਦੇ ਦਿਸਣ ਤੇ ਦੂਸਰੇ ਦੇਸ਼ ਵਾਸੀਆਂ ਨੂੰ ਭੀ ਕੁਰਬਾਨੀ ਲਈ ਉਤਸ਼ਾਹਿਤ ਕਰਨ।

*ਸ੍ਰੀ ਸੁਭਾਸ਼ ਚੰਦਰ ਬੋਸ*

## ਸਤਿਗੁਰੂ ਜੀ ਦਾ ਉਚੇ ਸਦਾਚਾਰ ਦਾ ਉਪਦੇਸ਼

(ਗੁਰੂ) ਰਾਮ ਸਿੰਘ ਗਰੀਬਾਂ ਨੂੰ ਰੋਟੀ ਅਤੇ ਕਪੜਾ ਆਪਣੇ ਪਲਿਉਂ ਦੇ ਕੇ ਉਨ੍ਹਾਂ ਨੂੰ ਨੇਕੀ ਦੀ ਸਿਖਿਆ ਦੇਂਦਾ ਹੈ....। ਉਹ ਹਰ ਰੋਜ਼ ਤਿੰਨ ਵਾਰ ਇਸ਼ਨਾਨ ਕਰਦਾ ਹੈ। ਉਹ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਰਹਿਤ ਹੈ, ਇਸ ਵਾਸਤੇ ਕੂਕੇ ਉਸਨੂੰ ਬਹੁਤ ਕੁਝ ਸਮਝਦੇ ਹਨ ਤੇ ਸਤਿਕਾਰ ਕਰਦੇ ਹਨ ਉਨ੍ਹਾਂ ਦਾ ਨਿਸ਼ਚਾ ਹੈ ਕਿ ਸਿੱਖ ਪੰਥ ਦੇ ਨਸ਼ਟ ਭ੍ਰਸ਼ਟ ਹੋ ਜਾਣ ਕਾਰਨ ਕੂਕਾ ਪੰਥ ਦੀ ਸਾਜਨਾ ਲਈ ਉਹ ਪ੍ਰਮੇਸਰ ਵਲੋਂ ਭੇਜਿਆਂ ਗਿਆ ਪੈਗੰਬਰ ਹੈ।"....

ਉਹ ਉੱਚੇ ਸਦਾਚਾਰ ਦਾ ਉਪਦੇਸ਼ ਕਰਦੇ ਹਨ। ਉਹ ਝੂਠ, ਚੋਰੀ, ਯਾਰੀ ਅਤੇ ਵਿਭਚਾਰ ਦੀ ਬੜੇ ਜ਼ੋਰ ਨਾਲ ਨਿਖੇਧੀ ਕਰਦੇ ਹਨ। ਅਤੇ ਇਸ ਗੱਲ ਲਈ ਚਿੰਤਾਵਾਨ ਪ੍ਰਤੀਤ ਹੁੰਦੇ ਹਨ ਕਿ ਸਿਖ ਪੰਥ ਪਵਿੱਤਰਤਾ ਦੀ ਆਪਣੀ ਪਹਿਲੀ ਦਸ਼ਾ ਨੂੰ ਪ੍ਰਾਪਤ ਹੋਵੇ, ਤਾਂ ਕਿ ਉਹ ਨਵੇਂ ਸਿਰੇ ਸੁਰਜੀਤ ਹੋ ਸਕੇ। ਉਹ ਉਨ੍ਹਾਂ ਬੁਰਾਈਆਂ ਨੂੰ ਜੜ੍ਹਾਂ ਤੋਂ ਉਖੇੜਨ ਦੇ ਚਾਹਵਾਨ ਹਨ, ਜਿਨ੍ਹਾਂ ਨੇ ਸਿਖ ਪੰਥ ਨੂੰ ਭ੍ਰਸ਼ਟ ਕਰ ਦਿਤਾ ਹੈ।

*-ਮੀਆ ਫਜ਼ਲ ਹੁਸੈਨ*
*ਪੁਲਿਸ ਇਨਸਪੈਕਟਰ ਹੁਸ਼ਿਆਰਪੁਰ*



Namdhari Elibrary NamdhariElibrary@gmail.com

# ਇਸਤਰੀ ਮੁਕਤੀ ਦਾਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

*— ਪ੍ਰਿੰ. ਸਤਵੰਤ ਕੌਰ*



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇੱਕ ਬਹੁ ਪੱਖੀ ਸ਼ਖਸੀਅਤ ਸਨ ਜਿਨਾਂ ਨੇ ਮਨੁਖੀ ਸਮਾਜ ਦੇ ਅਨੇਕ ਪੱਖਾਂ ਤੇ ਕੰਮ ਕੀਤਾ ਉਹਨਾਂ ਨੂੰ ਜੁਗ ਪਲਟਾਊ ਸਤਿਗੁਰੂ ਭੀ ਆਖਿਆ ਗਿਆ ਹੈ। ਇਕ ਪਾਸੇ ਜੇ ਉਹਨਾਂ ਨੇ ਅੰਗ੍ਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਸ਼ਾਂਤੀਪੂਰਕ ਤਰੀਕੇ ਨਾਲ ਰਾਜਨੀਤਿਕ ਸੰਗਰਾਮ ਕੂਕਾ ਅੰਦੋਲਨ ਚਲਾ ਕੇ ਲੋਕਾਂ ਵਿੱਚ ਦੇਸ਼ ਭਗਤੀ ਦਾ ਜੋਸ਼ ਭਰਿਆ ਤੇ ਦੂਜੇ ਪਾਸੇ ਧਾਰਮਿਕ ਅੰਦੋਲਨ ਦੁਆਰਾ ਸਮਾਜ ਦੇ ਵੱਖ-ਵੱਖ ਪੱਖਾਂ ਵਿੱਚ ਸੁਧਾਰ ਕੀਤੇ। ਉਹਨਾਂ ਨੂੰ ਪਹਿਲੇ ਪਰਮੁੱਖ ਸੁਤੰਤਰਤਾ ਸੰਗਰਾਮੀ ਦੀ ਪਦਵੀ ਭਾਰਤ ਸਰਕਾਰ ਨੇ ਦਿੱਤੀ ਹੈ। ਉੱਚ ਕੋਟੀ ਦੇ ਸਮਾਜ ਸੁਧਾਰਕ ਵੀ ਅਖਵਾਉਂਦੇ ਹਨ। ਉਹਨਾਂ ਨੇ ਸਮਾਜਿਕ ਬੁਰਾਈਆਂ ਜਿਵੇਂ ਵਹਿਮ, ਭਰਮ, ਨਸ਼ੇ, ਜ਼ਾਤ-ਪਾਤ ਆਦਿ ਦੇ ਵਿਰੁੱਧ ਤੇ ਕੰਮ ਕੀਤਾ ਹੀ ਨਾਲ ਹੀ ਇਸਤਰੀ ਦੀ ਦੁਰਦਸ਼ਾ ਦਾ ਖਾਤਮਾਂ ਵੀ ਕੀਤਾ ਜੋ ਕਿ ਬਹੁਤ ਵਡਾ ਮੁੱਦਾ ਸੀ ਇਸ ਕਰਕੇ ਉਹਨਾਂ ਨੂੰ ਇਸਤਰੀ ਜਾਤੀ ਦਾ ਮੁਕਤੀ ਦਾਤਾ ਵੀ ਆਖਿਆ ਗਿਆ ਹੈ।

ਸਿੱਖ ਸਮਾਜ ਦੇ ਇਤਿਹਾਸ ਵਿੱਚ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਨੇ ਹਮੇਸ਼ਾ ਹੀ ਇਸਤਰੀ ਪ੍ਰਤੀ ਸੰਤੁਲਿਤ ਨਜ਼ਰੀਆ ਰੱਖਿਆ ਹੈ। ਸਭ ਤੋਂ ਪਹਿਲਾਂ ਸਤਿਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਉਚਾਰਿਤ ਕਰਦੇ ਹੋਏ ਫੁਰਮਾਇਆ:

ਭੰਡ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਪਹਿਲੇ ਗੁਰੂ ਤੋਂ ਹੀ ਨਾਰੀ ਦਾ ਸਨਮਾਨ ਆਰੰਭ ਹੋ ਗਿਆ ਸੀ। ਬੇਬੇ ਨਾਨਕੀ ਦਾ ਨਾਂ ਇਤਿਹਾਸ ਵਿੱਚ ਅਮਰ ਹੈ। ਮਾਤਾ ਖੀਵੀ ਜੀ ਦਾ ਨਾਂ ਤੇ ਆਦਿ ਸ੍ਰੀ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਕਰਨ ਲਈ 22 ਮੰਜੀਆਂ ਵਿਚੋਂ 2 ਮੰਜੀਆਂ ਦੀ ਸੇਵਾ ਦੋ ਬੀਬੀਆਂ ਨੂੰ ਦਿੱਤੀ। ਉਹਨਾਂ ਨੇ ਵਿਧਵਾ ਵਿਆਹ ਕਰਵਾਇਆ ਅਤੇ ਸਤੀ ਦੀ ਰਸਮ ਦਾ ਨਿਖੇਧ ਕੀਤਾ। ਇਸ ਤੋਂ ਇਲਾਵਾ ਘੁੰਡ ਦੀ ਪ੍ਰਥਾ ਖਤਮ ਕਰਕੇ ਗੁਰੂ ਦਰਬਾਰ ਵਿੱਚ ਨੰਗੇ ਮੂੰਹ ਆਉਣ ਦਾ ਆਦੇਸ਼ ਦੇ ਕੇ ਇਸਤਰੀ ਨੂੰ ਖੁੱਲੇ ਸਭਿਆਚਾਰ ਦਾ ਵਾਤਾਵਰਨ ਪ੍ਰਦਾਨ ਕੀਤਾ ਜਿਸ ਵਿੱਚ ਨਾਰੀ ਆਪਣੇ ਹਰ ਪੱਖ ਤੋਂ ਵਧ ਚੜ੍ਹ ਕੇ ਸਮਾਜ ਵਿੱਚ ਨਰ ਨਾਲ ਕੰਧਾ ਮਿਲਾਕੇ ਕੰਮ ਕਰਨ ਜੋਗੀ ਹੋ ਸਕੀ। ਦਸਮ ਗੁਰੂ ਜੀ ਦੀ ਨਜ਼ਰ ਵਿੱਚ ਵੀ ਨਾਰੀ ਪੁਰਖ ਤੋਂ ਕਿਸੇ ਵੀ ਤਰ੍ਹਾਂ ਘਟ ਨਹੀਂ ਸੀ। ਤਾਂਹੀਉਂ ਉਹ ਵੀ ਸਿੰਘ ਦੇ ਨਾਲ ਕੌਰ ਅਖਵਾਈ। ਗੁਰੂ ਗੋਬਿੰਦ ਸਿੰਘ ਜੀ ਨੇ ਨਾਰੀ ਨੂੰ ਬਹੁਤ ਆਦਰ ਦਿੱਤਾ। ਉਹਨਾਂ ਨੇ ਚੰਡੀ ਦੀ ਵਾਰ, ਚੰਡੀ ਚਰਿੱਤਰ ਦੂਜਾ, ਚਰਿਤਰੋਪਖਿਆਨ ਅਤੇ ਉਗ੍ਰਦੰਤੀ ਦੀ ਰਚਨਾ ਕਰ ਨਾਰੀ ਪਾਤਰਾਂ ਦਾ ਉਦਾਤੀਕਰਣ ਕੀਤਾ। ਉਹਨਾਂ ਨੇ ਇਸਤਰੀ ਨੂੰ ਨਿਰਭੈਅ, ਨਿਸ਼ਕਾਮ, ਨਿਹਕਪਟ ਪ੍ਰਚੰਡ ਤੇਜ ਵਾਲੀ ਆਸਾਧਰਨ ਸ਼ਕਤੀ ਪੁੰਜ ਆਖਿਆ। ਸਿੱਖ ਇਤਿਹਾਸ ਬੀਬੀ ਖੀਵੀ, ਬੀਬੀ ਭਾਨੀ, ਬੀਬੀ ਵੀਰੋ, ਮਾਤਾ ਪੰਜਾਬ ਕੌਰ, ਮਾਤਾ ਸੁੰਦਰੀ ਜੀ ਅਤੇ ਹੋਰ ਕਈ ਇਸਤਰੀਆਂ ਦੇ ਕਾਰਨਾਮਿਆਂ ਨਾਲ ਭਰਿਆ ਹੋਇਆ ਹੈ ਜੋ ਕਿ ਇਹ ਦਰਸਾਉਂਦਾ ਹੈ ਕਿ ਦਸਮ ਗੁਰੂ ਸਾਹਿਬ ਤੱਕ ਇਸਤਰੀ ਜ਼ਾਤੀ ਦਾ ਬਹੁਤ ਆਦਰ ਮਾਨ ਸੀ।

ਉਪਰੰਤ ਨਾਰੀ ਦੀ ਦਸ਼ਾ ਹੌਲੀ ਹੌਲੀ ਡਿਗਣ ਲਗੀ ਅਤੇ ਸਮਾਜ ਵਿੱਚ ਉਸਦਾ ਸਥਾਨ ਬਹੁਤ ਨੀਵੀਂ ਪਾਉਣ ਲੱਗਾ। ਭਾਰਤੀ ਇਸਤਰੀ ਨੂੰ ਢੋਰਾਂ ਅਤੇ ਗੰਵਾਰਾਂ ਦੇ ਬਰਾਬਰ ਰੱਖਿਆ ਜਾਣ ਲੱਗਿਆ, ਹਾਲਤ ਬੁਰੀ ਤਰ੍ਹਾਂ ਬਦਲ ਗਈ। ਏਸੇ ਸਮੇਂ ਅੰਦਰ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਕਲਿਆਣ ਸੰਬੰਧੀ ਕਦਮ ਚੁੱਕੇ ਅਤੇ ਸਮਾਜ ਵਿੱਚ ਇਸਤਰੀ ਦੇ ਸਥਾਨ ਨੂੰ ਮੁੜ ਵਾਪਸ ਪੁਰਸ਼ ਦੇ ਬਰਾਬਰ ਲਿਆ ਖੜ੍ਹਾ ਕੀਤਾ।

ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਦੇ ਅੱਖਰ-ਗਿਆਨ ਤੇ ਜ਼ੋਰ ਦਿੱਤਾ। ਉਹਨਾਂ ਨੇ ਹੁਕਮ ਕੀਤਾ, "ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ"।

"ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਤੇ ਬੁਢੇ ਬਾਲੇ ਨੇ"। ਉਹਨਾਂ ਨੇ ਇਹ ਹੁਕਮ ਕਰਕੇ ਨਾਰੀ ਜ਼ਾਤੀ ਦੇ ਸੁਚੇਤ ਹੋਣ ਲਈ ਰਸਤੇ ਖੋਲ੍ਹ ਦਿੱਤੇ। ਵਹਿਮਾਂ ਭਰਮਾਂ ਵਿੱਚ ਫਸੀ ਨਾਰੀ ਨੂੰ ਮਾਨਸਿਕ ਹਨੇਰੇ ਵਿਚੋਂ ਕੱਢਿਆ, ਬਾਣੀ ਦੇ ਲੜ ਲਾਇਆ ਅਤੇ ਪ੍ਰਮਾਤਮਾ ਨਾਲ ਜੋੜਿਆ।

ਲਗਪਗ ਤਿੰਨ ਸਦੀਆਂ ਤੋਂ ਵੱਧ ਸਮਾਂ ਪਹਿਲਾਂ ਪੁਰਸ਼ਾਂ ਲਈ ਅੰਮ੍ਰਿਤ ਛਕਾਉਣ ਦੀ ਰੀਤ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਰੰਭ ਕੀਤੀ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਵੀ ਅੰਮ੍ਰਿਤ ਛਕਾ ਕੇ ਪੰਜ ਕਕਾਰਾਂ ਦੇ ਧਾਰਣੀ ਬਣਾਇਆ ਅਤੇ ਇਕ



Namdhari Elibrary NamdhariElibrary@gmail.com

ਨਵੀਂ ਕਰਾਂਤੀਕਾਰੀ ਲਹਿਰ ਚਲਾਈ 1863 ਈ. ਵਿੱਚ।

ਸਤਿਗੁਰੂ ਰਾਮ ਸਿੰਘ ਜੀ ਨੇ ਨਸ਼ੇ ਦੇ ਵਿਰੁੱਧ ਜ਼ਬਰਦਸਤ ਮੁਹਿੰਮ ਚਲਾਈ ਤਾਂ ਕਿ ਇਸਤਰੀ ਨੂੰ ਪੁਰਸ਼ ਦੀ ਨਿਰਦੈਤਾ ਤੋਂ ਛੁਟਕਾਰਾ ਮਿਲ ਸਕੇ। ਉਹਨਾਂ ਨੇ ਇਕ ਸਾਦੇ ਤੇ ਨਿਰਮਲ ਜੀਵਨ ਜੀਊਣ ਦੀ ਵਿਉਂਤ ਦੱਸੀ ਜਿਸ ਵਿੱਚ ਮਨ ਵਿੱਚ ਵਿਕਾਰ ਪੈਦਾ ਨਾ ਹੋਣ।

ਸਤਿਗੁਰੂ ਜੀ ਨੇ ਇਸਤਰੀ ਦੀ ਸੌੜੀ ਸੋਚ ਤੋਂ ਮੁਕਤ ਕਰਵਾਉਣ ਲਈ ਪੁਰਸ਼ਾਂ ਵਾਂਗ ਇਸਤਰੀ ਲਈ ਵੀ ਗੁਰਮੁਖੀ ਬਾਣਾ ਨਿਸ਼ਚਿਤ ਕਰ ਦਿੱਤਾ। ਉਹਨਾਂ ਨੇ ਬਾਹਰਲੇ ਗਹਿਣਿਆਂ ਨਾਲ ਆਪਣੇ ਆਪ ਨੂੰ ਸਜਾਉਣ ਦੀ ਬਜਾਇ ਆਪਣੇ ਅੰਦਰਲੇ ਗੁਣਾਂ ਦਾ ਵਿਸਤਾਰ ਕਰਨ ਲਈ ਹੁਕਮ ਦਿੱਤਾ। ਇਸਤਰੀ ਦੇ ਬਹੁ ਪੱਖੀ ਵਿਕਾਸ ਲਈ ਘੁੰਡ ਨੂੰ ਪੂਰੀ ਤਰ੍ਹਾਂ ਮਨ੍ਹਾ ਕੀਤਾ ਅਤੇ ਬੀਬੀਆਂ ਨੂੰ ਪੁਰਸ਼ਾਂ ਦੇ ਨਾਲ ਧਾਰਮਿਕ ਇਕੱਠਾਂ ਵਿੱਚ ਇਕੱਤਰ ਹੋਣ ਦੀ ਆਗਿਆ ਦਿੱਤੀ। ਇਸ ਹੁਕਮ ਨੇ ਇਸਤਰੀ ਜ਼ਾਤੀ ਦੀ ਮੁਕਤੀ ਦੇ ਰਸਤੇ ਖੋਲ੍ਹ ਦਿੱਤੇ।

ਸਤਿਗੁਰੂ ਰਾਮ ਸਿੰਘ ਜੀ ਨੇ ਦੇਖਿਆ ਕਿ ਪੰਜਾਬੀ ਸਮਾਜ ਵਿੱਚ ਜੰਮਦੀਆਂ ਕੁੜੀਆਂ ਨੂੰ ਮਾਰਨ ਦੀ ਰੀਤ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਅਮਾਨਵੀ ਰਿਵਾਜ ਵਿਰੁੱਧ ਆਵਾਜ਼ ਉਠਾਈ। ਉਹਨਾਂ ਨੇ ਹੁਕਮ ਦਿੱਤਾ ਕਿ ਕੋਈ ਕੁੜੀ ਨ ਮਾਰੇ। ਉਹਨਾਂ ਦੇ ਇਸ ਹੁਕਮ ਨਾਲ ਸਮਾਜ ਵਿੱਚ ਇਸਤਰੀਆਂ ਦੀ ਘੱਟਦੀ ਗਿਣਤੀ ਤੇ ਕੁਝ ਰੋਕ ਲੱਗੀ।

ਵਿਆਹ ਸੰਬੰਧੀ ਪ੍ਰਚਲਿਤ ਖਰਚੀਲੇ ਰਿਵਾਜਾਂ ਨੇ ਆਮ ਆਦਮੀ ਲਈ ਲੜਕੀ ਦਾ ਵਿਆਹ ਕਰਨਾ ਬਹੁਤ ਮੁਸ਼ਕਿਲ ਕਰ ਦਿੱਤਾ ਸੀ। ਸਤਿਗੁਰੂ ਜੀ ਨੇ ਇਹਨਾਂ ਰਿਵਾਜਾਂ ਨੂੰ ਖਤਮ ਕਰਨ ਦਾ ਬੀੜਾ ਚੁੱਕਿਆ। 3 ਜੂਨ 1863 ਨੂੰ ਪਿੰਡ ਖੋਟੇ ਵਿਚ ਆਨੰਦ ਮਰਿਯਾਦਾ ਦੀ ਸ਼ੁਰੁਆਤ ਕੀਤੀ ਜਿਸ ਵਿੱਚ 6 ਅੰਤਰਜ਼ਾਤੀ ਵਿਆਹ ਕੀਤੇ ਜੋ ਕਿ ਗੁਰ ਮਰਯਾਦਾ ਅਨੁਸਾਰ ਗ੍ਰੰਥ ਸਾਹਿਬ ਤੋਂ ਲਾਵਾਂ ਪੜ੍ਹਕੇ ਸਰਲ ਸਾਦੇ ਅਤੇ ਬਿਨਾਂ ਕਿਸੇ ਖਰਚ ਤੋਂ ਸੀ। ਇਹ ਆਨੰਦ ਮਰਿਯਾਦਾ ਅੱਜ ਵੀ ਨਾਮਧਾਰੀ ਸਿੱਖਾਂ ਵਿੱਚ ਪ੍ਰਚਲਿਤ ਹੈ ਜਿਸ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਾਅਦ ਹੁਣ ਹਾਜ਼ਰਾ ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਅੱਗੇ ਤੋਰ ਰਹੇ ਹਨ ਅਤੇ ਦੁਨੀਆਂ ਵਿੱਚ ਬਿਨਾਂ ਖਰਚ ਵਿਆਹ ਦੀ ਇਸ ਅਨੋਖੀ ਰੀਤੀ ਨਾਲ ਸਮਾਜ ਵਿੱਚ ਆਮ ਆਦਮੀ ਨੂੰ ਹੌਸਲਾ ਦੇ ਰਹੇ ਹਨ।

ਇੰਨਾ ਹੀ ਨਹੀਂ ਸਤਿਗੁਰੂ ਰਾਮ ਸਿੰਘ ਜੀ ਨੇ ਲੜਕੀਆਂ ਨਾਲ ਸੰਬੰਧਿਤ ਹੋਰ ਕਈਆਂ ਹੀ ਕੁਰੀਤੀਆਂ ਦਾ ਖਾਤਮਾ ਕੀਤਾ ਜਿਵੇਂ ਨਿੱਕੇ ਬੱਚਿਆਂ ਦਾ ਵਿਆਹ। ਸਤਿਗੁਰ ਜੀ ਦੇ ਹੁਕਮਨਾਮੇ ਵਿੱਚ ਦਰਜ ਹੈ, " ਸਾਰੇ ਬਹੀਰ ਨੂੰ ਹੁਕਮ ਸੁਣਾਇ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੇ ਘੱਟ ਕੋਈ ਕੁੜੀ ਨਾ ਬਿਆਹੇ"। ਉਹਨਾਂ ਨੇ ਧੀ ਭੈਣ ਦੇ ਵੇਚਣ ਅਤੇ ਉਸਦੇ ਵੱਟੇ ਦੇ ਵਿਆਹ ਦੀ ਕੁਰੀਤੀ ਨੂੰ ਵੀ ਖਤਮ ਕੀਤਾ, ਹੁਕਮ ਹੋਇਆ,

" ਇਕ ਹੋਰ ਬਾਤ ਸਭ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ, ਨਾ ਵੇਚੇ, ਨਾ ਬੱਟਾ ਕਰੇ। ਜੋ ਇਹ ਬਾਤ ਨਾ ਮੰਨੇ ਤਾਂ ਉਸ ਨੂੰ ਸੰਗਤ ਮੇਂ ਨਾ ਬੜਣ ਦੇਣਾ। ਜੋ ਕੋਈ ਬੱਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ, ਉਸ ਦੇ ਨਾਲ ਨਹੀ ਵਰਤਣਾ"।

ਸਤਿਗੁਰੂ ਰਾਮ ਸਿੰਘ ਜੀ ਨੇ ਵਿਧਵਾ ਵਿਆਹ ਕਰਾਕੇ ਇੱਕ ਵੱਡਾ ਸਮਾਜ ਸੁਧਾਰਕ ਕਦਮ ਚੁੱਕਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਨੂੰ 22 ਸੂਬਿਆਂ ਵਿੱਚ ਵੰਡਿਆ ਹਰ ਸੂਬੇ ਦੇ ਵਿੱਚ ਧਰਮ ਪ੍ਰਚਾਰ ਲਈ ਸਤਿਗੁਰੂ ਜੀ ਤੋਂ ਬਾਅਦ ਸੂਬੇ ਸਾਹਿਬਾਨ ਨੂੰ ਜ਼ਿਮੇਵਾਰੀ ਦਿੱਤੀ। ਇਹਨਾਂ ਵਿੱਚ ਇਕ ਬੀਬੀ ਨੂੰ ਵੀ ਸੂਬਾ ਥਾਪਿਆ ਸੂਬਾ ਮਾਈ ਹੁਕਮ ਕੌਰ ਦਾ ਨਾਮ ਨਾਮਧਾਰੀ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਗਿਆ ਹੈ। ਉਸਦੇ ਨਾਂ ਤੇ ਦਿੱਲੀ ਵਿਚ ਇਕ ਸੜਕ ਦਾ ਨਾਮਕਰਨ ਵੀ ਕੀਤਾ ਗਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਉਹਨਾਂ ਦੇ ਨਕਸ਼ੇ ਕਦਮ ਤੇ ਚੱਲਦੇ ਹੋਏ ਸੂਬਾ ਮਹਿੰਦਰ ਕੌਰ ਗਿਆਨਣ ਥਾਈਲੈਂਡ, ਸੂਬਾ ਮਹਿੰਦਰ ਕੌਰ ਹੋਸ਼ਿਆਰਪੁਰ, ਸੂਬਾ ਸੁਰਿੰਦਰ ਕੌਰ ਖਰਲ ਰੋਪੜ ਨੂੰ ਸੂਬਾ ਬਣਾ ਕੇ ਇਸਤਰੀ ਜ਼ਾਤੀ ਦਾ ਉੱਥਾਨ ਕੀਤਾ। ਇਸਤਰੀ ਵਿਦਿਅਕ ਜੱਥੇ ਬਣਾ ਕੇ ਇਸਤਰੀ ਦੇ ਹਰ ਪੱਖੋਂ ਵਿਕਾਸ ਲਈ ਰਾਹ ਖੋਲ੍ਹਿਆ। ਸਤਿਗੁਰੂ ਜੀ ਦੀ ਕਿਰਪਾ ਸਦਕਾ ਅੱਜ ਨਾਮਧਾਰੀ ਸਮਾਜ ਵਿਚ ਬੀਬੀਆਂ ਹਰ ਖੇਤਰ ਵਿੱਚ ਭਾਈਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਤਰੱਕੀ ਕਰ ਰਹੀਆਂ ਹਨ। ਕਿੰਨੀਆਂ ਹੀ ਬੀਬੀਆਂ ਡਾਕਟਰ, ਇੰਜੀਨਿਅਰ, ਪਾਇਲੈਟ, ਅਧਿਆਪਕ, ਸਾਂਈਟਿਸਟ, ਪ੍ਰਿੰਸੀਪਲ, ਵਕੀਲ, ਆਰਕੀਟੈਕਟ, ਲਿਖਾਰੀ ਅਤੇ ਡਿਜ਼ਾਈਨਰ ਹਨ ਅਤੇ ਸਤਿਗੁਰੂ ਜੀ ਦਾ, ਨਾਮਧਾਰੀ ਸਮਾਜ ਦਾ ਅਤੇ ਦੇਸ਼ ਦਾ ਨਾਂ ਰੌਸ਼ਨ ਕਰ ਰਹੀਆਂ ਹਨ। ਸਤਿਗੁਰੂ ਉਦੈ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਦੱਸੇ ਹੋਏ ਪੂਰਨਿਆਂ ਤੇ ਚਲ ਕੇ ਸਮਾਜ ਨੂੰ ਅੱਗੇ ਵਧਾਉਣ ਦਾ ਕੰਮ ਕਰ ਰਹੇ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਨਾਲ ਸੰਬੰਧਿਤ ਹਰ ਕੁਰੀਤੀ ਨੂੰ ਦੂਰ ਕੀਤਾ, ਉਸ ਲਈ ਸੰਘਰਸ਼ ਕੀਤਾ। ਇਤਿਹਾਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਸ਼ਕਤੀ ਲਈ ਜਤਨ ਬਹੁਤ ਵੱਡੀ ਮਹਤੱਤਾ ਰੱਖਦੇ ਹਨ ਉਹਨਾਂ ਨੂੰ ਇਸਤਰੀ ਜਾਤੀ ਦਾ ਮੁਕਤੀ-ਦਾਤਾ ਅਖਵਾਉਣ ਨੂੰ ਸਾਰਥਕ ਕਰਦੇ ਹਨ।

ਫੋਨ- 092125-49349



Namdhari Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਨਾਮਧਾਰੀ

*—ਭੁਪਿੰਦਰ ਉਸਤਾਦ*



ਮਹਾਰਾਜਾ ਰਣਜੀਤ ਸਿੰਘ ਦੀ ਫੌਜ਼ ਵਿਚ ਕਾਬਜ਼ ਗਦਾਰਾਂ ਨੇ ਮਹਾਰਾਜਾ ਦੀ ਮੌਤ ਤੋਂ ਬਾਅਦ ਅਗਰੇਜ਼ਾਂ ਨੂੰ ਪੂਰਾ ਮੌਕਾ ਦਿਤਾ ਕਿ ਉਹ ਪੰਜਾਬ ਨੂੰ ਆਪਣੇ ਕਬਜ਼ੇ ਚ ਕਰ ਲੈਣ। ਅੰਗਰੇਜ਼ ਜੋ ਬਹੁਤ ਦੇਰ ਤੋਂ ਇਸ ਤਾਕ ਵਿਚ ਬੈਠੇ ਸਨ ਉਨ੍ਹਾਂ ਨੇ ਵੀ ਆਇਆ ਮੌਕਾ ਹਥੋਂ ਨਿਕਲਣ ਨਹੀਂ ਦਿਤਾ ਤੇ ਪੰਜਾਬ ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਸਾਰੇ ਭਾਰਤ ਦੇ ਨਾਲ ਪੰਜਾਬ ਵੀ ਅੰਗਰੇਜ਼ਾਂ ਦੇ ਅਧੀਨ ਹੋ ਗਿਆ। ਇਸਦੇ ਨਾਲ ਹੀ ਪੰਜਾਬ ਦੇ ਆਜ਼ਾਦੀ ਪਰਵਾਨੇ ਵੀ ਅੰਗਰੇਜ਼ਾਂ ਵਿਰੁੱਧ ਸਿਰ-ਧੜ ਦੀ ਬਾਜੀ ਲਾਉਣ ਲਈ ਮੋਢੇ ਨਾਲ ਮੋਢਾ ਜੋੜ ਕੇ ਮੈਦਾਨ ਵਿਚ ਆ ਨਿਤਰੇ।

ਸਤਿਗੁਰੂ ਰਾਮ ਸਿੰਘ ਜੀ ਦਾ ਜਨਮ 3 ਫਰਵਰੀ 1816 ਨੂੰ ਰਾਮਗੜ੍ਹੀਆ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਪਿੰਡ ਭੈਣੀ ਅਰਾਈਆਂ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ। ਜੱਸਾ ਸਿੰਘ ਜੀ ਪਿੰਡ ਵਿਚ ਤਰਖਾਣਾ ਕੰਮ ਕਰਦੇ ਸਨ। ਮੁਢਲਾ ਅੱਖਰ-ਬੋਧ ਬਾਲਕ ਨੂੰ ਮਾਤਾ ਜੀ ਕੋਲੋਂ ਹੀ ਹੋਇਆ। ਅੱਖਰੀ ਵਿੱਦਿਆ ਦੇ ਨਾਲ ਨਾਲ ਮਾਤਾ ਜੀ ਨੇ ਬਾਲਕ ਨੂੰ ਆਪਣੇ ਗੁਰੂਆਂ ਪੀਰਾਂ ਅਤੇ ਯੋਧਿਆਂ ਦੀਆਂ ਕਹਾਣੀਆਂ ਵੀ ਸੁਣਾਈਆਂ, ਜਿਨ੍ਹਾਂ ਦਾ ਬਾਲ ਮਨ ਉੱਤੇ ਬਹੁਤ ਚੰਗਾ ਅਸਰ ਹੋਇਆ। ਗੁਰੂ ਗੋਬਿੰਦ ਸਿੰਘ ਜੀ ਉਨਾਂ ਦੇ ਪ੍ਰੇਰਨਾ ਸਰੋਤ ਬਣਗਏ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਪੰਜ ਕੁ ਸਾਲ ਦੇ ਸਨ ਤਾਂ ਉਨ੍ਹਾਂ ਨੂੰ ਪੜ੍ਹਨ ਲਈ ਪਿੰਡ ਬਿਲਗੇ ਇੱਕ ਡੇਰੇ ਵਿਚ ਦਾਖਲ ਕਰਾਇਆ ਗਿਆ। ਪਰ ਉਨ੍ਹਾਂ ਦਾ ਮਨ ਛੇਤੀ ਹੀ ਉੱਥੋਂ ਉਚਾਟ ਹੋ ਗਿਆ। ਉਹ ਘਰ ਵਿਚ ਹੀ ਮਾਤਾ ਪਿਤਾ ਦੀ ਸਹਾਇਤਾ ਨਾਲ ਧਾਰਮਕ ਕਿਤਾਬਾਂ ਪੜ੍ਹਦੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਪੜ੍ਹਨ ਲਗ ਪਏ। ਹਾਣੀਆਂ ਨਾਲ ਖੇਡਦੇ ਜਾਂ ਮੱਝਾਂ ਗਾਈਆਂ ਚਰਾਉਂਦੇ ਵੀ ਉਹ ਸੁਰ ਵਿਚ ਕੁਝ ਗਾਉਣ ਲੱਗ ਪੈਂਦੇ। ਰੰਬੇ ਤੇ ਰੋੜੇ ਦੀ ਤਾਲ ਨਾਲ ਸ਼ਬਦ ਜਾਂ ਮਾਤਾ ਜੀ ਕੋਲੋਂ ਸੁਣੀਆਂ ਹੋਈਆਂ ਸਿੱਖ ਇਤਿਹਾਸ ਦੀਆਂ ਸਾਖੀਆਂ ਪੜ੍ਹਣ ਲੱਗ ਜਾਂਦੇ। ਉਦੋਂ ਕੁ ਹੀ ਉਨ੍ਹਾਂ ਦੀ ਮੰਗਣੀ ਪਿੰਡ ਧਰੌੜਾਂ ਦੇ 'ਸਾਹਬੂ' ਤਰਖਾਣ ਦੀ ਬੇਟੀ ਬੀਬੀ ਜੱਸਾਂ ਨਾਲ ਹੋ ਗਈ। ਸ਼ਾਦੀ ਵੀ ਉਸ ਸਮੇਂ ਦੀ ਰੀਤ ਅਨੁਸਾਰ ਛੋਟੀ ਉਮਰ ਵਿਚ ਹੀ ਹੋ ਗਈ ਸੀ।

ਕੁਝ ਚਿਰ ਪਿੱਛੋਂ ਜਦੋਂ ਆਪ ਜੀ ਦੇ ਭੈਣ, ਭਣੋਈਆ ਕਾਬਲ ਸਿੰਘ ਪਿੰਡ ਪਰਿਵਾਰ ਨੂੰ ਮਿਲਣ ਆਏ ਤਾਂ, ਉਨ੍ਹਾਂ ਨੂੰ ਲੱਗਾ ਕਿ ਰਾਮ ਸਿੰਘ ਦੀ ਉਮਰ ਫੌਜ ਵਿਚ ਭਰਤੀ ਹੋਣ ਦੇ ਕਾਬਲ ਹੋ ਗਈ ਹੈ। ਪਰਿਵਾਰ ਨਾਲ ਗੱਲ ਕਰਕੇ ਉਹ ਉਹਨਾਂ ਨੂੰ ਆਪਣੇ ਨਾਲ ਹੀ ਲਾਹੌਰ ਲੈ ਗਏ ਤੇ ਕੰਵਰ ਨੌਨਿਹਾਲ ਸਿੰਘ ਦੀ ਰਜਮੈਂਟ ਵਿਚ ਭਰਤੀ ਕਰਾ ਦਿਤਾ। ਕਾਬਲ ਸਿੰਘ ਆਪ ਮਹਾਰਾਜਾ ਰਣਜੀਤ ਸਿੰਘ ਦੇ ਤੋਪਖਾਨੇ ਵਿਚ ਨੌਕਰੀ ਕਰਦਾ ਸੀ। ਉਹ ਬਹੁਤ ਹੀ ਨਿਪੁੰਨ ਨਿਸ਼ਾਨੇਬਾਜ ਸੀ। ਸਾਰੇ ਅਫ਼ਸਰ ਉਸ ਉੱਤੇ ਮਿਹਰਬਾਨ ਸਨ।

ਫ਼ੌਜ ਵਿਚ ਭਰਤੀ ਹੋਕੇ ਆਪ ਨੇ ਫ਼ੌਜੀ ਅਸੂਲਾਂ ਦੇ ਨਾਲ-ਨਾਲ ਅਤੇ ਕੁਝ ਵਿੱਦਿਆ ਵੀ ਗ੍ਰਹਿਣ ਕੀਤੀ। ਆਪ ਵੀ ਕਾਬਲ ਸਿੰਘ ਦੀ ਤਰ੍ਹਾਂ ਨਿਪੁੰਨ ਨਿਸ਼ਾਨੇਬਾਜ਼ ਬਣੇ। ਇਸ ਦੇ ਨਾਲ ਨਾਲ ਆਪ ਪਰਮਾਤਮਾ ਨਾਲ ਲਿਵ ਲਾਉਣ ਦਾ ਸਮਾਂ ਵੀ ਕੱਢ ਲੈਂਦੇ। ਉਨ੍ਹਾਂ ਦੇ ਭਗਤੀ ਭਾਵ ਨੂੰ ਦੇਖਕੇ ਕਈ ਹੋਰ ਸ਼ਰਧਾਲੂ ਸੱਜਣ ਵੀ ਉਨ੍ਹਾਂ ਦੀ ਸੰਗਤ ਵਿਚ ਆਉਣ ਲੱਗ ਪਏ ਤੇ ਆਨੰਦ ਮਾਣਦੇ। ਕਈ ਅਫ਼ਸਰ ਵੀ ਆਪਦੇ ਸ਼ਰਧਾਲੂ ਹੋ ਗਏ। ਦੂਜੀਆਂ ਰਜਮੈਂਟਾਂ ਵਾਲਿਆਂ ਨੇ ਇਨ੍ਹਾਂ ਦੀ ਰਜਮੈਂਟ ਦਾ ਨਾਮ ਹੀ "ਭਗਤਾਂ ਦੀ ਰਜਮੈਂਟ" ਰੱਖ ਦਿੱਤਾ।

ਸਤਿਗੁਰੂ ਜੀ ਨੂੰ ਛੁੱਟੀ ਆਇਆਂ ਅਜੇ 10-15 ਦਿਨ ਹੀ ਹੋਏ ਸਨ ਕਿ ਅੰਗਰੇਜ਼ਾਂ ਸਿੱਖਾਂ ਦੀ ਪਹਿਲੀ ਲੜਾਈ ਸ਼ੁਰੂ ਹੋ ਗਈ। ਇਸ ਕਰਕੇ ਸਤਿਗੁਰੂ ਜੀ ਨੂੰ ਵਾਪਸ ਰਜਮੈਂਟ ਵਿਚ ਬੁਲਾ ਲਿਆ ਗਿਆ। ਫ਼ੌਜ ਦੇ ਕੁਝ ਕਰਤਾ-ਧਰਤਾ ਆਗੂਆਂ ਦੀ ਗ਼ਦਾਰੀ ਕਰਕੇ ਮੁਦਕੀ ਦੀ ਇਸ ਲੜਾਈ ਵਿਚ ਸਿੱਖਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਏਥੇ ਹੀ ਦੁਖੀ ਹੋਕੇ ਸ਼ਾਹ ਮੁਹੰਮਦ



Namdhari Elibrary NamdhariElibrary@gmail.com

ਨੇ ਲਿਖਿਆ ਸੀ:-

"ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
ਜੇਹੜੀਆਂ ਖਾਲਸੇ ਨੇ ਤੇਗ਼ਾਂ ਮਾਰੀਆਂ ਨੇ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫ਼ੌਜਾਂ ਜਿੱਤਕੇ ਅੰਤ ਨੂੰ ਹਾਰੀਆਂ ਨੇ।

ਇਸ ਹਾਰ ਤੋਂ ਨਿਰਾਸ਼ ਹੋਏ ਸਤਿਗੁਰੂ ਜੀ ਵਾਪਸ ਭੈਣੀ ਸਾਹਿਬ ਚਲੇ ਗਏ। ਕੁਝ ਸਮਾਂ ਸਤਿਗੁਰੂ ਜੀ ਨੇ ਪਿੰਡੋਂ ਬਾਹਰ ਜਾਕੇ ਠੇਕੇਦਾਰੀ ਵੀ ਕੀਤੀ। ਸਾਰਾ ਸਾਮਾਨ ਸ਼ਹਿਰੋਂ ਜਾਕੇ ਲਿਆਉਣਾ, ਪੈਂਦਾ ਸੀ। ਇਸ ਕਰਕੇ ਮਨ ਵਿਚ ਆਇਆ ਕਿ ਪਿੰਡ ਵਿਚ ਇਕ ਦੁਕਾਨ ਖੋਲੀ ਜਾਏ ਜਿੱਥੋਂ ਰੋਜ਼ਾਨਾ ਦੀ ਲੋੜ ਦਾ ਸਾਮਾਨ ਮਿਲ ਸਕੇ, ਤਾਂ ਕਿ ਪਿੰਡ ਵਾਲਿਆਂ ਨੂੰ ਛੋਟੇ ਛੋਟੇ ਸਾਮਾਨ ਲੂਣ ਮਿਰਚ, ਕੱਪੜੇ, ਰੰਬੇ, ਕਹੀਆਂ ਵਗੈਰਾ ਲੈਣ ਲਈ ਰੋਜ਼ ਸ਼ਹਿਰ ਨਾ ਜਾਣਾ ਪਏ। ਸਤਿਗੁਰੂ ਜੀ ਦੇ ਛੋਟੇ ਭਰਾ ਬੁੱਧ ਸਿੰਘ ਨੇ ਸ਼ਹਿਰੋਂ ਸਾਮਾਨ ਢੋਣ ਲਈ ਇਕ ਗੱਡਾ ਕਿਰਾਏ 'ਤੇ ਲੈ ਲਿਆ। ਜਿਸ ਇਲਾਕੇ ਵਿਚੋਂ ਵੀ ਸਾਮਾਨ ਸਸਤਾ ਮਿਲਦਾ ਉਹ ਉੱਥੋਂ ਸਾਮਾਨ ਲਿਆਕੇ ਸਸਤੇ ਭਾ ਹੀ ਪਿੰਡ ਦੇ ਲੋਕਾਂ ਨੂੰ ਦਿੰਦੇ। ਜਿਸ ਨਾਲ ਪਿੰਡ ਵਾਸੀਆਂ ਨੂੰ ਬਹੁਤ ਸੌਖ ਹੋ ਗਈ।

ਹੌਲੀ ਹੌਲੀ 1857 ਆ ਗਿਆ। ਵਿਸਾਖੀ ਨੂੰ ਆਪਣੇ ਪਿੰਡ ਵਿਚ ਹੀ ਇਕ ਇਕੱਠ ਕਰਕੇ ਖਾਲਸੇ ਦੀ ਮਰਿਯਾਦਾ ਅਨੁਸਾਰ ਅੰਮ੍ਰਿਤ ਤਿਆਰ ਕਰਕੇ ਆਪਣੇ ਸਿੱਖਾਂ ਨੂੰ ਛਕਾਇਆ। ਸਾਰਿਆਂ ਨੂੰ ਆਪਸ ਵਿਚ ਰਲਕੇ ਰਹਿਣ ਦੀ ਪ੍ਰੇਰਨਾ ਵੀ ਦਿੱਤੀ ਅਤੇ ਨਾਲ ਹੀ ਢੋਲਕੀ ਛੈਣੇ ਅਤੇ ਖੜਤਾਲਾਂ ਨਾਲ ਸੌਖੀਆਂ ਧਾਰਨਾ ਰਾਹੀਂ ਕੀਰਤਨ ਕਰਨ ਲਈ ਪ੍ਰੇਰਿਆ। ਨਿੱਤਨੇਮ ਅਤੇ ਬੰਦਗੀ ਕਰਨ ਲਈ ਵੀ ਜ਼ੋਰ ਦਿੱਤਾ। ਇਹ ਵੀ ਦੱਸਿਆ ਕਿ ਪੰਜੇ ਕਕਾਰ ਪਹਿਨਣੇ ਵੀ ਜ਼ਰੂਰੀ ਹਨ।

ਸਤਿਗੁਰੂ ਜੀ ਨੇ ਇਕ ਸਿੰਘ, ਰਾਏ ਸਿੰਘ ਨੂੰ ਉਥੋਂ ਦੀ ਮਰਿਯਾਦਾ ਦੀ ਜਾਣਕਾਰੀ ਲਿਖ ਕੇ ਲਿਆਉਣ ਲਈ ਸ੍ਰੀ ਹਜ਼ੂਰ ਸਾਹਿਬ ਵੀ ਭੇਜਿਆ, ਤਾਂ ਕਿ ਉਹ ਮਰਿਯਾਦਾ ਸਾਰਿਆਂ ਨੂੰ ਦੱਸੀ ਜਾ ਸਕੇ। ਸਤਿਗੁਰੂ ਜੀ ਇਹ ਗੱਲ ਜਾਣਦੇ ਸਨ ਕਿ ਉਹ ਥਾਂ ਹੀ ਪੁਜਾਰੀਆਂ ਦੇ ਅਸਰ ਤੋਂ ਅਜੇ ਤੱਕ ਬਚੀ ਹੋਈ ਹੈ। ਉਥੇ ਗੁਰੂ ਜੀ ਦੀ ਦੱਸੀ ਹੋਈ ਮਰਿਯਾਦਾ ਹੀ ਅਜੇ ਤੱਕ ਚਲਦੀ ਹੈ।

ਏਥੇ ਗੁਰਮਤ ਦਾ ਪ੍ਰਚਾਰ ਹੋਣ ਲੱਗ ਪਿਆ, ਜਿਸ ਨਾਲ ਪਿੰਡ ਭੈਣੀ ਦਾ ਡੇਰਾ ਸਾਰੇ ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਵੀ ਪ੍ਰਸਿੱਧ ਹੋ ਗਿਆ। ਸਤਿਗੁਰੂ ਜੀ ਆਪ ਵੀ ਜਥੇ ਲੈਕੇ ਪਰਚਾਰ ਦੌਰਿਆਂ 'ਤੇ ਜਾਣ ਲੱਗੇ।

ਇਕ ਵਾਰ ਸਤਿਗੁਰੂ ਜੀ ਦੇ ਦੌਰੇ ਦਾ ਇੱਕ ਪਿੰਡ ਦੇ ਬ੍ਰਾਹਮਣਾਂ ਨੂੰ ਪਤਾ ਲੱਗ ਗਿਆ। ਈਰਖਾ ਵੱਸ ਉਨ੍ਹਾਂ ਬ੍ਰਾਹਮਣਾਂ ਨੇ ਪਿੰਡ ਦੇ ਖੂਹਾਂ ਵਿਚ ਤੰਬਾਕੂ ਸੁੱਟ ਦਿੱਤੀ, ਤਾਂ ਕਿ ਨਾਮਧਾਰੀਆਂ ਦਾ ਧਰਮ ਭ੍ਰਿਸ਼ਟ ਹੋ ਜਾਏ। ਸੂਹਿਆਂ ਨੇ ਸਾਰੀ ਗੱਲ ਸਤਿਗੁਰੂ ਜੀ ਨੂੰ ਦੱਸ ਦਿੱਤੀ। ਸਤਿਗੁਰੂ ਜੀ ਨੇ ਹੱਸਦਿਆਂ ਕਿਹਾ :

"ਕੋਈ ਗੱਲ ਨਹੀਂ, ਉਨ੍ਹਾਂ ਨੇ ਆਪਣੀ ਕੋਝੀ ਦਾਨਾਈ ਦਾ ਮੁਜ਼ਾਹਰਾ ਕੀਤਾ ਹੈ, ਅਸੀਂ ਤਾਂ ਗੁਰੂ ਦੀ ਬਾਣੀ ਦਾ ਪ੍ਰਚਾਰ ਕਰਨਾ ਹੈ, ਸੋ ਉੱਥੇ ਹੀ ਕਰਾਂਗੇ।" ਸਤਿਗੁਰੂ ਜੀ ਸਹਿਜ ਨਾਲ ਸਮਝਾਇਆ।

ਸਿੰਘਾਂ ਨੇ ਜਦੋਂ ਉੱਥੇ ਜਾ ਕੇ ਪੜਾਅ ਕਰ ਲਿਆ ਤਾਂ ਬ੍ਰਾਹਮਣ ਦਿਲੋਂ ਬਹੁਤ ਖੁਸ਼ ਹੋਏ ਕਿ "ਹੁਣ ਇਹ ਏਥੋਂ ਪਾਣੀ ਪੀਣਗੇ ਤਾਂ ਇਨ੍ਹਾਂ ਦਾ ਧਰਮ ਭ੍ਰਿਸ਼ਟ ਹੋ ਜਾਏਗਾ। ਫਿਰ ਏਹ ਸਾਡੇ ਕੋਲ ਔਣਗੇ ਤੇ ਦੱਕਸ਼ਣਾ ਦੇਕੇ ਸ਼ੁੱਧੀ ਕਰਾਉਣਗੇ ਤਾਂ ਸਾਨੂੰ ਕਮਾਈ ਹੋਏਗੀ"। ਪਰ ਉਨ੍ਹਾਂ ਨੂੰ ਇਹ ਦੇਖਕੇ ਘੋਰ ਨਿਰਾਸ਼ਾ ਹੋਈ ਕਿ ਇਹ ਲੋਕ ਤਾਂ ਚਾਰ ਚਾਰ, ਪੰਜ ਪੰਜ ਮੀਲ ਜਾਕੇ ਦੂਸਰੇ ਪਿੰਡਾਂ ਤੋਂ ਪਾਣੀ ਲਿਆ ਰਹੇ ਹਨ। ਇਸ ਪਿੰਡ ਦੇ ਤਾਂ ਕਿਸੇ ਖੂਹ ਵਿਚੋਂ ਵੀ ਪਾਣੀ ਇਨ੍ਹਾਂ ਨਹੀਂ ਲਿਆ। ਜਦੋਂ ਪਿੰਡ ਦੇ ਬਾਕੀ ਲੋਕਾਂ ਨੂੰ ਬ੍ਰਾਹਮਣਾਂ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਬ੍ਰਾਹਮਣਾਂ ਨੂੰ ਬਹੁਤ ਸ਼ਰਮਿੰਦੇ ਕੀਤਾ।

ਮਾਘੀ ਦੇ ਮੇਲੇ ਜਦੋਂ ਸਤਿਗੁਰੂ ਰਾਮ ਸਿੰਘ ਜੀ ਆਪਣੇ ਸ਼ਰਧਾਲੂਆਂ ਨਾਲ ਮੁਕਤਸਰ ਗਏ ਤਾਂ ਇਸ਼ਨਾਨ ਕਰਨ ਪਿੱਛੋਂ ਸਤਿਗੁਰੂ ਜੀ ਨੇ ਸੇਵਕਾਂ ਨੂੰ ਕਿਹਾ,

"ਤੁਸੀਂ ਆਪਣੇ ਸੋਟੇ ਲੈਕੇ ਟਿੱਬੀ ਸਾਹਿਬ ਵੱਲ ਹਮਲੇ ਦਾ ਅਭਿਆਸ ਕਰਨਾ ਹੈ" ਇਹਾ ਹੁਕਮ ਹੁੰਦਿਆਂ ਹੀ ਸਾਰੇ ਸ਼ਰਧਾਲੂ ਟਿੱਬੀ ਸਾਹਿਬ ਵੱਲ ਨੂੰ ਹੋ ਤੁਰੇ। ਜਿਨ੍ਹਾਂ ਕੋਲ ਸੋਟੇ ਨਹੀਂ ਸਨ ਉਨ੍ਹਾਂ ਨੇ ਦਰਖਤਾਂ ਨਾਲੋਂ ਝੱਟ ਦੇਣੀ ਟਾਹਣੀਆਂ ਤੋੜ ਲਈਆਂ ਤੇ ਲੱਗ ਪਏ ਆਪਣੇ ਕਰਤੱਬ ਦਿਖਾਉਣ। ਕੁਝ ਅੰਗਰੇਜ਼ ਅਫ਼ਸਰ ਜੋ ਮੇਲੇ ਦੇ ਪ੍ਰਬੰਧ ਲਈ ਓਥੇ ਗਏ ਹੋਏ ਸਨ, ਸਿੰਘਾਂ ਦਾ ਇਹ ਰੂਪ ਦੇਖਕੇ ਹੈਰਾਨ ਪਰੇਸ਼ਾਨ ਹੋ ਗਏ। ਉਹ ਸਿੰਘਾਂ ਨੂੰ ਮਨ੍ਹਾਂ ਕਰਨ ਲੱਗੇ , ਪਰ ਸਿੰਘ ਆਪਣੇ ਜੋਸ਼ ਵਿਚ ਲੱਗੇ ਰਹੇ। ਅੰਗਰੇਜ਼ ਜ਼ੋਰ ਜ਼ਬਰਦਸਤੀ ਕਰਨ ਲੱਗੇ ਤਾ ਗੱਲ ਝਗੜੇ ਵੱਲ ਨੂੰ ਵਧਣ ਲੱਗ ਪਈ। ਸਤਿਗੁਰੂ ਜੀ ਨੇ ਅੰਗਰੇਜ਼ ਅਫ਼ਸਰਾਂ ਨੂੰ ਸਮਝਾਇਆ ਅਤੇ ਸਿੰਘਾਂ ਨੂੰ ਵੀ ਸ਼ਾਂਤ ਹੋਣ ਲਈ ਕਿਹਾ। ਉਸ ਸਮੇਂ ਤਾਂ ਗੱਲ ਮੁੱਕ ਗਈ, ਪਰ ਅਫ਼ਸਰਾਂ ਦੇ ਦਿਮਾਗ਼ ਵਿਚ ਸ਼ੰਕਾ ਦਾ ਕੀੜਾ ਫਸ ਗਿਆ। ਉਨ੍ਹਾਂ


Namdhari Elibrary NamdhariElibrary@gmail.com

ਨੇ ਇਕ ਰਿਪੋਰਟ ਬਣਾਕੇ ਉੱਪਰਲੇ ਅਫ਼ਸਰਾਂ ਨੂੰ ਭੇਜ ਦਿੱਤੀ। ਜਿਸ ਵਿਚ ਲਿਖਿਆ ਸੀ ਕਿ "ਭੈਣੀ ਪਿੰਡ ਦਾ ਇਕ ਰਾਮ ਸਿੰਘ ਨਾਮ ਦਾ ਸਿੱਖ ਆਪਣੇ ਸੇਵਕਾਂ ਨਾਲ ਇਲਾਕੇ ਵਿਚ ਘੁੰਮ ਰਿਹਾ ਹੈ। ਸਾਰੇ ਬੰਦੂਕਾਂ ਤਲਵਾਰਾਂ ਦੀ ਥਾਂ ਸੋਟਿਆਂ ਨਾਲ ਲੈਸ ਹਨ। ਸਾਰਿਆਂ ਦੇ ਸਰੀਰ ਨਰੋਏ ਹਨ। ਉਹ ਸਾਰੇ ਮਨੁੱਖ ਹੀ ਨਹੀਂ, ਵਿਚ ਬਹੁਤ ਸਾਰੀਆਂ ਔਰਤਾਂ ਵੀ ਸ਼ਾਮਲ ਹਨ, ਉਹ ਵੀ ਡੰਡਿਆਂ ਨਾਲ ਲੈਸ ਹਨ। ਉਹ ਕਿਸੇ ਦੀ ਈਨ ਨਹੀਂ ਮੰਨਦੇ"। ਸਰਕਾਰ ਨੂੰ ਅਜੇਹੀਆਂ ਰਿਪੋਰਟਾਂ ਨੇ ਹੋਰ ਵੀ ਚੁਕੱਨੀ ਕਰ ਦਿੱਤਾ। ਕਿਉਂਕਿ ਉਨ੍ਹਾਂ ਨੂੰ ਪੰਜ ਕੁ ਸਾਲ ਪਹਿਲਾਂ 1857 ਦੀ ਹੋਈ ਫ਼ੌਜੀ ਟੱਕਰ ਅਜੇ ਭੁੱਲੀ ਨਹੀਂ ਸੀ। ਸੋ ਸਰਕਾਰ ਨੇ ਗਵਰਨਰ ਨੂੰ ਸਤਿਗੁਰੂ ਰਾਮ ਸਿੰਘ ਅਤੇ ਉਸਦੇ ਸੇਵਕਾਂ ਉੱਤੇ ਸਖਤ ਨਿਗਰਾਨੀ ਦੀ ਹਦਾਇਤ ਦੇ ਦਿੱਤੀ।

" ਦੇਸ਼ ਭਗਤ ਬਾਬੇ" ਦੇ ਕਰਤਾ ਡਾ. ਜਸਵੰਤ ਸਿੰਘ ਜੱਸ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਪਿੰਡ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਭਾਰੀ ਦਿਵਾਨ ਕਰਨ ਦਾ ਪ੍ਰੋਗਰਾਮ ਤਾਂ ਵਿਸਾਖੀ ਸਮੇਂ ਹੀ ਬਣ ਗਿਆ ਸੀ। ਸਤਿਗੁਰੂ ਜੀ ਆਪਣੇ ਜਥੇ ਨਾਲ ਜੂਨ 1863 ਨੂੰ ਪਿੰਡ ਖੋਟੇ ਪਹੁੰਚ ਗਏ। ਏਥੇ ਬਾਬਾ ਸਮੁੰਦ ਸਿੰਘ ਜੀ ਦੀ ਲੜਕੀ ਅਤੇ ਪੋਤਰੀ ਦੇ ਅਨੰਦ ਕਾਰਜਾਂ ਦੇ ਨਾਲ ਹੀ ਚਾਰ ਹੋਰ ਬੀਬੀਆਂ ਦੇ "ਅਨੰਦ ਕਾਰਜ" ਹੋਣੇ ਸਨ। "ਅਨੰਦ ਕਾਰਜਾਂ" ਵਿਚ ਤਾਂ ਪ੍ਰੋਹਤਾਂ ਬ੍ਰਾਹਮਣਾਂ ਦੀ ਲੋੜ ਨਹੀਂ ਸੀ। ਲਾਗ ਨਾ ਮਿਲਣ ਕਰਕੇ ਬ੍ਰਾਹਮਣ ਤੇ ਪ੍ਰੋਹਤ ਔਖੇ ਹੋ ਗਏ। ਉਨ੍ਹਾਂ ਨੇ ਪਿੰਡ ਦੇ ਚੌਂਕੀਦਾਰ ਨੂੰ ਲਾਲਚ ਦੇਕੇ ਥਾਣੇ ਵਿਚ ਰਿਪੋਰਟ ਕਰਵਾ ਦਿੱਤੀ ਕਿ ਸਤਿਗੁਰੂ ਰਾਮ ਸਿੰਘ 500 ਨਾਮਧਾਰੀਆਂ ਨੂੰ ਲੈਕੇ ਪਿੰਡ ਵਿਚ ਬੈਠਾ ਹੈ ਅਤੇ ਸਰਕਾਰ ਵਿਰੁੱਧ ਪ੍ਰਚਾਰ ਕਰ ਰਿਹਾ ਹੈ, ਅਤੇ ਜਲਦੀ ਹੀ ਦੇਸ਼ ਉੱਤੇ ਨਾਮਧਾਰੀਆਂ ਦਾ ਰਾਜ ਹੋਣ ਦੀ ਗੱਲ ਕਰ ਰਿਹਾ ਹੈ। ਉਸਦੇ ਇਸ਼ਾਰੇ ਦੀ ਉਡੀਕ ਵਿਚ ਸਵਾ ਲੱਖ ਆਦਮੀ ਬੈਠਾ ਹੈ"। ਇਹ ਰਿਪੋਰਟ ਜਦੋਂ ਗਵਰਨਰ ਫ਼ਿਰੋਜ਼ਪੁਰ ਨੂੰ ਮਿਲੀ ਤਾਂ ਉਸਨੇ ਉਸੇ ਵੇਲੇ ਡੀ. ਸੀ. ਨੂੰ ਤਪਤੀਸ਼ ਲਈ ਪਿੰਡ ਜਾਣ ਲਈ ਕਿਹਾ।

ਮਿ. ਥਾਮਸ ਨੇ ਪੁੱਛ ਪੜਤਾਲ ਕਰਨ ਮਗਰੋਂ ਸਤਿਗੁਰੂ ਜੀ ਅਤੇ ਸਾਥੀਆਂ ਨੂੰ ਪੁਲਸ ਨਿਗਰਾਨੀ ਹੇਠ 18 ਜੂਨ ਨੂੰ ਪਿੰਡ ਭੈਣੀ ਸਾਹਿਬ ਪਹੁੰਚਾ ਦਿੱਤਾ। ਫਿਰ ਇਹ ਐਲਾਨ ਵੀ ਕਰ ਦਿਤਾ ਕਿ ਸਰਕਾਰ ਦੀ ਆਗਿਆ ਤੋਂ ਬਿਨਾ ਕੋਈ ਇਕੱਠ ਨਹੀਂ ਹੋ ਸਕੇਗਾ, ਅਤੇ ਸਤਿਗੁਰੂ ਜੀ ਸਰਕਾਰੀ ਆਗਿਆ ਤੋਂ ਬਿਨਾਂ ਕਿਤੇ ਬਾਹਰ ਵੀ ਨਹੀਂ ਜਾ ਸਕਣਗੇ। ਇਸ ਪਾਬੰਦੀ ਨਾਲ ਨਾਮਧਾਰੀ ਪੰਥ ਦੀਆਂ ਬਹੁਤ ਸਾਰੀਆਂ ਸਰਗਰਮੀਆਂ ਢਿੱਲੀਆਂ ਪੈ ਗਈਆਂ"।

ਇਸ ਸਮਸਿਆ ਨੂੰ ਹਲ ਕਰਨ ਲਈ ਸਤਿਗੁਰੂ ਜੀ ਨੇ ਨਵਾਂ ਪ੍ਰੋਗਰਾਮ ਉਲੀਕਿਆ। ਜਿਸ ਵਿਚ ਪੰਜਾਬ ਨੂੰ 22 ਭਾਗਾਂ ਵਿਚ ਵੰਡਿਆ ਗਿਆ। ਹਰੇਕ ਭਾਗ ਦਾ ਇੰਚਾਰਜ ਇਕ " ਸੂਬਾ" ਬਣਾਇਆ ਗਿਆ ਅਤੇ ਉਸਦੀ ਮੱਦਦ ਲਈ ਇਕ ਨਾਇਬ ਸੂਬਾ ਨੀਯਤ. ਕੀਤਾ ਗਿਆ। ਉਹ ਦੋਵੇਂ ਰਲਕੇ ਕੰਮ ਚਲਾਣ ਲੱਗੇ। ਇਸਦੇ ਨਾਲ ਹੀ ਸਤਿਗੁਰੂ ਜੀ ਨੇ ਅੰਗ੍ਰੇਜ਼ਾਂ ਵਿਰੁੱਧ ਨਾ-ਮਿਲਵਰਤਨ ਲਹਿਰ ਚਾਲੂ ਕਰ ਦਿਤੀ। ਜਿਸ ਨੂੰ ਬਾਅਦ ਵਿੱਚ ਗਾਂਧੀ ਨੇ ਅਪਣਾਇਆ। ਇਸ ਲਹਿਰ ਰਾਹੀਂ ਅੰਗ੍ਰੇਜ਼ਾਂ ਦੀ ਬਣੀ ਹਰ ਚੀਜ਼ ਦੀ ਵਰਤੋਂ ਬੰਦ ਕਰ ਦਿਤੀ। ਜਿਸ ਵਿਚ ਉਨ੍ਹਾਂ ਦੀਆਂ ਮਸ਼ੀਨਾਂ ਦਾ ਬਣਾਇਆ ਕੱਪੜਾ ਛੱਡਕੇ ਆਪਣੀਆਂ ਹੱਥ-ਖੱਡੀਆਂ ਦਾ ਕੱਪੜਾ ਵਰਤਣਾ ਸ਼ੁਰੂ ਕੀਤਾ। ਕਿਤੇ ਔਣ ਜਾਣ ਲਈ ਰੇਲ ਗੱਡੀ ਛੱਡਕੇ, ਪੈਦਲ, ਗੱਡੇ ਜਾਂ ਘੋੜ-ਸਵਾਰੀ ਨੂੰ ਤਰਜੀਹ ਦਿਤੀ। ਡਾਕ ਸੇਵਾ ਲਈ ਆਪਣੇ ਹਰਕਾਰੇ ਲਾਏ, ਇਕ ਪਿੰਡ ਦਾ ਹਰਕਾਰਾ ਦੂਜੇ ਪਿੰਡ ਜਾਕੇ ਡਾਕ ਦਿੰਦਾ ਤੇ ਦੂਜੇ ਪਿੰਡ ਵਾਲਾ ਤੀਜੇ ਪਿੰਡ। ਇਸ ਤਰ੍ਹਾਂ ਨਾ ਤਾਂ ਹਰਕਾਰਾ ਥੱਕਦਾ ਤੇ ਨਾ ਹੀ ਡਾਕ ਲੇਟ ਹੁੰਦੀ। ਗੁਪਤ ਡਾਕ ਮੂੰਹ ਜ਼ੁਬਾਨੀ ਭਰੋਸੇ ਵਾਲੇ ਅਤੇ ਸ਼ਰਧਾਵਾਨ ਸੱਜਣਾ ਰਾਹੀਂ ਇਸੇ ਤਰ੍ਹਾਂ ਭੇਜੀ ਜਾਣ ਲੱਗੀ। ਕਚਿਹਰੀਆਂ ਦਾ ਬਾਈਕਾਟ ਕਰਕੇ ਹਰ ਪਿੰਡ ਦੀ ਪੰਚਾਇਤ ਨੂੰ ਇਹ ਕੰਮ ਸੌਂਪਿਆ ਗਿਆ। ਪਿੰਡ ਦੀ ਪੰਚਾਇਤ ਵਿਚ ਜੇ ਫ਼ੈਸਲਾ ਨਾ ਹੁੰਦਾ ਤਾਂ ਦੋਂਹ ਪਿੰਡਾਂ ਦੀ ਪੰਚਾਇਤ ਰਲਕੇ ਕਰਦੀ। ਜੇ ਫਿਰ ਵੀ ਨਾ ਹੁੰਦਾ ਤਾਂ ਪੰਜਾਂ ਪਿੰਡਾਂ ਦੀ ਪੰਚਾਇਤ ਬੈਠਕੇ ਫੈਸਲਾ ਕਰ ਦਿੰਦੀ। ਇਸ ਤਰ੍ਹਾਂ ਪਿੰਡਾਂ ਵਿਚ ਰੁਜ਼ਗਾਰ ਵੀ ਵਧਣ ਲੱਗਾ। ਕਿਉਂਕਿ ਲੋੜ ਅਨੁਸਾਰ ਚੀਜ਼ਾਂ ਪਿੰਡ ਵਿਚ ਹੀ ਬਣਨ ਲੱਗੀਆਂ।

ਨਾਮਧਾਰੀਏ ਗਊ ਹੱਤਿਆ ਹੋਣ ਕਰਕੇ ਬਹੁਤ ਦੁਖੀ ਸਨ। ਖਾਸ ਕਰਕੇ ਗੁਰੂ ਨਗਰੀ ਵਿਚ ਹੁੰਦੀ ਗਊ ਹੱਤਿਆ ਨੂੰ ਰੋਕਣ ਲਈ ਉਨ੍ਹਾਂ ਦੇ ਮਨਾਂ ਵਿਚ ਉਬਾਲ ਉੱਠਦੇ ਰਹਿੰਦੇ । ਇਕ ਦਿਨ ਨਾਮਧਾਰੀਆਂ ਦਾ ਜਥਾ ਅੰਮ੍ਰਿਤਸਰ ਦੇ ਬਾਜ਼ਾਰ ਵਿਚਦੀ ਲੰਘ ਰਿਹਾ ਸੀ ਤਾਂ ਉਨ੍ਹਾਂ ਨੇ ਕੁਝ ਬੁੱਚੜਾਂ ਨੂੰ ਗਊਆਂ ਲੈ ਜਾਂਦੇ ਦੇਖਿਆ। ਉਨ੍ਹਾਂ ਦਾ ਖੂਨ ਖੌਲ ਉਠਿਆ। ਉਨ੍ਹਾਂ ਉਸੇ ਵੇਲੇ ਸਕੀਮ ਬਣਾਈ ਕਿ ਅੱਜ ਏਨ੍ਹਾਂ ਨੂੰ ਸੋਧਿਆ ਜਾਏ। ਫਿਰ ਉਸੇ ਰਾਤ 8-10 ਨਾਮਧਾਰੀਏ ਆਏ ਤੇ ਉਨ੍ਹਾਂ ਨੇ ਸਾਰੀਆਂ ਗਊਆਂ ਖੋਲ੍ਹ ਦਿਤੀਆਂ । ਆਵਾਜ਼ ਸੁਣਕੇ ਕੁਝ ਬੁੱਚੜ ਆ ਗਏ। ਮੁਕਾਬਲੇ



Namdhari Elibrary NamdhariElibrary@gmail.com

ਵਿਚ ਤਿੰਨ ਚਾਰ ਬੁੱਚੜ ਮਾਰੇ ਗਏ ਤੇ ਕੁਝ ਫੱਟੜ ਹੋ ਗਏ। ਸਿੰਘ ਪਤਾ ਨਾ ਲੱਗਾ ਕਿਧਰ ਗੁਆਚ ਗਏ। ਜਦੋਂ ਪੁਲਸ ਦੇ ਹੱਥ ਕੋਈ ਨਾ ਆਇਆ ਤਾਂ ਪੁਲਸ ਨੇ ਨਿਰਦੋਸ਼ੇ ਲੋਕਾਂ ਨੂੰ ਫੜਕੇ ਸਜ਼ਾ ਦੇਣੀ ਸ਼ੁਰੂ ਕਰ ਦਿਤੀ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਪਤਾ ਲਗਾ ਤਾ ਉਨ੍ਹਾਂ ਨੇ ਸਿੰਘਾਂ ਨੂੰ ਹਾਜ਼ਰ ਹੋਣ ਲਈ ਕਿਹਾ, ਤਾਂ ਕਿ ਨਿਰਦੋਸ਼ ਲੋਕ ਸਜ਼ਾ ਤੋਂ ਬਚ ਜਾਣ। ਸਿੰਘਾਂ ਨੇ ਪੇਸ਼ ਹੋ ਕੇ ਆਪਣਾ ਜੁਰਮ ਕਬੂਲ ਲਿਆ। ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ।

ਬਾਅਦ ਵਿਚ ਮਲੇਰਕੋਟਲੇ ਦੇ ਬੁੱਚੜਾਂ ਦੇ ਕਤਲ ਵਿਚ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਉਣ ਦੀ ਸਜ਼ਾ ਹੋਈ ਤਾਂ ਗੋਰੇ ਨੇ ਨਾਮਧਾਰੀਆਂ ਨੂੰ ਤੋਪ ਦੇ ਮੂੰਹ ਨਾਲ ਬੰਨ੍ਹਣ ਲਈ ਕਿਹਾ, "ਗੋਰਿਆ, ਸਾਨੂੰ ਕਿਤੇ ਵੀ ਬੰਨ੍ਹਣ ਦੀ ਲੋੜ ਨਹੀਂ, ਅਸੀਂ ਡਰਪੋਕ ਨਹੀਂ ਹਾਂ, ਅਸੀਂ ਛਾਤੀ ਡਾਹ ਕੇ ਤੇਰੀ ਤੋਪ ਅੱਗੇ ਖੜੇ ਹੋਵਾਂਗੇ, ਤੂੰ ਆਪਣੀ ਤੋਪ ਨੂੰ ਬੰਨ੍ਹ ਕੇ ਰੱਖ, ਕਿਤੇ ਏਹ ਨਾ ਸਿੰਘਾਂ ਦੀਆਂ ਛਾਤੀਆਂ ਦੇਖ ਕੇ ਭੱਜ ਪਵੇ"। ਗੋਰੇ ਹੈਰਾਨੀ ਨਾਲ ਸਿੰਘਾਂ ਵੱਲ ਦੇਖਣ ਲੱਗੇ।

ਅੰਗਰੇਜ਼ਾਂ ਦੀ ਪੇਸ਼ ਨਾ ਗਈ ਤਾਂ ਉਨ੍ਹਾਂ ਸਤਿਗੁਰੂ ਜੀ ਨੂੰ ਦੇਸ਼ ਨਿਕਾਲੇ ਦਾ ਹੁਕਮ ਦੇ ਦਿੱਤਾ। ਇਕ ਸਪੈਸ਼ਲ ਗੱਡੀ ਰਾਹੀਂ ਸਤਿਗੁਰੂ ਜੀ ਦੇ ਨਾਲ ਕੁਝ ਸੂਬਿਆਂ ਨੂੰ ਪੁਲਸ ਦੇ ਪਹਿਰੇ ਹੇਠ ਅਲਾਹਬਾਦ ਲੈ ਜਾਇਆ ਗਿਆ। ਪਰ ਸਰਕਾਰ ਅਜੇ ਵੀ ਸਹਿਮੀ ਹੋਈ ਸੀ। ਇਸ ਕਰਕੇ ਸਰਕਾਰ ਨੇ ਪਿੰਡ ਭੈਣੀ ਵਿਚ ਪੁਲਸ ਚੌਕੀ ਬਿਠਾ ਦਿਤੀ, ਤਾਂ ਕਿ ਕੂਕੇ ਓਥੇ ਇੱਕਠੇ ਨਾ ਹੋ ਸਕਣ, ਤੇ ਉਨ੍ਹਾਂ ਦੇ ਦੀਵਾਨ ਬੰਦ ਕੀਤੇ ਜਾਣ।

ਸਤਿਗੁਰੂ ਜੀ ਜਿੰਨਾ ਚਿਰ ਆਲਾਹਬਾਦ ਨਜ਼ਰਬੰਦ ਰਹੇ ਸਰਕਾਰ ਇਸ ਗੱਲੋਂ ਡਰੀ ਰਹੀ ਕਿ ਕਿਤੇ ਸਤਿਗੁਰੂ ਜੀ ਦੇ ਸ਼ਰਧਾਲੂ ਜੇਲ ਉੱਤੇ ਹੀ ਹਮਲਾ ਨਾ ਕਰ ਦੇਣ। ਏਸੇ ਡਰ ਕਰਕੇ ਕੁਝ ਚਿਰ ਪਿੱਛੋਂ ਸਤਿਗੁਰੂ ਜੀ ਅਤੇ ਸੇਵਕ ਨੂੰ ਰੰਗੂਨ ਜੇਲ ਵਿਚ ਭੇਜ ਦਿੱਤਾ। ਨਾਨੂੰ ਸਿੰਘ ਅਤੇ ਬਾਕੀ ਸੂਬਿਆਂ ਨੂੰ ਵੱਖ ਵੱਖ ਦੂਰ ਦੁਰਾਡੇ ਕਿਲਿਆਂ ਵਿਚ ਭੇਜ ਦਿਤਾ ਗਿਆ, ਤਾਂਕਿ ਇਹ ਸਾਰੇ ਇੱਕਠੇ ਰਹਿਕੇ ਸਰਕਾਰ ਦੀ ਸਿਰਦਰਦੀ ਲਈ ਕੋਈ ਨਵੀਂ ਵਿਓਂਤ ਨਾ ਗੁੰਦ ਲੈਣ।

ਪੁਲਸ ਦੇ ਏਨੇ ਕਰੜੇ ਪ੍ਰਬੰਧਾਂ ਵਿਚ ਵੀ ਕਈ ਸ਼ਰਧਾਲੂ ਓਥੇ ਜਾਕੇ ਸਤਿਗੁਰੂ ਜੀ ਨੂੰ ਮਿਲ ਆਉਂਦੇ ਰਹੇ। ਉਨ੍ਹਾਂ ਤੋਂ ਹੁਕਮਨਾਮੇ ਲਿਆਕੇ ਸਿੱਖਾਂ ਵਿਚ ਵੰਡ ਦਿੰਦੇ। ਕਈ ਫੜ ਵੀ ਹੋ ਜਾਂਦੇ ਤਾਂ ਉਨ੍ਹਾਂ ਨੂੰ ਸਖਤ ਸਜ਼ਾ ਹੋ ਜਾਂਦੀ। ਪਰ ਉਹ ਸਰਕਾਰ ਦੇ ਪੱਲੇ ਕੁਝ ਨਾ ਪਾਉਂਦੇ।

ਮੋ. 98762-08542

# ਧਰਤ ਤੇ ਅਜ਼ਾਦੀ ਦੀਆਂ ਕੂਕਾਂ

ਸੰਨ 1857 ਜਾਂ ਸੰਮਤ 1914 ਦੀ ਅਜ਼ਾਦੀ ਹਾਸਲ ਕਰਨ ਖਾਤਰ ਨਾਕਾਮਯਾਬ ਲੜਾਈ ਪਿਛੋਂ ਨਾਮਧਾਰੀ ਸਿੱਖ ਅੰਗਰੇਜ਼ਾਂ ਦੀ ਵਿਦੇਸ਼ੀ ਹਕੂਮਤ ਦੇ ਬਦਤਰੀਨ ਦੁਸ਼ਮਨਾਂ ਦੀਆਂ ਕਤਾਰਾਂ ਵਿਚ ਸਭ ਤੋਂ ਅਗਲੀ ਪਾਲ ਵਿਚ ਖਲੋਤੇ ਸਨ। ਖੁਲ੍ਹੇ ਤੋਰ ਤੇ ਖੋਟਿਆਂ ਦੇ ਮੇਲੇ ਸੰਨ 1863 ਤੋਂ ਲੈ ਕੇ 14 ਅਗਸਤ 1947 ਜਾਂ ਭਾਰਤ ਨੂੰ ਰਾਜਸੀ ਸਵਤੰਤਰਤਾ ਮਿਲਣ ਤਕ ਨਾਮਧਾਰੀ ਸਿੱਖਾਂ ਨੇ 83 ਸਾਲ ਆਪਣੀ ਇਸ ਥਾਂ ਨੂੰ ਤਸੀਹੇ ਝਲ ਕੇ ਕੁਰਬਾਨੀਆਂ ਦੇ ਕੇ ਕਾਇਮ ਰਖਿਆ। ਅੰਗਰੇਜ਼ੀ ਹਕੂਮਤ ਦੇ ਕਰਮਚਾਰੀਆਂ ਨੇ, ਅੰਗਰੇਜ਼ ਹਾਕਮਾਂ ਦੇ ਜੂਠੇ ਟੁਕੜੀਆਂ ਤੇ ਪਲਣ ਵਾਲੇ ਸਿਖ, ਹਿੰਦੂ, ਮੁਸਲਮਾਨ, ਈਸਾਈ ਟੋਡੀਆਂ ਅਤੇ ਬੂਟ ਚਟੂਆਂ ਨੇ, ਸਿੱਖ ਰਿਆਸਤਾਂ ਦੇ ਰਾਜਿਆਂ ਮਹਾਰਾਜਿਆਂ ਨੇ, ਅੰਗਰੇਜ਼ੀ ਹਾਕਮਾਂ ਦੀ ਹਮਾਇਤ ਨਾਲ ਅਤੇ ਉਹਨਾਂ ਦੀ ਸ਼ਹਿ ਅਤੇ ਗੁਝੇ ਤਰੀਕੇ ਨਾਲ ਦਿਤੀ ਗਈ ਮਾਲੀ ਮੱਦਦ ਨਾਲ ਬਣੀਆਂ ਹੋਈਆਂ ਸਿੰਘ ਸਭਾਵਾਂ ਤੇ ਦੀਵਾਨਾਂ ਨੇ ਸਿੱਖੀ ਧਰਮ ਦੇ ਦਾਹਵੇਦਾਰ ਸਿੱਖ ਤਖਤਾਂ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਸਰਕਾਰੀ ਜਾਗੀਰਦਾਰਾਂ, ਮਹੰਤਾਂ ਅਤੇ ਪੁਜਾਰੀਆਂ ਨੇ ਕੂਕਿਆਂ ਨੂੰ ਮੂਲੋਂ ਹੀ ਤਬਾਹ ਅਤੇ ਬਰਬਾਦ ਕਰਨ ਲਈ ਹਰ ਪ੍ਰਕਾਰ ਦੇ ਹੀਲੇ, ਵਸੀਲੇ, ਹੱਥਕੰਡੇ, ਬਹਾਨੇ, ਹੋਛੀਆਂ, ਊਜਾਂ, ਝੂਠੀਆਂ ਬਦਨਾਮੀਆਂ, ਸਭਿਅਤਾ ਅਤੇ ਇਖਲਾਕ ਤੋਂ ਗਿਰੇ ਹੋਏ ਗੰਦੀ ਕਿਸਮ ਦੇ ਪਰਾਪੇਗੰਡੇ ਦੇ ਹਥਿਆਰ ਵਰਤੇ। ਪਰ ਕੂਕਿਆਂ ਨੇ ਆਪਣੇ ਅਰਸੇ ਵਿਚ ਧਰਮ ਅਤੇ ਅਜ਼ਾਦੀ ਦੀਆਂ ਕੂਕਾਂ ਮਾਰ ਮਾਰ ਕੇ ਸੁੰਨੀਆਂ ਭੈਣੀਆਂ ਅੰਦਰ ਗੁਲਾਮੀ ਦੀ ਨੀਂਹਾਂ ਵਿਚ ਘੂਕ ਸੁਤੀ ਪਈ ਬੇਹੋਸ਼ ਹਿੰਦੁਸਤਾਨੀ ਜਨਤਾ ਨੂੰ ਹੁਸ਼ਿਆਰ ਖਬਰਦਾਰ ਰਹਿਣ ਦੀਆਂ ਅਵਾਜ਼ਾਂ ਕੰਨੀ ਪਾ ਪਾ ਕੇ ਖੁਦਾਈ ਪਹਿਰੇਦਾਰ ਦੇ ਕਰੜੇ ਫਰਜ਼ ਨੂੰ ਨਿਭਾਇਆ।

*ਸ੍ਰ. ਨਾਹਰ ਸਿੰਘ*
*ਐਸ. ਏ. ਹਿਸਟਰੀ ਰੀਸਰਚ ਸਕਾਲਰ*



Namdhari Elibrary NamdhariElibrary@gmail.com



# ਗੁਰੂ ਰਾਮ ਸਿੰਘ ਜੁੱਗ ਪਲਟਾਣ ਆਇਆ

—ਬਲਬੀਰ ਸਿੰਘ ਢਿੱਲੋਂ

ਦੇਂਦਾ ਜਿਹੜਾ ਰੌਸ਼ਨੀ ਏ ਚੰਨ ਤੇ ਸਿਤਾਰਿਆਂ ਨੂੰ, ਚਮਕਦਾ ਆਕਾਸ਼ ਵਿਚ ਭਾਨ ਗੁਰੂ ਰਾਮ ਸਿੰਘ।
ਜਿਹਦੀ ਮੁੱਠੀ ਵਿਚ ਤਕਦੀਰ ਹੈ ਮਨੁੱਖਤਾ ਦੀ, ਜ਼ਰੇ ਜ਼ਰੇ ਧੜਕਦਾ ਪਰਾਨ ਗੁਰੂ ਰਾਮ ਸਿੰਘ।
ਮਾਨੁੱਖਤਾ ਦਾ ਰਾਖਾ ਅਤੇ ਪੁੰਜ ਕੁਰਬਾਨੀਆਂ ਦਾ, ਆਜ਼ਾਦੀ ਦਾ ਘੁਲਾਟੀਆ ਮਹਾਨ ਗੁਰੂ ਰਾਮ ਸਿੰਘ।
ਭਾਰਤ ਪਿਆਰੀ ਦਾ ਏ ਮਾਨ ਗੁਰੂ ਰਾਮ ਸਿੰਘ, ਜਾਨ ਗੁਰੂ ਰਾਮ ਸਿੰਘ ਸ਼ਾਨ ਗੁਰੂ ਰਾਮ ਸਿੰਘ।

ਚੜ੍ਹਿਆ ਸੱਚ ਦਾ ਸੂਰਜ ਜੀ ਵਿਚ ਭੈਣੀ, ਦਿਨ ਪੰਚਮੀ ਬੜਾ ਮਹਾਨ ਆਇਆ।
ਜਿਹੜੇ ਖਿਜ਼ਾਂ ਮਰੁੰਡੇ ਸੀ ਫੁੱਲ ਬੂਟੇ, ਬਣ ਕੇ ਉਹਨਾਂ ਲਈ ਖਿੜੀ ਮੁਸਕਾਨ ਆਇਆ।
ਦੱਬੇ ਕੁਚਲੇ ਹੋਇ ਲੋਕਾਂ ਨੂੰ ਆਸਰਾ ਦੇ, ਪੌਣ ਮੁਰਦੀਆਂ ਰੂਹਾਂ ਵਿਚ ਜਾਨ ਆਇਆ।
ਰਾਖਾ ਬਣ ਕੇ ਆਇਆ ਮਾਨੁੱਖਤਾ ਦਾ, ਨਾਮ ਦਾਨ ਦੇ ਕਰਨ ਕਲਿਆਣ ਆਇਆ।
ਦੇਣ ਲਈ ਪ੍ਰੋਗਰਾਮ ਆਜ਼ਾਦੀਆਂ ਦਾ, ਸੁੱਤੇ ਦੇਸ਼ ਨੂੰ ਝੂਣ ਜਗਾਣ ਆਇਆ।
ਲੱਗੇ ਸੰਗਲ ਗੁਲਾਮੀ ਦੇ ਤੋੜ ਕੇ ਤੇ, ਗੁਰੂ ਰਾਮ ਸਿੰਘ ਜੁੱਗ ਪਲਟਾਨ ਆਇਆ।

ਅੱਖਾਂ ਸ਼ੇਰੇ ਪੰਜਾਬ ਨੇ ਮੀਟੀਆਂ ਜਦ, ਉੱਖੜ ਗਿਆ ਸੀ ਤਾਲ ਪੰਜਾਬੀਆਂ ਦਾ।
ਨੀਂਦ ਸਦਾ ਦੀ ਸ਼ਹਿਰ ਲਹੌਰ ਅੰਦਰ, ਸੌਂ ਗਿਆ ਸੀ ਲਾਲ ਪੰਜਾਬੀਆਂ ਦਾ।
ਉਹਦੇ ਹੁੰਦਿਆਂ ਕਿਸੇ ਦੀ ਕੀ ਹਿੰਮਤ, ਵਿੰਗਾ ਕਰੇ ਕੋਈ ਵਾਲ ਪੰਜਾਬੀਆਂ ਦਾ।
ਬਿਨਾਂ ਪਿਤਾ ਤੋਂ ਹੁੰਦੇ ਨੇ ਪੁੱਤ ਜਿਵੇਂ, ਇਵੇਂ ਹੋ ਗਿਆ ਹਾਲ ਪੰਜਾਬੀਆਂ ਦਾ।
ਖੁੰਢੀ ਹੋਈ ਸੀ ਅਣਖ ਪੰਜਾਬੀਆਂ ਦੀ, ਫੇਰ ਸਿੱਖੀ ਦੀ ਸਾਣ ਤੇ ਲਾਣ ਆਇਆ।
ਸਿੱਖੀ ਮਾਨ ਮਰਯਾਦਾ ਨੂੰ ਕਾਇਮ ਕਰਕੇ, ਗੁਰੂ ਰਾਮ ਸਿੰਘ ਜੁੱਗ ਪਲਟਾਨ ਆਇਆ।



Namdhari Elibrary NamdhariElibrary@gmail.com

ਗ਼ਲਬਾ ਜਦੋਂ ਗ਼ੁਲਾਮੀ ਨੇ ਆਣ ਪਾਇਆ, ਬਿੱਲੀ ਬਣ ਗਏ ਸ਼ੇਰ ਅਖਵੌਣ ਵਾਲੇ।
ਪਾਣੀ ਗੋਰੀ ਸਰਕਾਰ ਦਾ ਭਰਨ ਲੱਗ ਪਏ, ਫੱਨੇ ਖਾਂ ਜੋ ਆਕੜੀ ਧੌਣ ਵਾਲੇ।
ਬਣ ਗਏ ਸਰਦਾਰ ਗੱਦਾਰ ਚਿਮਚੇ, ਝੂਠੇ ਸੋਹਲੇ ਅੰਗਰੇਜ਼ ਦੇ ਗੌਣ ਵਾਲੇ।
ਸਿਰਫ ਆਪਣੀ ਇਜ਼ਤ ਬਨੌਣ ਖਾਤਰ, ਇਜ਼ਤ ਦੇਸ਼ ਦੀ ਨੂੰ ਵੱਟਾ ਲੌਣ ਵਾਲੇ।
ਸ਼ੇਰੋਂ ਬਣੇ ਹੋਇ ਗਿੱਦੜਾਂ ਗੀਦੀਆਂ ਨੂੰ, ਮੁੜਕੇ ਸ਼ੇਰਾਂ ਦੀ ਜੂਨ ਵਿਚ ਪੌਣ ਆਇਆ।
ਸੁੱਤੀ ਕੌਮ ਨੂੰ ਝੂਣ ਜਗਾ ਕੇ ਤੇ, ਗੁਰੂ ਰਾਮ ਸਿੰਘ ਜੁੱਗ ਪਲਟਾਨ ਆਇਆ।

ਜਾਗੋ ਹਿੰਦੀਓ ਆਖਿਆ ਸਤਿਗੁਰਾਂ ਨੇ, ਗੋਰਾ ਦਿਨ ਦੀਵੀਂ ਵੇਖੋ ਲੁੱਟ ਰਿਹਾ ਏ।
ਰੰਗੀ ਜਾਂਦਾ ਹੈ ਪੱਛਮੀ ਰੰਗ ਅੰਦਰ, ਸਾਡੀ ਸੰਸਕ੍ਰਿਤੀ ਜੜ੍ਹੋਂ ਪੁੱਟ ਰਿਹਾ ਏ।
ਸਾਨੂੰ ਮਾਰਦਾ ਪਿਆ ਏ ਮਾਰ ਗੁੱਝੀ, ਨਾਲੇ ਹੱਸ ਰਿਹਾ ਏ ਨਾਲੇ ਕੁੱਟ ਰਿਹਾ ਏ।
ਚਾਨਣ ਪੱਛਮ ਦਾ ਚਾਤਰ ਵਖਾ ਸਾਨੂੰ, ਨ੍ਹੇਰੇ ਖੂਹ ਅੰਦਰ ਵੇਖੋ ਸੁੱਟ ਰਿਹਾ ਏ।
ਧੁਖ ਰਹੀ ਆਜ਼ਾਦੀ ਦੀ ਚਿਣਗ ਤਾਈਂ, ਫੂਕਾਂ ਮਾਰ ਕੇ ਫੇਰ ਸੁਲਗਾਣ ਆਇਆ।
ਪਾਣੀ ਪਾ ਗ਼ੁਲਾਮੀ ਦੇ ਕੋਲਿਆਂ 'ਤੇ, ਗੁਰੂ ਰਾਮ ਸਿੰਘ ਜੁਗ ਪਲਟਾਨ ਆਇਆ।

ਮਜ਼ਾ ਜੇਕਰ ਆਜ਼ਾਦੀ ਦਾ ਚੱਖਣਾ ਜੇ, ਸੀਸ ਤਲੀ ਤੇ ਧਰਨ ਦੀ ਜਾਚ ਸਿੱਖੋ।
ਬਲਦੀ ਸ਼ਮ੍ਹਾਂ ਤੇ ਵਾਂਗ ਪਤੰਗਿਆਂ ਦੇ, ਹੱਸ ਹੱਸ ਕੇ ਮਰਨ ਦੀ ਜਾਚ ਸਿੱਖੋ।
ਲੱਗੇ ਦਾਗ ਗੁਲਾਮੀ ਦੇ ਤਾਂ ਧੁਪਣੇ, ਖ਼ੂਨੀ ਸਾਗਰ ਨੂੰ ਤਰਨ ਦੀ ਜਾਚ ਸਿੱਖੋ।
ਵਰਨ ਲਈ ਆਜ਼ਾਦੀ ਦੀ ਹੀਰ ਸਿੰਘੋ, ਮਾਂਗ ਮੌਤ ਦੀ ਭਰਨ ਦੀ ਜਾਚ ਸਿੱਖੋ।
ਬਾਈਕਾਟ ਦਾ ਹੱਥ ਹਥਿਆਰ ਫੜਕੇ, ਜ਼ਾਲਮ ਗੋਰੇ ਦੇ ਛੱਕੇ ਛਡਾਨ ਆਇਆ।
ਦੁੱਖ ਗਊ ਗਰੀਬ ਦੇ ਹਰਨ ਖਾਤਰ, ਗੁਰੂ ਰਾਮ ਸਿੰਘ ਜੁੱਗ ਪਲਟਾਨ ਆਇਆ।

ਕੀ ਹੋਇਆ ਪ੍ਰਦੇਸ ਜੇ ਤੁਰ ਚੱਲਿਆਂ, ਪਿੱਛੇ ਲੱਖਾਂ ਪ੍ਰਵਾਨੇ ਮੈਂ ਛੱਡ ਚੱਲਿਆਂ।
ਤੇਰੀਆਂ ਬੇੜੀਆਂ 'ਚ ਵੱਟੇ ਪਾ ਚੱਲਿਆਂ, ਜੜ੍ਹਾਂ ਤੇਰੀਆਂ ਬਿੱਲਿਆ ਵੱਢ ਚੱਲਿਆਂ।
ਰਾਹੇ ਚੱਲਿਆਂ 'ਹਾਂ' ਪਾ ਸੰਗ੍ਰਾਮੀਆਂ ਨੂੰ, ਕੰਡੇ ਸਾਰੇ ਗੁਲਾਮੀ ਦੇ ਕੱਢ ਚੱਲਿਆਂ।
ਤੈਥੋਂ ਬਿੱਲਿਆ ਪੁੱਟਿਆ ਨਹੀਂ ਜਾਣਾ, ਝੰਡਾ ਜਿਹੜਾ ਆਜ਼ਾਦੀ ਦਾ ਗੱਢ ਚੱਲਿਆਂ।
ਨਾਦ ਪੂਰਕੇ ਪੂਰਨ ਆਜ਼ਾਦੀਆਂ ਦਾ, ਘਰ ਘਰ ਸੰਦੇਸ਼ ਪਹੁੰਚਾਣ ਆਇਆ।
ਫੜ ਕੇ ਹੱਥ ਮਸ਼ਾਲ ਕੁਰਬਾਨੀਆਂ ਦੀ, ਗੁਰੂ ਰਾਮ ਸਿੰਘ ਜੁੱਗ ਪਲਟਾਨ ਆਇਆ।

**ਮੋਬਾਇਲ:** 93160-12844



Namdhari Elibrary NamdhariElibrary@gmail.com

# ਅਵਤਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ

—ਲਖਵਿੰਦਰ ਸਿੰਘ ਬਾਜਵਾ



ਸੋਹਣੀ ਆਈ ਸਮੀਰ ਅੰਬੀਰ ਲੈ ਕੇ,
ਧਰੀ ਨਾਰ ਬਹਾਰ ਉਤਾਰ ਖਾਰੀ।
ਆਈ ਰੁੱਤ ਬਸੰਤ, ਅਨੰਤ ਵਾਰੀ,
ਐਪਰ ਏਸ ਬਸੰਤ ਤੋਂ ਜਾਂ ਵਾਰੀ।
ਵਾਂਗ ਕਾਸਨੀ ਪਾਏ ਅਨੇਕ ਕਾਮਲ,
ਜਿੱਦਾਂ ਦਾਮਨੀ ਕਰੇ ਕੋਈ ਨ੍ਰਿਤਕਾਰੀ।
ਜੋਬਨ ਵੱਖਰਾ ਏਸ ਬਹਾਰ ਉਤੇ,
ਸੋਹਣੀ ਜੋਤ ਰਬਾਨੀ ਨੇ ਝਾਤ ਮਾਰੀ।
ਸਦਾ ਕੌਰ ਦੇ ਵਿਹੜੇ ਜੋ ਫੁੱਲ ਖਿੜਿਆ,
ਇਹਦੇ ਜਿਹਾ ਨਾ ਹੋਰ ਜਹਾਨ ਉਤੇ।
ਨੂਰ ਵੇਖ ਨੂਰ ਨੀ ਨੂੰ ਰਸ਼ਕ ਕਰਦੇ,
ਅਰਸ਼ੀ ਦੇਵਤੇ ਏਸ ਦੀ ਸ਼ਾਨ ਉਤੇ।
ਬ੍ਰਿਖਾਂ ਬੂਟਿਆਂ ਦੀਆਂ ਕਰੂੰਬਲਾਂ ਨੇ,
ਨਵੀਂ ਆਣਕੇ ਰੂਹ ਨਿਖਾਰ ਦਿੱਤੀ।
ਕੁਦਰਤ ਖੋਹਲ ਪਿਟਾਰੀ ਸੁਗੰਧੀਆਂ ਦੀ,
ਫੁੱਲਾਂ ਭਰੀ ਚੰਗੇਰ ਖਿਲਾਰ ਦਿੱਤੀ।
ਗਾਇਆ ਪੰਛੀਆਂ ਰਾਗ ਬਸੰਤ ਸੋਹਣਾ,
ਭੌਰਾਂ ਛੇੜ ਹਿੰਡੋਲ ਦੀ ਤਾਰ ਦਿੱਤੀ।
ਕਾਦਰ ਆਪ ਸਜਾ ਕੇ ਧਰਤ ਸਾਰੀ,
ਏਦਾਂ ਆਰਤੀ ਉਹਦੀ ਉਤਾਰ ਦਿਤੀ।
ਕੋਈ ਆਖਦੇ ਨੂਰ ਕੋਹਤੂਰ ਵਾਲਾ,
ਕੋਈ ਆਖਦੇ ਨੂਰ ਜਹਾਨ ਆਇਐ।
ਅਜ ਭੈਣੀ ਦੇ ਵਿੱਚ ਜੋ ਭਾਨ ਚੜ੍ਹਿਐ,
ਲੈ ਕੇ ਜੱਗ ਤੋ ਵੱਖਰੀ ਸ਼ਾਨ ਆਇਐ।
ਰਿਸ਼ਮਾਂ ਏਹਦੀਆਂ ਤੇਜ ਨੇ ਰਵੀ ਨਾਲੋਂ,
ਚੀਰ ਜਾਣ ਅਗਿਆਨ ਅੰਧੇਰਿਆਂ ਨੂੰ।
ਇਹਦੀ ਛੋਹ ਨੇ ਸੰਤ ਅਨੰਤ ਕਰਨੇ,
ਮੇਟ ਦਏਗਾ ਦੁੱਖਾਂ ਦੇ ਫੇਰਿਆਂ ਨੂੰ।
ਮਹਿਕ ਏਸਦੀ ਸੜੇ ਸਮਾਜ ਵਿੱਚੋਂ,
ਦੇਣੈ ਚੁੱਕ ਬਦਬੂ ਦੇ ਡੇਰਿਆਂ ਨੂੰ।
ਕੱਟ ਦਏਗਾ ਕੋਹੜ ਮਨੁੱਖਤਾ ਦੇ,
ਮਰਹਮ ਲਾਏਗਾ ਜ਼ਖਮ ਉਚੇੜਿਆਂ ਨੂੰ।
ਫੇਰ ਬੁਜਦਿਲਾਂ ਤਾਈਂ ਵਰਿਆਮ ਕਰਕੇ,
ਲਾਉਣ ਖੁੰਢੀ ਜਮੀਰ ਨੂੰ ਸਾਣ ਆਇਐ।
ਫਿਕੀ ਪੈਂਦੀ ਆਜ਼ਾਦੀ ਦੀ ਲੋ ਤਾਈਂ,
ਬਾਲ ਅਣਖ ਮਿਸ਼ਾਲ ਜਗਾਣ ਆਇਐ।
ਐਸੇ ਹੀਰੇ ਵਰਿਆਮ ਇਹ ਕਰੂ ਪੈਦਾ,
ਜ਼ੁਲਮੀ ਤੋਪ ਅੱਗੇ ਹਿਕਾਂ ਡਾਹੁਣ ਜਿਹੜੇ।
ਫਾਹੀ ਲਾਹ ਮਾਸੂਮਾਂ ਦੇ ਗਲੇ ਵਿਚੋ,
ਫਾਂਸੀ ਆਪਣੇ ਗਲਾਂ ਵਿੱਚ ਪਾਉਣ ਜਿਹੜੇ।
ਇਹਦੇ ਮਿਸ਼ਨ ਚੋਂ ਹੋਣਗੇ ਬਿਸ਼ਨ ਪੈਦਾ,
ਸਾਮਰਾਜ ਦੀ ਜੜ੍ਹ ਹਿਲਾਉਣ ਜਿਹੜੇ।
ਸਿਆਹੀ ਖੂਨ ਤਲਵਾਰ ਦੀ ਕਲਮ ਕਰਕੇ,
ਅੱਖਰ ਫੇਰ ਆਜ਼ਾਦੀ ਦੇ ਵਾਹੁਣ ਜਿਹੜੇ।
ਫੇਰ ਜੰਗ-ਏ- ਆਜ਼ਾਦੀ ਦੇ ਜੱਗ ਅੰਦਰ,
ਇੱਕ ਐਸੀ ਅਹੂਤੀ ਵੀ ਪਾਏਗਾ ਇਹ।
ਦੇਸ਼ ਕੌਮ ਤੇ ਧਰਮ ਬਚਾਉਣ ਖਾਤਰ,
ਦੇਸ਼ ਛੱਡ ਪ੍ਰਦੇਸ ਸਿਧਾਏਗਾ ਇਹ।
ਇਹਦੇ ਚਰਨਾ ਨੂੰ ਛੋਹਣ ਜੋ ਰੇਤ ਕਿਣਕੇ,
ਪੂਜੇ ਜਾਣਗੇ ਏਸ ਜਹਾਨ ਅੰਦਰ।
ਇਹਦੇ ਇੱਕ ਇੱਕ ਸੁਖਨ ਦਾ ਮੁੱਲ ਪੈਸੀ,
ਹੀਰਾ ਜੌਹਰੀ ਦੀ ਜਿਵੇਂ ਦੁਕਾਨ ਅੰਦਰ।
ਦੇਣਾ ਉਸ ਦਾ ਦੇਣ ਕੀ ਹਿੰਦ ਵਾਸੀ,
ਰਿਣੀ ਰਹਿਣਗੇ ਸਦਾ ਅਹਿਸਾਨ ਅੰਦਰ।
ਗਾਏ ਜਾਣਗੇ ਸਦਾ ਉਪਕਾਰ ਇਹਦੇ,
ਹਰ ਤਾਨ ਤੇ ਹਰ ਜ਼ੁਬਾਨ ਅੰਦਰ।
ਸਾਲ ਬਾਅਦ ਬਸੰਤ ਬਹਾਰ ਆਵੇ,
ਇਹਦੀ ਯਾਦ ਦੀ ਮਹਿਕ ਹਮੇਸ਼ਾ ਰਹਿਸੀ।
ਨਾਮ 'ਬਾਜਵਾ' ਨਾਲ ਬਸੰਤ ਇਹਦਾ,
ਜੜਿਆ ਹਸ਼ਰ ਦੇ ਤੀਕ ਵਿਸ਼ੇਸ਼ ਰਹਿਸੀ।

ਮੋ. 94167-34506



Namdhari Elibrary NamdhariElibrary@gmail.com

# ਮਹਾਂ ਉਪਕਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼



ਜ਼ਿਲ੍ਹਾ ਲੁਧਿਆਣੇ ਦੇ ਸੀ ਪਿੰਡ ਰਾਈਆਂ ਵਿਚ ਅੱਜ
ਲਿਆ ਪ੍ਰਕਾਸ ਨਿਰੰਕਾਰ ਗੁਰੂ ਰਾਮ ਸਿੰਘ
ਮਾਤਾ ਸਦਾ ਕੌਰ ਤੇ ਪਿਤਾ ਜੱਸਾ ਸਿੰਘ ਘਰ
ਆਣ ਲਾਇਆ ਭਾਗ ਕਰਤਾਰ ਗੁਰੂ ਰਾਮ ਸਿੰਘ।
ਸੁੰਦਰ ਸਰੂਪ ਧਾਰ ਆਪ ਹੀ ਅਕਾਲ ਜੀ ਨੇ
ਜੱਗ ਵਿਚ ਆਣ ਕੇ ਅਖਾਇਆ ਗੁਰੂ ਰਾਮ ਸਿੰਘ
ਨਾਨਕ ਦੀ ਜੋਤ ਜਗੀ ਬਣ ਪੀਹੜੀ ਬਾਹਰਵੀਂ ਸੀ
ਬਣ ਕੇ ਬਸੰਤੀ ਦੂਹਲਾ ਆਇਆ ਗੁਰੂ ਰਾਮ ਸਿੰਘ
ਨਾਨਕ ਜੀ ਵਾਇਦਾ ਕੀਤਾ ਸਾਰਾ ਕਲੂ ਭੋਗਣੇ ਦਾ
ਨਾਨਕ ਦੇ ਕੌਲ ਨੂੰ ਨਿਭਾਇਆ ਗੁਰੂ ਰਾਮ ਸਿੰਘ
ਬਾਲੇ ਪਨ ਵਿਚ ਲੈਕੇ ਰੱਸੀਆਂ ਬਣਾਈ ਮਾਲਾ
ਆਪ ਨਾਮ ਜਪਿਆ ਜਪਾਇਆ ਗੁਰੂ ਰਾਮ ਸਿੰਘ
ਕੁਕਰਮਾਂ ਕੁਰੀਤੀਆਂ ਦੇ ਵਹਿਮਾਂ ਭਰੇ ਜਾਲ ਵਿਚੋ
ਲੋਕਾਂ ਤਾਈਂ ਆਣਕੇ ਬਚਾਇਆ ਗੁਰੂ ਰਾਮ ਸਿੰਘ।
ਮਾਸ ਖਾਣੇ ਲੋਭੀਆਂ ਸ਼ਰਾਬੀਆਂ ਤੇ ਪਾਪੀਆਂ ਨੂੰ
ਪਲਾਂ ਵਿਚ ਸੰਤ ਸੀ ਬਣਾਇਆ ਗੁਰੂ ਰਾਮ ਸਿੰਘ
ਮਰ ਚੁਕੀ ਆਤਮਾ ਸੀ ਵਾਸੀ ਪੰਜ ਪਾਣੀ ਦੇ ਸੀ
ਅੰਮ੍ਰਿਤ ਦਾ ਟੀਕਾ ਜੀ ਲਵਾਇਆ ਗੁਰੂ ਰਾਮ ਸਿੰਘ।
ਦਸਵੇ ਗੁਰਾਂ ਦੀ ਸੁਕੀ ਸਿਖੀ ਹਰੀ ਕਰਨ ਨੂੰ
ਪਾਣੀ ਨਾਮ ਬਾਣੀ ਦਾ ਲਗਾਇਆ ਗੁਰੂ ਰਾਮ ਸਿਘ
ਜੱਗਦੀ ਜਨਮ ਦਾਤੀ ਨਾਰੀ ਤੇ ਜ਼ੁਲਮ ਵੇਖ
ਨਾਰੀ ਦਾ ਹਿਤੈਸ਼ੀ ਬਣ ਆਇਆ ਗੁਰੂ ਰਾਮ ਸਿੰਘ
ਕੁੜੀਆਂ ਨਾ ਮਾਰੋ ਵੇਚੋ ਵੱਟੇ ਤੇ ਨਾ ਸਾਕ ਕਰੋ
ਐਸਾ ਉਪਦੇਸ਼ ਸੀ ਸੁਣਾਇਆ ਗੁਰੂ ਰਾਮ ਸਿੰਘ
ਵਿਧਵਾ ਵਿਆਹ ਕਰ ਪਾਪਾਂ ਤੋਂ ਬਚਾਈ ਨਾਰੀ
ਮੰਦੀਆਂ ਨਿਗਾਹਾਂ ਤੋਂ ਬਚਾਇਆਂ ਗੁਰੂ ਰਾਮ ਸਿੰਘ
ਗੁਰ ਸਿਖੀ ਸਰੂਪ ਵਿਚ ਮਾਈਆਂ ਨੂੰ ਲਿਆਉਣ ਲਈ
ਦੇ ਕੇ ਪੰਜ ਕੱਕਾਰ ਛਕਾਇਆ ਅੰਮ੍ਰਿਤ ਗੁਰੂ ਰਾਮ ਸਿੰਘ।

ਗੁਰੂ ਰਾਮ ਦਾਸ ਦੀਆਂ ਗਰੰਥ ਸਾਹਿਬ ਵਿਚੋਂ ਲਾਵਾਂ ਪੜ੍ਹ
ਅਨੰਦ ਕਾਰਜ ਰੀਤ ਨੂੰ ਚਲਾਇਆ ਗੁਰੂ ਰਾਮ ਸਿੰਘ।
ਗੁਲਾਮੀ ਗੂਹੜੀ ਨੀਂਦ ਸੁਤੇ ਹਿੰਦੀ ਕੰਨੀ ਫੂਕ ਮਾਰ
ਪਰਵਾਨਾ ਆਜ਼ਾਦੀ ਦਾ ਬਨਾਇਆ ਗੁਰੂ ਰਾਮ ਸਿੰਘ।
ਆਤਮਾ ਆਜ਼ਾਦ ਹੋਵੇ ਦੇਸ਼ ਵੀ ਆਜ਼ਾਦ ਹੋਵੇ
ਸੰਤ ਵੀ ਸਿਪਾਹੀ ਵੀ ਬਣਾਇਆ ਗੁਰੂ ਰਾਮ ਸਿੰਘ
ਅੰਗ੍ਰੇਜ਼ੀ ਰਾਜ ਦਾ ਪੂਰਨ ਵਿਰੋਧ ਕਰ
ਗੋਰੇ ਤਾਈਂ ਡਾਢਾ ਸੀ ਸਤਾਇਆ ਗੁਰੂ ਰਾਮ ਸਿੰਘ।
ਗਊ ਘਾਤ ਜਗੋਂ ਮਿਟ ਕਿਹਾ ਸੀ ਗੋਬਿੰਦ ਗੁਰੂ ਜੀ ਨੇ
ਗਊ ਰਖਵਾਲਾ ਬਣ ਆਇਆ ਗੁਰੂ ਰਾਮ ਸਿੰਘ
ਮਾਈ ਸਾਹਬੋ ਪੱਧਰੀ ਦੀ ਕਥਨੀ ਫਰਕ ਜਾਣ
ਉਸਨੂੰ ਸੀ ਚਿਖਰਾ ਤੇ ਬਠਾਇਆ ਗੁਰੂ ਰਾਮ ਸਿੰਘ
ਰਤੀ ਵੀ ਨ ਤਾਅ ਲਗਾ ਚੋਜ ਵਰਤਾਆ ਦਿੱਤਾ
ਕੱਚੀ ਨੂੰ ਸੀ ਕੰਚਨ ਬਨਾਇਆ ਗੁਰੂ ਰਾਮ ਸਿੰਘ।
ਪੁਤ ਘੁਮਿਆਰੀ ਦਾ ਸੀ ਮੋਇਆ ਹੋਲੇ ਮਾਨਾਂ ਵਾਲੇ
ਚਰਨ ਛੁਹਾਕੇ ਸੀ ਜਿਵਾਇਆ ਗੁਰੂ ਰਾਮ ਸਿੰਘ
ਸਦਾਚਾਰੀ ਉੱਚਾ ਸੁੱਚਾ ਜੀਵਨ ਬਿਤੌਣ ਲਈ
ਨਾਮਧਾਰੀ ਪੰਥ ਸੀ ਸਜਾਇਆ ਗੁਰੂ ਰਾਮ ਸਿੰਘ
ਨੇਕੀ ਦੀ ਕਮਾਈ ਕਰੋ ਬਾਣੀ ਪੜ੍ਹੋ ਨਾਮ ਜਪੋ
ਆਪਨਿਆਂ ਸਿਖਾਂ ਨੂੰ ਸਿਖਾਇਆ ਗੁਰੂ ਰਾਮ ਸਿੰਘ
ਪੰਚਮੀ ਦੇ ਦਿਨ ਅਜ ਜੱਸ ਗਾਵ 'ਮਨਜੀਤ'
ਖੰਡਾਂ ਬ੍ਰਹਮੰਡਾਂ ਚ ਸਮਾਇਆ ਗੁਰੂ ਰਾਮ ਸਿੰਘ॥

—ਮਨਜੀਤ ਸਿੰਘ ਰਾਗੀ ਦਿੱਲੀ


Namdhari Elibrary NamdhariElibrary@gmail.com

### ਚਹੁਮਿਸਰਾ

ਪੱਤੇ ਪੱਤੇ ਤੇ ਪਤਾ ਹੈ ਪਾਤਸ਼ਾਹ ਦਾ,
ਜ਼ਰੇ ਜ਼ਰੇ ਚ ਵਿਆਪੀ ਹੈ ਸ਼ਾਨ ਉਸਦੀ,
ਹਰ ਗੁੰਚਾ ਜੋ ਫੁੱਲ ਕੇ ਫੁੱਲ ਹੋਇਆ,
ਘੁਮਰਾਂ ਪਾ ਭੌਰੇ ਮਹਿਮਾ ਗਾਣ ਉਸਦੀ,
ਰੰਗਣਾ ਚੜ੍ਹੀ ਹੈ ਰਾਣੀ ਬਸੰਤ ਤਾਈਂ
ਚੀਨੀ ਵਾਲੇ ਦੇ ਸੰਗ ਪਹਿਚਾਣ ਉਸਦੀ,
ਤਿੱਨਾ ਲੋਕਾਂ ਤੇ ਗੁਰੂ ਦਾ ਨੂਰ ਬਰਸੇ
ਤਪ ਤੇਜ਼ ਜੋ ਸੋਭਾ ਮਹਾਨ ਉਸਦੀ।

ਗੀਤ

## ਵਧਾਈ ਤੇ ਵਧਾਈ ਏ

ਮਿਟਿਆ ਹਨੇਰ ਅਜ ਹੋਈ ਰੁਸ਼ਨਾਈ ਏ,
ਬਸੰਤ ਪੰਚਵੀ ਦੀ ਵਧਾਈ ਤੇ ਵਧਾਈ ਏ,
ਪਾਪੀ ਅਪਰਾਧੀਆਂ ਦੇ ਰੱਸੇ ਜਦੋਂ ਖੁੱਲ ਗਏ,
ਸਿੱਖੀ ਦਸ਼ਮੇਸ਼ ਵਾਲੀ ਉਝੱਾਂ ਲੋਕ ਭੁੱਲ ਗਏ,
ਫੇਰ ਆਇ ਖਾਲਸੇ ਦੀ ਕਰਨ ਰਹਿ ਨੁਮਾਇ ਏ,
ਬਸੰਤ ਪੰਚਵੀ ਦੀ ਵਧਾਈ ਤੇ ਵਧਾਈ ਏ,

ਜੋਤਸ਼ੀ ਨੇ ਕਿਹਾ ਇਹ ਤੇ ਆਇਆ ਭਗਵਾਨ ਏ,
ਸਤਿਗੁਰੂ ਰਾਮ ਸਿੰਘ ਤਾਰਨਾ ਜਹਾਨ ਏ,
ਹੋਏ ਨਾ ਬਿਮਾਨ, ਆਈ ਜੋਤ ਸੌ ਇਲਾਹੀ ਏ,
ਬਸੰਤ ਪੰਜਵੀ ਦੀ ਵਧਾਈ ਤੇ ਵਧਾਈ ਏ।
ਗੁਰਾਂ ਦਾ ਦੀਦਾਰ ਕਰ, ਲੋਕ ਨਹੀਂ ਹੋ ਰੱਜ ਦੇ,
ਰੋਗ ਸੋਗ ਸਾਰੇ ਇਹਨੂੰ ਤੱਕਿਆਂ ਹੀ ਭੱਜ ਦੇ,
ਹਿੰਦੀਆਂ ਦੀ ਬੇੜੀ ਸਤਿਗੁਰਾਂ ਬੱਨੇ ਲਾਈ ਏ,
ਬਸੰਤ ਪੰਚਵੀ ਦੀ ਵਧਾਈ ਤੇ ਵਧਾਈ ਏ,
ਚਰਨਾ ਦੀ ਧੂੜੀ ਮੱਥੇ ਲਾਏ ਅਸਪਾਲ ਏ,
ਗੁਰਾਂ ਦੇ ਦਰਸ ਕੀਤਾ ਨਦਰੀਂ ਨਿਹਾਲ ਏ,
ਸਭ ਦੂਰ ਕੀਤੀ ਮੇਰੇ ਦਾਤੇ ਕਠਿਨਾਈ ਏ,
ਬਸੰਤ ਪੰਚਵੀ ਦੀ ਵਧਾਈ ਤੇ ਵਧਾਈ ਏ,
ਮਿਟਿਆ ਹਨੇਰ ਅਜ ਹੋਈ ਰਸ਼ਨਾਈ ਏ,
ਬਸੰਤ ਪੰਚਵੀ ਦੀ ਵਧਾਈ ਤੇ ਵਧਾਈ ਏ।

— ਦਾਸ ਕਰਨੈਲ ਸਿੰਘ ਅਸਪਾਲ

## ਆਈ ਏ ਬਸੰਤ ਰੁੱਤ...

— ਮਹਿੰਦਰ ਸਿੰਘ ਮਸਤਾਨਾ, ਯੂ.ਕੇ.

ਆਈ ਏ ਬਸੰਤ ਰੁੱਤ, ਖਿੜੀ ਗੁਲਜ਼ਾਰ ਏ,
ਆਜਾ ਮੇਰੇ ਪ੍ਰੀਤਮਾ, ਤੇਰਾ ਇੰਤਜ਼ਾਰ ਏ।
ਤੂੰ ਸੀ ਆਖਿਆ ਬੰਸੰਤ ਨੂੰ ਮੈ ਆਵਾਗਾਂ,
ਕਲਜੁਗ ਵਿਚ ਆਕੇ ਸਤਿਜੁਗ ਮੈਂ ਲਿਆਵਾਂਗਾ।
ਨਾਮ ਜਪੂਗਾ ਸਾਰਾ ਸੰਸਾਰ ਏ,
ਆਜਾ ਮੇਰੇ ਪ੍ਰੀਤਮਾ.........।
ਮਸਤਾਨਿਆਂ ਨੂੰ ਆਖਿਆ ਸੀ ਪਰਸੋਂ ਨੂੰ ਆਵਾਂਗਾ,
ਦੇਰ ਨਹੀਂ ਲਾਵਾਂਗਾ ਮੈਂ ਜਲਦ ਹੀ ਆਵਾਂਗਾ।
ਨਾ ਕੋਈ ਰੂਹ ਦੁਖੀ ਨਾ ਹੀ ਬਿਮਾਰ ਏ,
ਆਜਾ ਮੇਰੇ ਪ੍ਰੀਤਮਾ......।
ਤੇਰੇ ਬਿਨ ਬਸੰਤ ਸਾਨੂੰ ਮੂਲ ਨਾ ਭਾਉਂਦੀ ਏ,
ਰੁੱਤ ਸੁਹਾਵੀ ਬਿਰਹੋਂ ਅਗ ਲਗਾਉਂਦੀ ਏ।
ਕਰ ਪੂਰਾ ਹੁਣ ਆਪਣਾ ਇਕਰਾਰ ਏ,
ਆਜਾ ਮੇਰੇ ਪ੍ਰੀਤਮਾ.......।
ਦੁਨੀਆਂ ਦੇ ਮਿਹਣਿਆਂ ਨੇ ਸੀਨੇ ਸਾਡੇ ਸਿੰਨੇ ਆ,
ਹੋਰ ਸਾਲ ਕਿੰਨੇ ਲੈਂਣੇ, ਕਿੰਨੇ ਹੀ ਮਹੀਨੇ ਆ।
ਆ ਜਾ ਛੇਤੀ ਹੋਰ ਨਾ ਕਰਾ ਇੰਤਜ਼ਾਰ ਏ,
ਆਜਾ ਮੇਰੇ ਪ੍ਰੀਤਮਾ...........।

ਗੜੀ ਮਹਾਂ ਸਿੰਘ,
ਡਾਕ ਅੱਪਰਾ,ਜ਼ਿਲਾ ਜਲੰਧਰ

## ਆਸਿਲ ਚਿਰੀਂ ਵਿਛੁੰਨ

—ਡਾਕਟਰ ਰਣਜੀਤ ਸਿੰਘ ਹੋਮਿਓ

ਦਰਸ਼ਨ ਕਾਰਨ ਸਾਈਆਂ ਤੇਰੇ,
ਨੈਣ ਭਰੇ ਭਰ ਰੁੰਨੇ।
ਸਭ ਕੁਝ ਹੈ ਪਰ ਤੇਰੇ ਬਾਝੋ,
ਮਹਿਲ-ਮੁਨਾਰੇ ਸੁੰਨੇ।
ਚਾੜ੍ਹ ਅਰਸ਼ ਤੂੰ ਗਯੋਂ ਸਾਨੂੰ,
ਹੁਣ ਡਿਗ ਪਏ ਹਾਂ ਭੁੰਨੇ।
ਸੰਗਤ ਪਈ ਉਡੀਕ ਕਰੇਦੀ,
ਆ ਮਿਲ ਚਿਰੀਂ ਵਿਛੁੰਨੇ।



Namdhari Elibrary NamdhariElibrary@gmail.com

# ਖ਼ਬਰਨਾਮਾ

## ਡਾ. ਹਰਸ਼ਿੰਦਰ ਕੌਰ ਦਾ ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰੀ ਸਨਮਾਨ



ਭਾਰਤ ਸਰਕਾਰ ਦੇ ਮਹਿਲਾ ਅਤੇ ਬਾਲ ਭਲਾਈ ਮੰਤਰਾਲੇ ਵੱਲੋਂ ਫੇਸਬੁੱਕ ਰਾਹੀਂ ਕਰਵਾਈ ਗਈ ਪੂਰੇ ਭਾਰਤ ਤੇ ਵਤਨੋਂ ਪਾਰ ਤੋਂ ਹੋਈ ਵੋਟਿੰਗ ਦੇ ਆਧਾਰ ਉੱਤੇ ਵੱਖੋ-ਵੱਖਰੇ ਕਾਰਜ ਖੇਤਰਾਂ ਵਿਚ ਭਾਰਤ ਵਿਚਲੀਆਂ ਅੰਤਰਰਾਸ਼ਟਰੀ ਨਾਮਣਾ ਖੱਟ ਚੁੱਕੀਆਂ 100 ਭਾਰਤੀ ਔਰਤਾਂ ਦੀ ਚੋਣ ਕੀਤੀ ਗਈ। ਇਨ੍ਹਾਂ ਵਿੱਚੋਂ ਮਾਦਾ ਭਰੂਣ ਹੱਤਿਆ ਰੋਕਣ ਦੇ ਵਿਸ਼ੇ ਤੇ ਕਾਰਜਸ਼ੀਲ ਦਾਜ ਵਿਰੁੱਧ ਛੇੜੀ 20 ਸਾਲਾਂ ਤੋਂ ਅਣਥੱਕ ਮੁਹਿੰਮ ਲਈ ਇਕੱਲੀ ਡਾ. ਹਰਸ਼ਿੰਦਰ ਕੌਰ ਪਟਿਆਲਾ ਨੂੰ ਉਸ ਦੇ ਕੰਮ ਸਦਕਾ ਭਾਰਤ ਦੀਆਂ ਚੋਟੀ ਦੀਆਂ 100 ਔਰਤਾਂ ਵਿਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਨੂੰ ਰਾਸ਼ਟਰਪਤੀ ਭਵਨ ਵਿਖੇ 22 ਜਨਵਰੀ 2016 ਨੂੰ ਸਨਮਾਨਿਤ ਕੀਤਾ ਜਾਣਾ ਹੈ।

ਭਾਰਤ ਸਰਕਾਰ ਵੱਲੋਂ ਛਾਪੀ ਜਾ ਰਹੀ ਕਿਤਾਬ, ਜਿਸ ਵਿਚ ਯੂਨਾਈਟਿਡ ਨੇਸ਼ਨਸ ਵੱਲੋਂ ਭਰੂਣ ਹੱਤਿਆ ਲਈ ਕੀਤੇ ਕੰਮਾਂ ਸਦਕਾ ਮਾਨਤਾ ਪ੍ਰਾਪਤ ਇੱਕੋ-ਇੱਕ ਭਾਰਤੀ ਮਹਿਲਾ ਡਾ. ਹਰਸ਼ਿੰਦਰ ਕੌਰ ਬਾਰੇ ਲਿਖਿਆ ਮਾਣ ਪੱਤਰ :-

'ਮਾਣਮੱਤੀ ਧੀ ਪੰਜਾਬ ਦੀ' ਵਜੋਂ ਜਾਣੀ ਜਾਂਦੀ ਅਤੇ ਨੈਸ਼ਨਲ ਦੂਰਦਰਸ਼ਨ ਵੱਲੋਂ 'ਸਟੀਲ ਵੂਮੈਨ ਆਫ ਇੰਡੀਆ, ਐਲਾਨੀ ਡਾ. ਹਰਸ਼ਿੰਦਰ ਕੌਰ ਐਮ.ਡੀ., ਬੱਚਿਆਂ ਦੀ ਮਾਹਿਰ ਅਤੇ ਪ੍ਰੋ. ਪ੍ਰੀਤਮ ਸਿੰਘ ਡੀ.ਲਿਟ. ਦੀ ਧੀ, ਆਜ਼ਾਦੀ ਘੁਲਾਟੀਏ ਤੇ ਸਿੱਖ ਬੁੱਧੀਜੀਵੀ ਪ੍ਰੋ. ਸਾਹਿਬ ਸਿੰਘ ਦੀ ਦੋਹਤਰੀ ਅਤੇ ਡਾ. ਗੁਰਪਾਲ ਸਿੰਘ ਐਮ.ਡੀ. ਦੀ ਪਤਨੀ ਹੈ।

ਡਿਪਟੀ ਮੈਡੀਕਲ ਸੁਪਰਡੈਂਟ ਰਾਜਿੰਦਰਾ ਹਸਪਤਾਲ ਵਜੋਂ ਸੇਵਾ ਨਿਭਾ ਚੁੱਕੀ ਤੇ ਸਰਕਾਰੀ ਮੈਡੀਕਲ ਕਾਲਜ ਵਿਚ ਬਤੌਰ ਅਧਿਆਪਕ ਤੈਨਾਤ ਡਾ. ਹਰਸ਼ਿੰਦਰ ਨੈਸ਼ਨਲ ਅਕਾਦਮੀ ਆਫ ਮੈਡੀਕਲ ਸਾਈਸਿੰਸ ਦੀ ਮੈਂਬਰ ਹੈ।

ਆਪਣੇ ਡਾਕਟਰੀ ਅਧਿਆਪਨ ਤੇ ਖੋਜ ਦੇ ਕਿੱਤੇ ਦੌਰਾਨ ਉਸ ਨੇ ਮਾਦਾ ਭਰੂਣ ਹੱਤਿਆ, ਦਾਜ ਕਾਰਨ ਹੋ ਰਹੀਆਂ ਮੌਤਾਂ ਤੇ ਔਰਤਾਂ ਪ੍ਰਤੀ ਹੁੰਦੇ ਅੱਤਿਆਚਾਰਾਂ ਨੂੰ ਵੇਖ ਕੇ ਉਨ੍ਹਾਂ ਲਈ ਕੰਮਕਾਰ ਕਰਨਾ ਆਰੰਭਿਆ। ਸ਼ੁਰੂ ਵਿਚ ਉਸ ਦਾ ਕਾਰਜ ਖੇਤਰ ਭਾਵੇਂ ਪੰਜਾਬ ਸੀ, ਪਰ ਫਿਰ ਉਸ ਨੇ ਨਾ ਸਿਰਫ਼ ਭਾਰਤ ਦੇ ਹੋਰ ਹਿੱਸਿਆਂ ਵਿਚ, ਬਲਕਿ ਵਤਨੋਂ ਪਾਰ ਵੀ ਆਪਣੀ ਮੁਹਿੰਮ ਚਲਾਈ ਜਿਸ ਵਿਚ ਪਿੰਡਾਂ ਤੇ ਸ਼ਹਿਰਾਂ ਅੰਦਰ ਲੈਕਚਰਾਂ ਰਾਹੀਂ ਟੀ.ਵੀ, ਰੇਡੀਓ ਉੱਤੇ ਪ੍ਰੋਗਰਾਮਾਂ ਰਾਹੀਂ ਜਾਗ੍ਰਤੀ ਫੈਲਾਈ ਅਤੇ ਵੱਖੋ-ਵੱਖ ਅਖ਼ਬਾਰਾਂ ਰਸਾਲਿਆਂ ਰਾਹੀਂ ਵੀ ਲੋਕਾਂ ਤਾਈਂ ਸੁਨੇਹਾ ਪਹੁੰਚਾਇਆ।

ਅੰਤਰਰਾਸ਼ਟਰੀ ਪੱਧਰ ਉੱਤੇ ਉਸ ਨੇ ਹਿਊਮਨ ਰਾਈਟਸ ਕਾਨਫਰੰਸ ਜਨੇਵਾ, ਯੂਨਾਈਟਿਡ ਨੇਸ਼ਨਜ਼, ਬਰਕਲੇ ਯੂਨੀਵਰਸਿਟੀ, ਕੈਲੀਫੋਰਨੀਆ, ਫੈਡਰਲ ਪਾਰਲੀਮੈਂਟ ਆਫ ਅਸਟ੍ਰੇਲੀਆ, ਕੈਨਬੈਰਾ, ਪਾਰਲੀਮੈਂਟ ਆਫ ਕੈਨੇਡਾ, ਓਟਵਾ, ਨਿਊ ਸਾਊਥ ਵੇਲਜ਼ ਪਾਰਲੀਮੈਂਟ, ਅਸਟ੍ਰੇਲੀਆ ਵਿਖੇ ਹਾਜ਼ਰੀ ਲੁਆਈ। ਅੰਤਰਰਾਸ਼ਟਰੀ ਰੇਡੀਓ ਫੈਸਟੀਵੈਲ ਆਫ ਈਰਾਨ ਵੱਲੋਂ ਕਰਵਾਏ ਰੇਡੀਓ ਟਾਕ ਮੁਕਾਬਲੇ ਵਿਚ ਡਾ. ਹਰਸ਼ਿੰਦਰ ਕੌਰ ਦੇ ਮਾਦਾ ਭਰੂਣ ਹੱਤਿਆ ਬਾਰੇ ਕੀਤੀ ਚਰਚਾ ਨੂੰ ਪਹਿਲਾ ਨੰਬਰ ਹਾਸਲ ਹੋਇਆ ਹੈ। ਵੱਖੋ-ਵੱਖਰੇ ਮੁਲਕਾਂ ਦੀਆਂ ਪਾਰਲੀਮੈਂਟਾਂ ਵਿਚ ਆਪਣੇ ਸ਼ਲਾਘਾਯੋਗ ਸਮਾਜ ਸੇਵੀ ਯਤਨਾਂ ਸਦਕਾ ਉਸ ਨੂੰ ਸਨਮਾਨ ਹਾਸਲ ਹੋਏ ਹਨ, ਜਿਨ੍ਹਾਂ ਵਿਚ 'ਕੀ ਟੂ ਦਾ ਸਿਟੀ ਆਫ਼ ਮਿਲਪੀਟਾਸ' ਵੀ ਸ਼ਾਮਲ ਹੈ।

ਹੁਣ ਤਕ 35 ਕਿਤਾਬਾਂ ਲਿਖ ਚੁੱਕੀ ਹਰਸ਼ਿੰਦਰ ਕੌਰ ਨੇ ਨਾ ਸਿਰਫ਼ ਮਾਦਾ ਭਰੂਣ ਹੱਤਿਆ, ਬਲਕਿ ਖ਼ੁਰਾਕ, ਬੱਚਿਆਂ ਦੀ ਸਿਹਤ ਤੇ ਬੀਮਾਰੀਆਂ, ਮਾਂ-ਬੋਲੀ, ਬਾਲਾਂ ਲਈ ਰਚਿਆ ਸਾਹਿਤ, ਔਰਤਾਂ ਉੱਤੇ ਹੁੰਦੇ ਤਸ਼ੱਦਦ, ਮਨੋਵਿਗਿਆਨ ਤੇ ਵਿਗਿਆਨ ਬਾਰੇ ਵੀ ਕਿਤਾਬਾਂ ਲਿਖੀਆਂ ਹਨ। ਨੈਸ਼ਨਲ ਬੁੱਕ ਟਰਸਟ ਵੱਲੋਂ ਅਤੇ ਭਾਰਤ ਸਰਕਾਰ ਦੇ ਇਨਫਾਰਮੇਸ਼ਨ



Namdhari Elibrary NamdhariElibrary@gmail.com

ਬਰਾਡਕਾਸਟਿੰਗ ਮੰਤਰਾਲਾ ਵੱਲੋਂ ਵੀ ਉਸ ਦੀਆਂ ਕਿਤਾਬਾਂ ਛਾਪੀਆਂ ਜਾ ਚੁੱਕੀਆਂ ਹਨ।

ਬੇਹਤਰੀਨ ਤੇ ਬੇਖ਼ੌਫ ਲੇਖਿਕਾ ਵਜੋਂ ਉਸ ਨੂੰ ਨੈਸ਼ਨਲ ਪੱਧਰ ਦੇ ਕਈ ਸਨਮਾਨ ਹਾਸਲ ਹੋ ਚੁੱਕੇ ਹਨ ਤੇ ਰਾਜ ਪੱਧਰੀ, ਡਾ. ਐਮ.ਐਸ ਰੰਧਾਵਾ, ਗੁਰੂ ਹਰਕ੍ਰਿਸ਼ਨ ਐਵਾਰਡ ਵੀ ਹਾਸਲ ਹੋ ਚੁੱਕੇ ਹਨ। ਪਾਕਿਸਤਾਨ ਵੱਲੋਂ ਵੀ 'ਮਸੂਦ ਖੱਦਰਪੋਸ਼ ਐਵਾਰਡ' ਨਾਲ ਸਨਮਾਨਿਤ ਹੋ ਚੁੱਕੀ ਡਾ. ਹਰਸ਼ਿੰਦਰ ਕੌਰ ਦੇ ਲੇਖ ਇਸ ਵੇਲੇ ਪੂਰੀ ਦੁਨੀਆਂ ਵਿਚ ਛਪ ਰਹੇ ਹਨ। ਮਾਦਾ ਭਰੂਣ ਹੱਤਿਆ ਰੋਕਣ, ਔਰਤਾਂ ਦੇ ਹੱਕਾਂ ਪ੍ਰਤੀ ਚੁੱਕੇ ਸ਼ਲਾਘਾਯੋਗ ਕਦਮਾਂ ਅਤੇ 335 ਗਰੀਬ ਬੱਚੀਆਂ ਦੀ ਪੜ੍ਹਾਈ ਦਾ ਖ਼ਰਚਾ ਚੁੱਕਣ ਸਦਕਾ ਉਸਨੂੰ ਰਾਸ਼ਟਰੀ ਪੱਧਰ ਉੱਤੇ ਮਾਨ ਪੱਤਰ ਦਿੱਤਾ ਜਾਂਦਾ ਹੈ।

## ਸਾਊਥਾਲ ਸੰਗਤ ਦੇ ਹਫਤਾ ਵਾਰੀ ਪ੍ਰੋਗਰਾਮ

ਸਾਊਥਾਲ (ਯੂਕੇ) 26 ਦਸੰਬਰ- ਅੱਜ ਨਾਮਧਾਰੀ ਸਿੱਖ ਸੈਂਟਰ ਸਾਉਥਾਲ ਵਿਖੇ ਹਫਤਾ ਵਰੀ ਪ੍ਰੋਗਰਾਮ 'ਚ ਨਾਮ-ਸਿਮਰਨ ਅਤੇ ਕਥਾ-ਕੀਰਤਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸ਼ਾਮ 6 ਵਜੇ ਨਾਮ-ਸਿਮਰਨ ਨਾਲ ਹੋਈ। ਉਪਰੰਤ ਉਸਤਾਦ ਹਰਭਜਨ ਸਿੰਘ ਦੇ ਜਥੇ ਨੇ ਮਨੋਹਰ ਕੀਰਤਨ ਕੀਤਾ। ਫਿਰ ਅਨਜਾਣ ਸੱਗੂ ਨੇ ਸਾਹਿਬ ਜ਼ਾਦਿਆ ਦੀ ਸ਼ਹੀਦੀ ਬਾਰੇ ਗਲ ਕੀਤੀ। ਛੋਟੇ ਸਾਹਿਬ ਜਾਦੇ ਸਿੱਖੀ ਤੇ ਦ੍ਰਿੜ ਰਹੇ ਅਤੇ ਜਾਨਾ ਵਾਰ ਦਿੱਤੀਆ। ਅਸੀ ਉਹਨਾਂ ਦੇ ਜੀਵਨ ਤੋਂ ਪ੍ਰੇਰਣਾ ਲਈਏ ਅਤੇ ਦਸਮ ਪਾਤਸ਼ਾਹ ਦੇ ਦਿੱਤੇ ਸਿੱਖੀ ਸਰੂਪ ਨੂੰ ਦਾਗ ਨ ਲੱਗਣ ਦਈਏ। ਅੰਤ 'ਚ ਸੂਬਾ ਕੁਲਦੀਪ ਸਿੰਘ ਚਾਨਾ ਨੇ ਸੰਤ ਸਤਬਚਨ ਸਿੰਘ ਦਿਓਰਾ ਦੇ ਯੂਕੇ ਨਾਮਧਾਰੀ ਜਗਤ 'ਚ ਯੋਗਦਾਨ ਬਾਰੇ ਗੱਲ ਕੀਤੀ। ਅੱਜ ਦਾ ਪ੍ਰੋਗਰਾਮ ਸੰਤਾਂ ਦੀ ਯਾਦ ਵਿਚ ਸੰਤਾਂ ਦੇ ਪਰਵਾਰ ਵੱਲੋਂ ਸੀ।

ਹੇਜ਼ (ਯੂਕੇ) 27 ਦਸੰਬਰ – ਅੱਜ ਨੌਜਵਾਨ ਤਰਸੇਮ ਸਿੰਘ ਚਾਨਾ (ਸਪੁੱਤਰ ਸੰ ਕਿਰਪਾਲ ਸਿੰਘ ਚਾਨਾ) ਦੇ ਗ੍ਰਹਿ ਇਥੇ ਆਸਾ ਦੀ ਵਾਰ ਅਤੇ ਹਵਨ ਦਾ ਪ੍ਰੋਗਰਾਮ ਸੀ। ਆਸਾ ਦੀ ਵਾਰ ਉ. ਹਰਭਜਨ ਸਿੰਘ ਦੀ ਅਗਵਾਈ ਵਿਚ ਲਗਾਈ ਗਈ। ਨੌਜਵਾਨ ਗੁਰਮੀਰ ਸਿੰਘ ਗਾਇਨ ਵਿਚ ਅਤੇ ਸਰਬਜੀਤ ਸਿੰਘ ਡੋਗਰਾ ਤਬਲੇ ਦੀ ਤਾਲ ਨਾਲ ਉਸਤਾਦ ਜੀ ਦਾ ਬਖ਼ੂਬੀ ਸਾਥ ਦੇ ਰਹੇ ਸਨ ਉਹਨਾਂ ਸ਼ਬਦ ਪੜੇ

ਹਉ ਢੂਢੇਦੀ ਸਜਨ-ਰਾਗ ਆਸਾ ਹਰਿ ਕੋ ਨਾਮ - ਗੁਨਕਲੀ

ਦਰਸ ਮਾਗਾਓ ਦੇਹੁ ਪਿਆਰੇ- ਰਾਗ ਆਸਾ

ਪੂਜਉ ਰਾਮ ਏਕ ਹੀ ਦੇਵ- ਰਾਗ ਭੈਰਵ

ਕੀਰਤਨ ਹੋਆ ਰੈਨ ਸਬਵਈ- ਰਾਗ ਭੈਰਵ

ਅੰਤ ਪਾਵਤ ਦੇਣ ਸਬੇ- ਰਾਗ ਦੇਵਗੰਧਾਰੀ

ਮਾਨ ਕਰਉ ਤੁਧ ਊਪਰੇ- ਰਾਗ ਬਿਲਾਵਲ

ਜਿਨ ਨਾਮ ਤਿਹਾਰੋ ਕਹਾ- ਬੰਦਿਸ਼- ਰਾਗ ਬਿਲਾਵਲ

ਜਦੋਂ ਸੰਗਤ ਰੱਬੀ ਬਾਣੀ ਦੇ ਗਾਇਨ ਦਾ ਅਨੰਦ ਲੈ ਰਹੀ ਸੀ ਉਸੀ ਸਮੇਂ ਬਾਹਰ ਗਾਰਡਨ 'ਚ ਦੋ ਹਵਨ ਵੀ ਕੀਤੇ ਗਏ। ਕੁਛ ਕਣੀਆਂ ਅਤੇ ਹਵਾ ਦੇ ਬਾਵਜੂਦ ਹਵਨ ਨਿਰਵਿਘਨ ਸੰਪਨ ਹੋਏ। ਨੌਜਵਾਨਾਂ ਕਰਤਾਰ ਸਿੰਘ ਭੋਗਲ ਅਤੇ ਜਵੰਧ ਸਿੰਘ ਘਟੌੜੇ ਨੇ ਹਵਨਾਂ ਵਿਚ ਹਾਜਰੀ ਭਰੀ। ਸਮਾਪਤੀ ਦੀ ਅਰਦਾਸ ਤੋ ਬਾਦ ਚਾਨਾ ਪਰਵਾਰ ਨੇ ਆਈ ਸੰਗਤ ਦਾ ਧੰਨਵਾਦ ਕੀਤਾ।

ਸਕੱਤਰ

ਨਾਮਧਾਰੀ ਸਿੱਖ ਸੰਗਤ ਸਾਊਥਾਲ

## ਡਾ. ਦਰਸ਼ਨ ਸਿੰਘ 'ਆਸ਼ਟ' ਚੌਥੀ ਵਾਰ ਪੰਜਾਬੀ ਸਾਹਿਤ ਸਭਾ ਪਟਿਆਲਾ (ਰਜਿ.) ਦੇ ਪ੍ਰਧਾਨ

ਪਟਿਆਲਾ—10 ਜਨਵਰੀ ਨੂੰ ਇੱਥੇ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤ ਅਕਾਡਮੀ ਅਵਾਰਡੀ ਡਾ. ਦਰਸ਼ਨ ਸਿੰਘ 'ਆਸ਼ਟ' (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੂੰ ਦੋ ਸਾਲ 2016-17 ਲਈ ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਦਾ ਚੌਥੀ ਵਾਰੀ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਉਘੇ ਲੇਖਕਾਂ ਸ. ਕੁਲਵੰਤ ਸਿੰਘ ਸਮੇਤ ਡਾ. ਗੁਰਬਚਨ ਸਿੰਘ ਰਾਹੀ, ਪ੍ਰੋਫੈਸਰ ਕੁਲਵੰਤ ਸਿੰਘ ਗਰੇਵਾਲ, ਪ੍ਰੋ. ਸੁਭਾਸ਼ ਸ਼ਰਮਾ ਅਤੇ ਸ.ਅਤਿੰਦਰਪਾਲ ਸਿੰਘ ਨੇ ਡਾ. ਆਸ਼ਟ ਦੇ ਨਾਂ ਨੂੰ ਪ੍ਰਵਾਨਗੀ ਦਿੱਤੀ ਜਿਸ ਨੂੰ ਸਮੂਹ ਲੇਖਕਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ? ਇਸ ਮੌਕੇ ਡਾ. ਦਰਸ਼ਨ ਸਿੰਘ ਆਸ਼ਟ ਨੇ ਆਪਣੀ ਸਮੁੱਚੀ ਕਾਰਜਕਾਰਨੀ ਟੀਮ ਨੂੰ ਮੁੜ ਸਰਬਸੰਮਤੀ ਨਾਲ ਚੁਣੇ



Namdhari Elibrary NamdhariElibrary@gmail.com



ਜਾਣ ਤੇ ਸਭਾ ਦੇ 150 ਲਿਖਾਰੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਟੀਮ ਨਾਲ ਮਾਂ ਬੋਲੀ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਯੋਗਦਾਨ ਪਾਉਣ ਲਈ ਨਵੀਂ ਪੀੜ੍ਹੀ ਲਈ ਸਾਹਿਤ ਰਚਨਾ ਵਰਕਸ਼ਾਪਾਂ ਦਾ ਆਯੋਜਨ ਕਰਨ ਦੀਆਂ ਵਿਸ਼ੇਸ਼ ਕੋਸ਼ਿਸ਼ ਕਰਨਗੇ?

ਮੰਚ ਦੀ ਕਾਰਵਾਈ ਸ੍ਰੀ ਦਵਿੰਦਰ ਪਟਿਆਲਵੀ ਅਤੇ ਬਾਬੂ ਸਿੰਘ ਰੈਹਲ ਨੇ ਖੂਬਸੂਰਤੀ ਨਾਲ ਚਲਾਈ?

(ਦਵਿੰਦਰ ਪਟਿਆਲਵੀ) ਪ੍ਰੈਸ ਸਕੱਤਰ

## ਕੋਮਲ-ਚਿੱਤ ਬੱਚੀ ਦੀ ਮੌਤ: ਵੱਡਾ ਸਬਕ

ਕੁਝ ਅਰਸਾ ਪਹਿਲਾਂ ਇੱਕ ਦਰਦ ਨਾਕ ਘਟਨਾਦੀ ਖ਼ਬਰ ਦੇਖਣ-ਪੜ੍ਹਨ ਨੂੰ ਮਿਲ਼ੀ।

ਜੋਧਪੁਰ ਦੇ ਇੱਕ ਪਬਲਿਕ ਸਕੂਲ ਵਿੱਚ ੯ ਵੀਂ ਜਮਾਤ ਵਿੱਚ ਪੜ੍ਹਦੀ ੧੩ ਕੁ ਸਾਲ ਦੀ ਇੱਕ ਕੁੜੀ, ਪਿੰਕੀ ਨੂੰ ਨਾ ਪਸੰਦ ਕੀਤੇ ਜਾਣ ਯੋਗ ਮਖ਼ੌਲ ਨਾਲ਼ ਮਤੀਰਾ ( ਤਰਬੂਜ਼) ਕਹਿਕੇ ਚਿੜਾਇਆ। ਪਿੰਕੀ ਨੂੰ ਇਹ ਮਖ਼ੌਲ ਭੈੜਾ ਲੱਗਾ। ਉਹਦੇ ਮਨ ਉੱਤੇ ਸੱਟ ਵੱਜੀ। ਉਹ ਨੇ ਮੁੰਡੇ ਦੇ ਥੱਪੜ ਮਾਰ ਦਿੱਤਾ। ਮੁੰਡੇ ਨੇ ਅਧਿਆਪਕ ਕੋਲ਼ ਸ਼ਿਕਾਇਤ ਕਰ ਦਿੱਤੀ। ਅਧਿਆਪਕ ਨੇ



ਸਮੱਸਿਆ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਉਹਨੂੰ ਪਿੰਕੀ ਵੱਲੋਂ ਮਾਰੇ ਗਏ ਥੱਪੜ ਦਾ 'ਖੜਾਕ ਤਾਂ ਸੁਣਾਈ ਦੇ ਗਿਆ, ਪਰ ਮੁੰਡੇ ਵੱਲੋ ਮਾਰੀ ਗਈ ਭੱਦੀ ਸ਼ਰਾਰਤ ਦੀ ' ਗੁੱਝੀ ਸੱਟ ਦਿਖਾਈ ਨਹੀਂ ਦਿੱਤੀ। ਗੱਲ ਪ੍ਰਿੰਸੀਪਲ ਤੱਕ ਪਹੁੰਚੀ। ਪਰ ਉੱਚ ਵਿੱਦਿਆ-ਪ੍ਰਾਪਤ ਪ੍ਰਿੰਸੀਪਲ ਨੇ ਵੀ ਪਿੰਕੀ ਦੀ ਪੀੜ ਨੂੰ ਮਹਿਸੂਸ ਨਹੀਂ ਕੀਤਾ ਤੇ ਗੱਲ ਅਣਸੁਣੀ ਕਰ ਦਿੱਤੀ ।

ਸਕੂਲ -ਪ੍ਰੰਬਧਕਾਂ ਵੱਲੋਂ ਅਣਗੌਲ਼ਿਆਂ ਕੀਤੇ ਜਾਣ ਸਦਕਾ ਪਿੰਕੀ ਨੂੰ ਮਹਿਸੂਸ ਹੋਇਆ ਕਿ ਉਸ ਨਾਲ ਬੇਇਨਸਾਫ਼ੀ ਹੋ ਰਹੀ ਹੈ। ਇਸ ਨਾਲ ਉਹਦੀ ਮਾਨਸਿਕ ਪੀੜ ਵਿੱਚ ਹੋਰ ਵਾਧਾ ਹੋ ਗਿਆ। ਇਸ ਪੀੜ ਨਾਲ ਅੰਦਰੇ-ਅੰਦਰ ਘੁਲਦੀ ਪਿੰਕੀ ਘਰ ਆ ਕੇ ਆਪਣੇ ਪਿਤਾ ਨੂੰ ਕਿਹਾ ਕਿ ਉਹ ਸਕੂਲ ਬਦਲਣਾ ਚਾਹੁੰਦੀ ਹੈ ਤੇ ਆਪਣੇ ਛੋਟੇ ਭਰਾ ਨੂੰ ਵੀ ਕਿਸੇ ਹੋਰ ਸਕੂਲ ਵਿੱਚ ਪਾਉਣਾ ਚਾਹੁੰਦੀ ਹੈ। ਪਿਤਾ ਨੇ ਵੀ ਸਮੱਸਿਆ ਨੂੰ ਮਾਮੂਲੀ ਗੱਲ ਸਮਝ ਕੇ ਟਾਲ ਦਿੱਤਾ।

ਜਦੋਂ ਪਿੰਕੀ ਦੀ ਪੀੜ ਨੂੰ ਸ਼ਾਂਤ ਕਰਨ ਲਈ ਉਸ ਉੱਤੇ ਕਿਸੇ ਨੇ ਵੀ ਠੰਢੀ ਪੱਟੀ ਨਹੀਂ ਰਖੀ ਤਾਂ ਉਹ ਸਭ ਪਾਸੇ ਤੋਂ ਉਪਰਾਮ ਹੋ ਗਈ। ਉਹਨੇ ਆਪਣੇ ਪਿਤਾ ਦੇ ਨਾਂ ਚਿੱਠੀ ਲਿਖੀ।

ਮੁੰਡੇ ਦੀ ਸ਼ਰਾਰਤ ਦਾ ਅਤੇ ਅਧਿਆਪਕ ਤੇ ਪ੍ਰਿੰਸੀਪਲ ਦੇ ਰਵੱਈਏ ਦਾ ਜ਼ਿਕਰ ਕੀਤਾ ਤੇ ਫਾਂਸੀ ਲੈ ਲਈ। ਹੋਣਹਾਰ ਪਿੰਕੀ ਤਾਂ ਇਸ ਸੰਸਾਰ ਤੋਂ ਵਿਦਾ ਹੋ ਗਈ, ਪਰ ਅਧਿਆਪਨ-ਜਗਤ ਵਾਸਤੇ, ਮਾਪਿਆਂ ਵਾਸਤੇ ਅਤੇ ਸਮੁੱਚੇ ਸਮਾਜ ਵਾਸਤੇ ਇੱਕ ਬਹੁਤ ਵੱਡਾ ਸਬਕ ਛੱਡ ਗਈ।

—ਜਗਦੀਸ਼ ਕੌਸ਼ਲ



Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
੨੦੦ ਵੇਂ ਪ੍ਰਕਾਸ਼-ਪੁਰਬ ਦੀ
ਲੱਖ-ਲੱਖ ਵਧਾਈ

**Surinder Singh**
**Prop.**



# SRS Display Systems

**Sant Nagar. Chachoki Phagwara**

**9814555619, 9803998805, www.srsdisplaysystems.com**

# SRS Auto Parts

**9803998805**




Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
੨੦੦ ਵੇਂ ਪ੍ਰਕਾਸ਼-ਪੁਰਬ ਦੀ
ਲੱਖ-ਲੱਖ ਵਧਾਈ



# JAIN HOSPITAL

## A MULTI SPECIALITY CENTRE

**Dr. Deepak Jain**
B.A.M.S M.D. (A.M)

**Dr. Nidhi Jain**
B.A.M.S

महीने के पहले मंगलवार को O.P.D. फीस नही ली जाती।

**PREET NAGAR, NEAR DUSSHERA GROUND,**
**SHIMLAPURI, LUDHIANA.**
**PH.: 0161-2501980 (M) 93563-12567**



Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
੨੦੦ ਵੇਂ ਪ੍ਰਕਾਸ਼-ਪੁਰਬ ਦੀ
ਲੱਖ-ਲੱਖ ਵਧਾਈ

# ROYAL CONSTRUCTION

## *Contractors & Engineers*

*(Civil & Interior Works)*

**C-156, SECTOR-21, NOIDA-201301 (U.P.)**



## R.K. MISHRA

**Properietor**
**(Civil Engineer)**
**RCON**
**PH. 2547052**
**MOB. 9810613647**




Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
200ਵੇਂ ਪ੍ਰਕਾਸ਼-ਪੁਰਬ ਦੀ
ਸਮੂਹ ਮਨੁੱਖਤਾ ਨੂੰ
ਲੱਖ-ਲੱਖ ਵਧਾਈ

STOREX
GENUINE SINCE 1935











STOREX BATTERIES

**OFFICE :** *LADOWALI ROAD, JALANDHAR CITY*
*PHONE : 0181-2235623*
**FACTORY :** *D-72, FOCAL POINT, JALANDHAR CITY.*
*MOBILE : 98155-04567, 98723-70077*



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼-ਪੁਰਬ ਦੀ
ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ

dhf®

# Dynamic Hydrofab




**Specialize in :-**

- Hydraulic Cylinders
- Tipping Cylinders
- Power Packs
- Broaching Machines

Tel. : 011-65161841
Telefax : 011-27834388
Mob. : 93501-84284
e-mail : dhf@dfh.in
e-mail : dhfdelhi@gmail.com
web : www.dhf.in



ਪਰਗਟ ਸਿੰਘ ਬਾਜਵਾ

# Dynamic Hydrofab

B-195, Libaspur Road, Samaipur, Delhi-110042



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਵੇਂ ਪ੍ਰਕਾਸ਼-ਪੁਰਬ ਦੀ ਲੱਖ-ਲੱਖ ਵਧਾਈ




SJS

INTERNATIONAL

K-17, Rajouri Gardens, New Delhi - 110027

Tel :- +91-11-25012364 Mobile: 9810642106, 9910009001

**Importers of Confectionary food products**

(Heinz Products, Kellogg's, Mineral Water, Fox, Pringle, Nescafe Coffee, Nando's, Herbal Tea, All range of Noodles, Soya Sauce, Sundried Tomato, Quinoa, Detergents & Comfort)

Suramrit Singh Hanspal, 9810642106

suramrit@gmail.com,

Sunder Singh Hanspal 9910009001

sunderhanspal@gmail.com




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ ਵੇਂ ਪ੍ਰਕਾਸ਼-ਪੁਰਬ ਦੀ

ਲੱਖ-ਲੱਖ ਵਧਾਈ

ਨਾਮਧਾਰੀ ਪੰਜਾਬੀ ਸਾਹਿਤ ਸਭਾ ਇਲਾਕਾ

ਸ੍ਰੀ ਜੀਵਨ-ਨਗਰ-(ਸਿਰਸਾ)

ਹੈੱਡ ਆਫਿਸ-ਮਸਤਾਨਗੜ੍ਹ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
੨੦੦ ਵੇਂ ਪ੍ਰਕਾਸ਼-ਪੁਰਬ ਦੀ
ਲੱਖ-ਲੱਖ ਵਧਾਈ






Makhan Singh
98990-14030



Thekedar
Sulkhan Singh
98111-14030



Sewa Singh
99999-84030

S.S. NAMDHARI & SON'S

(One stop for all kind of building solutions)

ਜਨਤਾ ਕਲੋਨੀ

ਨਵੀਂ ਦਿੱਲੀ-110027

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼-ਪੁਰਬ ਦੀ
ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ

Namdhari's

ICE CREAM & BAKERS

ਨਾਮਧਾਰੀ ਆਈਸ ਕ੍ਰੀਮ





ਹਰਪਾਲ ਸਿੰਘ



ਜਥੇਦਾਰ ਮਨਜੀਤ ਸਿੰਘ ਰਾਗੀ



ਨਵਨੀਤ ਸਿੰਘ



The Taste of Quality & Purity

ਬਜਾਰ ਦਾ ਨਾ ਛਕਨ ਵਾਲੇ ਵੀ ਨਾਮਧਾਰੀ ਆਈਸ ਕ੍ਰੀਮ ਛੱਕ ਸਕਦੇ ਹਨ
ਸੋਧੀਆਂ ਲਈ ਖਾਸ (Flavour) ਬਣਾਏ ਜਾਂਦੇ ਹਨ।

J-38, Najafgarh Road, Ramesh Nagar,
Opp. Khetarpal Hospital,
Near Metro Pillar No. 363, New Delhi-110015
E-mail- namdharisicecreamandbakers@gmail.com

Ph.+ 919711022005




Namdhari Elibrary NamdhariElibrary@gmail.com



ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ ਵੇਂ
ਪ੍ਰਕਾਸ਼-ਪੁਰਬ ਦੀ ਲੱਖ-ਲੱਖ ਵਧਾਈ

# PEE VEEIMPEX

PUNEET BANSAL
VIKRANT KAMAL

HAND TOOLS, WROUGHT IRON COMPONENTS,
COMPLETE GATES FENCES & RAILING

Tel: +91-161-4616644
Fax: +91-161-5017725
Mob: +91-97790-00044

E-mail : puneet@peeveeimpex.com
puneetbansal20@gmail.com
web: www.peeveeimpex.com

ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ ਵੇਂ
ਪ੍ਰਕਾਸ਼-ਪੁਰਬ ਦੀ ਲੱਖ-ਲੱਖ ਵਧਾਈ



Surinder Gupta    Vivek Gupta

# Krishna Box Factory



Manufacturers of : Cardboard Boxes,
Carrugated Boxes & All Kinds of Quality Offset Printing

OPP. BALWINDRA TOOLS, CAMPA COLA ROAD,
DHANDARI KALAN, LUDHIANA. MOB. 98726-11011



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ ਵੇਂ
ਪ੍ਰਕਾਸ਼-ਪੁਰਬ ਦੀ ਲੱਖ-ਲੱਖ ਵਧਾਈ

# B & B TECHNO CONTRACTS

**Construction – Interior – Landscape _ Marbles**

**Hospitality, Institutional, Corporate & Industrial Projects turnkey basis or specialized items basis.**

Contact Us:511 Aggarwal Cyber Plaza – I
NetajiSubhash Place,
Pitampura, WazirpurDistt. Centre
Delhi – 110034,
Call:011-42470388, (M) 9810088769
9810988769

Email:bbtcdelhi@gmail.com, Website:bbtcindia.com.

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ ਵੇਂ
ਪ੍ਰਕਾਸ਼-ਪੁਰਬ ਦੀ ਲੱਖ-ਲੱਖ ਵਧਾਈ

# POOJA BHANDARI APPARELS




**Indian, Indo- Western& Western Women Dresses**

**Ready to Wear: Suits, Saris, Lahangas & Drape Saris & Customized Tailoring**

Contact Us:1st **Floor**, 1, Shiva Enclave. Pitampura, Delhi – 110034,
Call:011-47450906, (M) 9999477133
Email:poojabhandariapparels@outlook.com, Poojabhandari@live.com



Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ ਵੇਂ ਪ੍ਰਕਾਸ਼-ਪੁਰਬ ਦੀ ਲੱਖ-ਲੱਖ ਵਧਾਈ

# GYAN JYOTI MODERN SCHOOL

**(Recognised)**





**MANGALJIT SINGH**
Secretary-Vishwa Namdhari Vidyak Jatha
Secretary-Delhi Punjabi Teachers Association(Regd.)

**AMARJIT SINGH**
Member (Governing Body) - Punjabi Academy, Govt. of NCT of Delhi
Chairman(Primary Wing )- Co-Ordination Committee of Public Schools

**WZ-33/2. Gurudwara Road, Sant Garh, M.B.S. Nagar, New Delhi-110018**

ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ ਵੇਂ ਪ੍ਰਕਾਸ਼-ਪੁਰਬ ਦੀ ਲੱਖ-ਲੱਖ ਵਧਾਈ






# DHANJAL ENGG. WORKS

*Mfg of : All Type of Hydraulic Presses (40 Tonnes to 1000 Tonnes Capacity), Hydraulic Multipurpose Cutting Press, Hydraulic Shearing Cutter, Deep Draw Press, Hydraulic Notching Pres, Hydraulic Power Pack and Other Jigs*

**Plot No. 114-115, HSIIDC, Ind. Estate, SIRSA-125055**

**Cell. +91-98963-41838, +91-99960-20838, E-mail : info@dhanjalhydraulics.com**



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਦੇ ੨੦੦ ਵੇਂ ਪ੍ਰਕਾਸ਼-ਪੁਰਬ ਦੀ
ਲੱਖ-ਲੱਖ ਵਧਾਈ



R
# Royal India

**Specialists in:**
**Machinery Spare & Equipment**
**as per Customer Requirment**



## 251, Rajender Nagar Indl. Area,

**P.O. Mohan Nagar, Ghaziabad-201007 (U.P.)**
**E-mail: royalindia251@yahoo.com**

Amar Singh
Mob. 9971500050

ਦੀਨ ਦੁਨੀ ਦੇ ਵਾਲੀ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਦੇ ੨੦੦ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਗਤਾਂ,
ਦੇਸ਼ ਭਗਤਾ ਤੇ ਸਨੁਖਤਾ ਦਾ ਭਲਾ ਚਾਹੁਣ ਵਾਲਿਆਂ ਨੂੰ
ਲੱਖ ਲੱਖ ਵਧਾਈ



# ਨਾਮਧਾਰੀ ਸਾਧ ਸੰਗਤ, ਸਿਰਸਾ (ਹਰਿਆਣਾ)



ਨਾਮਧਾਰੀ ਗੁਰਦੁਆਰਾ ਨਾਮਧਾਰੀ ਸੰਗਤ ਸਿਰਸਾ (ਹਰਿਆਣਾ)

ਲਖਬੀਰ ਸਿੰਘ ਪ੍ਰਧਾਨ



Namdhari Elibrary NamdhariElibrary@gmail.com

ਦੀਨ ਦੁਨੀ ਦੇ ਵਾਲੀ
ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
੨੦੦ਵੇਂ ਪ੍ਰਕਾਸ਼ ਪੁਰਬ ਦੀ
ਸਮੂਹ ਪ੍ਰਭੂ ਭਗਤਾਂ, ਦੇਸ਼ ਭਗਤਾਂ ਤੇ
ਮਨੁੱਖਤਾ ਦਾ ਭਲਾ ਚਾਹੁਣ
ਵਾਲਿਆਂ ਨੂੰ

ਲੱਖ ਲੱਖ ਵਧਾਈ




GROWTH ASSOCIATES

GARCHA COMPLEX Village Nichi Mangli
P.O Rampur, Ludhiana

GROWTH

Iqbal Singh Matharu (Er.)
VPO- Lalton Kalan, Ludhiana

Davinderpal Singh Matharu (Er.)
VPO- Lalton Kalan, Ludhiana

Email:growthassociates@gmail.com,
growthassociates@hotmail.com

Mobile:+91-9653439907,
+ 91-8566952457






Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
ਦੋ੦੦ਵੇਂ ਪ੍ਰਕਾਸ਼-ਪੁਰਬ ਦੀ
ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ



Spl. Invittee,
Suba Committee
Jr. Er. Association
Powercom (Pb.)
Ph. 94178-78521,
96461-16699

Vidyak Jatha, Dasuya
Er. Balwant Singh JE
Secy. Namdhari




ਸੰਤ ਰਾਜਬੀਰ ਨਾਮਧਾਰੀ ਪਹਿਲਵਾਨ ਸਪੁੱਤਰ ਸੰਤ ਗੁਰਦੀਪ ਸਿੰਘ ਨਾਮਧਾਰੀ ਕਾਨੂਗੋ ਨੇ ਆਲ ਇੰਡੀਆ ਪੁਲਿਸ ਪਹਿਲਵਾਨੀ ਖੇਡਾਂ ਜੋ ਕਿ ਮਧੂਬਨ ਹਰਿਆਣਾ ਵਿਖੇ 6-12-15 ਤੋਂ 11-12-15 ਤਕ ਹੋਈਆਂ ਜਿਸ ਵਿੱਚ 65 ਕਿਲੋ ਵਰਗ ਵਿਚ ਕਾਂਸੀ ਦਾ ਪਦਕ ਜਿੱਤਿਆ ਇਹ ਉਹਨਾਂ ਦਾ ਚੌਥਾ ਆਲ ਇੰਡੀਆ ਪੁਲਿਸ ਮੈਡਲ ਹੈ। ਇਹ ਸਭ ਕੁਝ ਸ੍ਰੀ ਸਤਿਗੁਰੂ ਜਗਜੀਤ ਜੀ ਦੀ ਰਾਜਬੀਰ ਨੂੰ ਦਿੱਤੀ ਥਾਪੀ ਸਦਕਾ ਹੈ।
ਤਸਵੀਰ ਵਿੱਚ ਜਸਪਾਲ ਸਿੰਗਲ (ਆਈ.ਪੀ.ਐਸ. ਡੀ.ਜੀ.ਪੀ. ਹਰਿਆਣਾ ਆਪਣੇ ਸਾਥੀਆਂ ਸਮੇਤ ਰਾਜਬੀਰ ਨੂੰ ਸਨਮਾਨਿਤ ਕਰਦੇ ਹੋਏ।




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼-ਪੁਰਬ ਦੀ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ



Prop. : Gurjit Singh

J.S.P.®
LAWN MOWERS & GARDEN TOOLS

J.S.P. LAWN MOWERS & GARDEN TOOLS
Works : Gurukirpa Colony, Village Jaspal Bangar, Industrial Area-C, LUDHIANA.
Godown : Passi Chowk, Pakhowal Road, LUDHIANA.
e-mail : jsp.ludhiana@gmail.com Website : www.jspgardentools.in
Phone:01612561364 Mobile:09815166720




Namdhari Elibrary NamdhariElibrary@gmail.com

ਦੀਨ ਦੁਨੀ ਦੇ ਵਾਲੀ

ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ

੨੦੦ਵੇਂ ਪ੍ਰਕਾਸ਼ ਪੁਰਬ ਦੀ

ਸਮੂਹ ਪ੍ਰਭੂ ਭਗਤਾਂ,

ਦੇਸ਼ ਭਗਤਾਂ ਤੇ

ਮਨੁੱਖਤਾ ਦਾ ਭਲਾ ਚਾਹੁਣ

ਵਾਲਿਆਂ ਨੂੰ

# ਲੱਖ ਲੱਖ ਵਧਾਈ





ਗੁਰ ਰਤਨ ਸਿੰਘ

ਮੈਨੇਜਰ

ਯੂਨੀਅਨ ਬੈਂਕ ਆਫ ਇੰਡੀਆ

# ਕੋਟਿ ਕੋਟਿ ਪ੍ਰਣਾਮ



ਨਰਾਇਣ ਸਿੰਘ

ਪ੍ਰਧਾਨ

ਨਾਮਧਾਰੀ ਸੰਗਤ ਜਲੰਧਰ



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ
ਪ੍ਰਕਾਸ਼-ਪੁਰਬ ਦੀ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈ



ਸ. ਹਰਭਜਨ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਇੱਕ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ



# M/S HARBHAJAN SARABJEET & ASSOCIATES

## Engineers & Contractor

A-16,17 N-4, CIDCO Aurangabad,431003
Phone-0240-2482016
email- hsa_associates@yahoo.com

# M/S PAL ESTATE DEVELOPERS

## Builders & Developers

Plot No. 6 N-2, CIDCO Aurangabad, 431003
Phone-0240-2480617

Namdhari Elibrary NamdhariElibrary@gmail.com

P.O. Regd. No. PB/JL-016/2015-2017 **WARIAM** Ladowali Road, Jalandhar -144001
Regd. RNI No. 26453/75 **February :2016**

# Reliable Performance




**Consistence Performers, Suited to all market needs with high yield, quality & disease resistant.**

NS

**NAMDHARI SEEDS PVT. LTD.**

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel. : 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289, ਮੋਬਾਇਲ- 98143-18720

Namdhari Elibrary NamdhariElibrary@gmail.com